25-JAN-PAGE-1.qxd 1/24/2023 9:35 PM Page 1

ਬੁੱਧਵਾਰ, 25 ਜਨਵਰੀ, 2023
12 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 236

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 25 JANUARY, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

## ਚੰਡੀਗੜ੍ਹ ਜ਼ਿਲ੍ਹਾ ਕੋਰਟ 'ਚ ਬੰਬ ਦੀ ਅਫਵਾਹ

**ਚੰਡੀਗੜ੍ਹ** : ਇੱਥੇ ਜ਼ਿਲ੍ਹਾ ਕੋਰਟ ਵਿਚ ਬੰਬ ਦੀ ਸੂਚਨਾ ਨਾਲ ਹੜਕੰਪ ਮਚ ਗਿਆ। ਪੁਲਸ ਨੂੰ ਮਿਲੇ ਪੱਤਰ ਵਿਚ ਕਿਹਾ ਗਿਆ ਸੀ ਕਿ ਇਕ ਗੱਡੀ ਵਿਚ ਬੰਬ ਰੱਖਿਆ ਗਿਆ ਹੈ, ਜਿਹੜਾ ਇਕ ਵਜੇ ਫਟ ਜਾਵੇਗਾ। ਚਾਰ ਘੰਟਿਆਂ ਦੀ ਤਲਾਸ਼ੀ ਦੌਰਾਨ ਇਕ ਕੈਰੀ ਬੈਗ ਵਿਚ ਟਿਫਨ ਤੇ ਬੋਤਲ ਮਿਲੀ। ਫੌਜ ਦੀ ਟੀਮ ਨੂੰ ਜਾਂਚ ਕੋਈ ਸ਼ੱਕੀ ਚੀਜ਼ ਨਹੀਂ ਮਿਲੀ।

## ਭੁਚਾਲ ਦੇ ਤਕੜੇ ਝਟਕੇ

**ਨਵੀਂ ਦਿੱਲੀ** : ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਦੇ ਕੁਝ ਹਿੱਸਿਆਂ 'ਚ ਮੰਗਲਵਾਰ ਭੁਚਾਲ ਦੇ ਜ਼ਬਰਦਸਤ ਝਟਕੇ ਮਹਿਸੂਸ ਕੀਤੇ ਗਏ। ਭੁਚਾਲ ਘੱਟ ਤੋਂ ਘੱਟ 15 ਸਕਿੰਟਾਂ ਤੱਕ ਰਿਹਾ, ਜਿਸ ਕਾਰਨ ਲੋਕ ਆਪਣੇ ਘਰਾਂ ਅਤੇ ਦਫਤਰਾਂ ਤੋਂ ਬਾਹਰ ਨਿਕਲ ਆਏ। ਭੁਚਾਲ ਦਾ ਕੇਂਦਰ ਨੇਪਾਲ 'ਚ ਸੀ। ਬਾਅਦ ਦੁਪਹਿਰ ਦੋ ਵੱਜ ਕੇ 28 ਮਿੰਟ 'ਤੇ ਆਏ ਭੁਚਾਲ ਦੇ ਝਟਕੇ ਬਿਹਾਰ, ਉੱਤਰਾਖੰਡ, ਯੂ ਪੀ, ਹਰਿਆਣਾ ਤੇ ਰਾਜਸਥਾਨ ਦੇ ਵੀ ਕੁਝ ਹਿੱਸਿਆਂ 'ਚ ਮਹਿਸੂਸ ਕੀਤੇ ਗਏ।

## ਹਵਾਈ ਯਾਤਰੀ ਗ੍ਰਿਫਤਾਰ

**ਨਵੀਂ ਦਿੱਲੀ** : ਸਪਾਈਸ ਜੈੱਟ ਦੀ ਸੋਮਵਾਰ ਸ਼ਾਮ ਦਿੱਲੀ ਤੋਂ ਹੈਦਰਾਬਾਦ ਦੀ ਫਲਾਈਟ 'ਚ ਚਾਲਕ ਦਲ ਦੀ ਮਹਿਲਾ ਮੈਂਬਰ ਨਾਲ ਕਥਿਤ ਤੌਰ 'ਤੇ ਬਦਸਲੂਕੀ ਕਰਨ ਦੇ ਦੋਸ਼ 'ਚ ਦਿੱਲੀ ਦੇ ਜਾਮੀਆ ਨਗਰ ਵਾਸੀ ਅਬਸ਼ਾਰ ਆਲਮ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਪੰਜਾਬ 'ਚ ਬਾਰਸ਼



**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ ਤੇ ਚੰਡੀਗੜ੍ਹ 'ਚ ਮੰਗਲਵਾਰ ਬਾਰਸ਼ ਹੋਈ, ਜਦਕਿ ਠੰਢ ਬਰਕਰਾਰ ਰਹੀ। ਬਠਿੰਡਾ 'ਚ ਘੱਟੋ-ਘੱਟ ਤਾਪਮਾਨ 4 ਡਿਗਰੀ, ਗੁਰਦਾਸਪੁਰ 'ਚ 5, ਬਰਨਾਲਾ 'ਚ 6.4, ਫਰੀਦਕੋਟ 'ਚ 6.9, ਅੰਮ੍ਰਿਤਸਰ 'ਚ 6.2, ਲੁਧਿਆਣਾ 'ਚ 7.4 ਅਤੇ ਪਟਿਆਲਾ 'ਚ 9.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਰਿਆਣਾ 'ਚ ਸਿਰਸਾ ਸਭ ਤੋਂ ਠੰਢਾ ਰਿਹਾ, ਜਿੱਥੇ ਤਾਪਮਾਨ 5.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਦਿੱਲੀ ਦੇ ਮੇਅਰ ਦੀ ਚੋਣ ਫਿਰ ਟਲੀ

**ਨਵੀਂ ਦਿੱਲੀ** : ਦਿੱਲੀ ਦੇ ਮੇਅਰ ਦੀ ਚੋਣ ਨੂੰ ਲੈ ਕੇ ਮੰਗਲਵਾਰ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਕੌਂਸਲਰਾਂ ਵਿਚਾਲੇ ਹੋਏ ਹੰਗਾਮੇ ਤੋਂ ਬਾਅਦ ਸਦਨ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ। ਪ੍ਰੀਜ਼ਾਈਡਿੰਗ ਅਫਸਰ ਸੱਤਿਆ ਸ਼ਰਮਾ ਦੇ ਇਹ ਕਹਿਣ ਤੋਂ ਬਾਅਦ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਗਈ ਕਿ ਹੰਗਾਮੇ ਕਾਰਨ ਕਾਰਵਾਈ ਨਹੀਂ ਚੱਲ ਸਕਦੀ। ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਨੇ ਕਿਹਾ—ਅਸੀਂ ਸਵੇਰੇ 11 ਵਜੇ ਤੋਂ ਵੋਟ ਪਾਉਣ ਲਈ ਸਦਨ 'ਚ ਬੈਠੇ ਸੀ ਅਤੇ ਅੰਤ 'ਚ ਜਦੋਂ ਸਮਾਂ ਆਇਆ ਤਾਂ ਹੰਗਾਮਾ ਸ਼ੁਰੂ ਹੋ ਗਿਆ। ਇਹ ਗਲਤ ਹੈ, ਲੋਕਤੰਤਰੀ ਸਿਧਾਂਤਾਂ ਦੀ ਪਾਲਣਾ ਹੋਣੀ ਚਾਹੀਦੀ ਹੈ। 'ਆਪ' ਅਤੇ ਭਾਜਪਾ ਦਰਮਿਆਨ ਝੜਪਾਂ ਤੋਂ ਬਾਅਦ 6 ਜਨਵਰੀ ਨੂੰ ਨਵੇਂ ਮੇਅਰ ਦੀ ਚੋਣ ਦੀ ਪ੍ਰਕਿਰਿਆ ਠੱਪ ਹੋਣ ਤੋਂ ਕਰੀਬ ਤਿੰਨ ਹਫਤੇ ਬਾਅਦ ਸਦਨ ਮੁੜ ਜੁੜਿਆ ਸੀ।

## ਹਿਮਾਚਲ 'ਚ ਦੋ ਹਾਦਸਿਆਂ 'ਚ ਪੰਜਾਬ ਦੇ 5 ਜਣਿਆਂ ਦੀ ਮੌਤ

**ਸ਼ਿਮਲਾ** : ਸੋਮਵਾਰ ਦੇਰ ਰਾਤ ਸ਼ਿਮਲਾ ਦੇ ਬਾਹਰਵਾਰ ਸ਼ੋਘੀ-ਮੇਹਲੀ ਬਾਈਪਾਸ 'ਤੇ ਭੌਂਗ ਨੇੜੇ ਕਾਰ ਦੇ ਡੂੰਘੀ ਖੱਡ 'ਚ ਡਿੱਗਣ ਕਾਰਨ ਪੰਜਾਬ ਦੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਇਕ ਨੂੰ ਮਾਮੂਲੀ ਸੱਟਾਂ ਲੱਗੀਆਂ। ਮ੍ਰਿਤਕਾਂ ਦੀ ਪਛਾਣ ਕ੍ਰਿਸ਼ਨ (30), ਅਮਰ (18) ਦੋਵੇਂ ਵਾਸੀ ਭੰਗਾਲ (ਨੰਗਲ) ਅਤੇ ਰਾਜਵੀਰ (16) ਵਾਸੀ ਮਾਛੀਵਾੜਾ (ਲੁਧਿਆਣਾ) ਵਜੋਂ ਹੋਈ ਹੈ। ਊਨਾ ਜ਼ਿਲ੍ਹੇ ਦੇ ਪਿੰਡ ਨਨਾਵਿਨ 'ਚ ਟਰੱਕ ਅਤੇ ਬਾਈਕ ਵਿਚਾਲੇ ਟੱਕਰ 'ਚ ਰਾਜਪੁਰਾ ਦੀ ਸਵਰਨ ਕੌਰ (33) ਤੇ ਉਸ ਦੇ ਬੇਟੇ ਵੰਸ਼ਪ੍ਰੀਤ (6) ਦੀ ਮੌਤ ਹੋ ਗਈ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।

-ਮੈਨੇਜਰ

## ਵਿਸ਼ੇਸ਼ ਸਪਲੀਮੈਂਟ



ਗਣਤੰਤਰ ਦਿਵਸ ਮੌਕੇ **ਸਮਰਾਲਾ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਸੁਰਜੀਤ ਸਿੰਘ** ਨਾਲ 98154-61301 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

# ਮੈਰੀ ਕੌਮ ਕਮੇਟੀ 'ਤੇ ਉਠਾਇਆ ਸਵਾਲ

### ਭਰੋਸੇ ਦੇ ਬਾਵਜੂਦ ਕਮੇਟੀ ਦੀ ਬਣਤਰ ਬਾਰੇ ਰਾਇ ਨਾ ਲੈਣ ਦਾ ਲਾਇਆ ਦੋਸ਼



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਯੌਨ ਸ਼ੋਸ਼ਣ ਦੇ ਦੋਸ਼ ਲਾਉਣ ਵਾਲੇ ਪਹਿਲਵਾਨਾਂ ਨੇ ਕੇਂਦਰੀ ਖੇਡ ਮੰਤਰਾਲੇ ਵੱਲੋਂ ਬਣਾਈ ਗਈ ਜਾਂਚ ਨਿਗਰਾਨ ਕਮੇਟੀ 'ਤੇ ਸਵਾਲ ਉਠਾਏ ਹਨ। ਪ੍ਰਧਾਨ ਖਿਲਾਫ ਦਿੱਲੀ 'ਚ ਧਰਨਾ ਦੇਣ ਵਾਲੇ ਪਹਿਲਵਾਨਾਂ ਦੀ ਅਗਵਾਈ ਕਰਨ ਵਾਲੇ ਬਜਰੰਗ ਪੂਨੀਆ, ਵਿਨੇਸ਼ ਫੋਗਾਟ ਤੇ ਸਾਕਸ਼ੀ ਨੇ ਮੰਗਲਵਾਰ ਦੁਪਹਿਰ ਟਵੀਟ ਕਰਕੇ ਕਮੇਟੀ ਦੀ ਬਣਤਰ 'ਤੇ ਇਤਰਾਜ਼ ਉਠਾਇਆ।

ਵਿਨੇਸ਼ ਤੇ ਪੂਨੀਆ ਨੇ ਤਿੰਨ ਵਜੇ ਇਕੱਠੇ ਟਵੀਟ ਕੀਤਾ, ਜਦਕਿ ਸਾਕਸ਼ੀ ਨੇ 3 ਵੱਜ ਕੇ 40 ਮਿੰਟ 'ਤੇ ਵੱਖਰਾ ਟਵੀਟ ਕੀਤਾ। ਤਿੰਨਾਂ ਨੇ ਲਿਖਿਆ—ਸਾਨੂੰ ਭਰੋਸਾ ਦਿੱਤਾ ਗਿਆ ਸੀ ਕਿ ਨਿਗਰਾਨ ਕਮੇਟੀ ਦੇ ਗਠਨ ਤੋਂ ਪਹਿਲਾਂ ਸਾਡੇ ਨਾਲ ਮਸ਼ਵਰਾ ਕੀਤਾ ਜਾਵੇਗਾ। ਬੜੇ ਦੁੱਖ ਦੀ ਗੱਲ ਹੈ ਕਿ ਇਸ ਕਮੇਟੀ ਦੇ ਗਠਨ ਤੋਂ ਪਹਿਲਾਂ ਸਾਥੋਂ ਰਾਇ ਵੀ ਨਹੀਂ ਲਈ ਗਈ। ਤਿੰਨਾਂ ਨੇ ਟਵੀਟ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੂੰ ਟੈਗ ਕੀਤਾ ਹੈ। ਠਾਕੁਰ ਨੇ ਕਮੇਟੀ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਇਹ ਚਾਰ ਹਫਤਿਆਂ ਵਿਚ ਰਿਪੋਰਟ ਦੇਵੇਗੀ। ਕੌਮਾਂਤਰੀ ਮੁੱਕੇਬਾਜ਼ ਮੈਰੀ ਕੌਮ ਦੀ ਅਗਵਾਈ ਵਿਚ ਬਣਾਈ ਗਈ ਕਮੇਟੀ ਵਿਚ ਪਹਿਲਵਾਨ ਯੋਗੇਸ਼ਵਰ ਦੱਤ, ਦ੍ਰੋਣਾਚਾਰੀਆ ਐਵਾਰਡੀ ਤ੍ਰਿਪਤੀ ਮੁਰਗੁੰਡੇ, ਟੌਪਸ ਦੇ ਸੀ ਈ ਓ ਰਾਜਗੋਪਾਲਨ ਤੇ ਰਾਧਾ ਸ੍ਰੀਮਨ ਸ਼ਾਮਲ ਹਨ।

ਵਿਨੇਸ਼ ਦੇ ਟਵੀਟ ਦੇ ਬਾਅਦ ਮਾਮਲਾ ਫਿਰ ਗਰਮ ਹੋ ਗਿਆ ਹੈ। ਉਸ ਨੇ ਲਿਖਿਆ ਹੈ—ਸੱਚ ਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ, ਪਰ ਹਰਾਇਆ ਨਹੀਂ ਜਾ ਸਕਦਾ। ਉਸ ਨੇ ਦੂਜੇ ਟਵੀਟ ਵਿਚ ਕਿਹਾ—ਮੁਕਾਮ ਵੱਡਾ ਹੋਵੇ ਤਾਂ ਹੌਸਲਿਆਂ 'ਚ ਬੁਲੰਦੀ ਰੱਖਣਾ। ਪੂਨੀਆ ਨੇ ਕਿਹਾ ਹੈ ਕਿ ਉਹ ਅਰਜੁਨ ਐਵਾਰਡੀ ਕੁਸ਼ਤੀ ਕੋਚ ਕ੍ਰਿਪਾਸ਼ੰਕਰ ਬਿਸ਼ਨੋਈ ਦੇ ਇਸ ਬਿਆਨ ਦਾ ਸਮਰਥਨ ਕਰਦੇ ਹਨ ਕਿ ਕੁਸ਼ਤੀ ਵਿਚ ਕਈ ਗੜਬੜੀਆਂ ਹਨ ਤੇ ਉਨ੍ਹਾ ਦੀ ਵੀ ਕਿਸੇ ਨੇ ਨਹੀਂ ਸੁਣੀ। ਬਿਸ਼ਨੋਈ ਨੇ 17 ਦਸੰਬਰ 2022 ਵਿਚ ਫੈਡਰੇਸ਼ਨ ਨੂੰ ਮੇਲ ਰਾਹੀਂ ਦੱਸਿਆ ਸੀ ਕਿ 28 ਰੈਫਰੀ ਨੌਸਿਖੀਏ ਹਨ। ਬਿਸ਼ਨੋਈ ਨੇ ਕਿਹਾ ਸੀ ਕਿ ਫੈਡਰੇਸ਼ਨ ਵਿਚ ਚਹੇਤਿਆਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਸਹਾਇਕ ਸਕੱਤਰ ਵਿਨੋਦ ਤੋਮਰ ਚਿਹਰਾ ਦੇਖ ਕੇ ਤੈਅ ਕਰਦੇ ਹਨ ਕਿ ਪਹਿਲਵਾਨ ਦੀ ਉਮਰ ਕੀ ਹੈ? ਸਰਟੀਫਿਕੇਟ ਨੂੰ ਨਹੀਂ ਮੰਨਦੇ।

# ਦਿਗਵਿਜੈ ਦੇ ਬਿਆਨ ਨਾਲ ਸਹਿਮਤ ਨਹੀਂ : ਰਾਹੁਲ



ਅਦਾਕਾਰਾ ਤੋਂ ਸਿਆਸਤਦਾਨ ਬਣੀ ਉਰਮਿਲਾ ਮਾਤੋਂਡਕਰ (48) ਵੀ ਨਗਰੋਟਾ 'ਚ ਭਾਰਤ ਜੋੜੋ ਯਾਤਰਾ 'ਚ ਸ਼ਾਮਲ ਹੋਈ। ਛੇ ਮਹੀਨੇ ਕਾਂਗਰਸ ਵਿੱਚ ਰਹਿਣ ਤੋਂ ਬਾਅਦ ਉਹ 2020 'ਚ ਸ਼ਿਵ ਸੈਨਾ 'ਚ ਸ਼ਾਮਲ ਹੋ ਗਈ ਸੀ।

**ਜੰਮੂ** : ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਉਹ ਅਤੇ ਉਨ੍ਹਾ ਦੀ ਪਾਰਟੀ 'ਸਰਜੀਕਲ ਸਟ੍ਰਾਈਕ' ਬਾਰੇ ਦਿਗਵਿਜੇ ਸਿੰਘ ਦੇ ਬਿਆਨ ਨਾਲ ਸਹਿਮਤ ਨਹੀਂ ਹਨ ਅਤੇ ਹਥਿਆਰਬੰਦ ਬਲਾਂ ਨੂੰ ਕੋਈ ਸਬੂਤ ਦਿਖਾਉਣ ਦੀ ਲੋੜ ਨਹੀਂ ਹੈ।

ਦਿਗਵਿਜੈ ਸਿੰਘ ਨੇ ਸੋਮਵਾਰ 'ਸਰਜੀਕਲ ਸਟ੍ਰਾਈਕ' ਉੱਤੇ ਸਵਾਲ ਉਠਾਏ ਸਨ ਅਤੇ ਸਰਕਾਰ 'ਤੇ ਝੂਠ ਬੋਲਣ ਦਾ ਦੋਸ ਲਾਇਆ ਸੀ। ਰਾਹੁਲ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ—ਮੈਂ ਦਿਗਵਿਜੈ ਸਿੰਘ ਦੇ ਬਿਆਨ ਨਾਲ ਸਹਿਮਤ ਨਹੀਂ ਹਾਂ। ਇਹ ਬਿਲਕੁਲ ਸਪੱਸ਼ਟ ਹੈ ਕਿ ਅਸੀਂ ਇਸ ਨਾਲ ਅਸਹਿਮਤ ਹਾਂ। ਇਹ ਕਾਂਗਰਸ ਦਾ ਅਧਿਕਾਰਤ ਰੁਖ ਹੈ। ਹਥਿਆਰਬੰਦ ਬਲਾਂ ਨੂੰ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੈ।

## ਹੈਦਰਾਬਾਦ 'ਚ ਵਿਦਿਆਰਥੀਆਂ ਨੇ ਮੋਦੀ ਬਾਰੇ ਬੀ ਬੀ ਸੀ ਦੀ ਡਾਕੂਮੈਂਟਰੀ ਦਿਖਾਈ

**ਹੈਦਰਾਬਾਦ** : ਇੱਥੇ ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸਮੂਹ ਨੇ ਆਪਣੇ ਕੈਂਪਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬੀ ਬੀ ਸੀ ਦੀ ਡਾਕੂਮੈਂਟਰੀ ਦਿਖਾਈ, ਜਿਸ ਦੀ ਯੂਨੀਵਰਸਿਟੀ ਅਧਿਕਾਰੀਆਂ ਨੇ ਰਿਪੋਰਟ ਮੰਗ ਲਈ। 'ਫਰੈਟਰਨਿਟੀ ਮੂਵਮੈਂਟ-ਐੱਚ ਸੀ ਯੂ ਯੂਨਿਟ' ਦੇ ਬੈਨਰ ਹੇਠ ਵਿਦਿਆਰਥੀਆਂ ਦੇ ਸਮੂਹ ਨੇ ਐਤਵਾਰ ਨੂੰ ਯੂਨੀਵਰਸਿਟੀ ਕੈਂਪਸ 'ਚ ਦਸਤਾਵੇਜ਼ੀ ਫਿਲਮ ਦਿਖਾਈ। ਹੈਦਰਾਬਾਦ ਯੂਨੀਵਰਸਿਟੀ ਨੂੰ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਜੋਂ ਵੀ ਜਾਣਿਆ ਜਾਂਦਾ ਹੈ। ਯੂਨੀਵਰਸਿਟੀ ਦੇ ਸੂਤਰਾਂ ਨੇ ਦੱਸਿਆ ਕਿ ਵਿਦਿਆਰਥੀ ਸਮੂਹ ਨੇ ਦਸਤਾਵੇਜ਼ੀ ਦਿਖਾਉਣ ਤੋਂ ਪਹਿਲਾਂ ਅਧਿਕਾਰੀਆਂ ਤੋਂ ਕੋਈ ਇਜਾਜ਼ਤ ਨਹੀਂ ਲਈ ਸੀ ਅਤੇ ਉਨ੍ਹਾਂ ਨੂੰ ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰਾਂ ਨੇ ਯੂਨੀਵਰਸਿਟੀ ਦੇ ਰਜਿਸਟਰਾਰ ਕੋਲ ਸ਼ਿਕਾਇਤ ਕੀਤੀ। ਕੇਂਦਰ ਸਰਕਾਰ ਨੇ ਇਸ ਨੂੰ ਦਿਖਾਉਣ 'ਤੇ ਰੋਕ ਲਾਈ ਹੋਈ ਹੈ। ਇਸੇ ਦੌਰਾਨ ਕੇਰਲਾ ਵਿਚ ਸੱਤਾਧਾਰੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਵਿਦਿਆਰਥੀ ਵਿੰਗ ਡੈਮੋਕਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ ਨੇ ਫੇਸਬੁਕ ਪੇਜ 'ਤੇ ਐਲਾਨ ਕੀਤਾ ਹੈ ਕਿ ਮੋਦੀ ਬਾਰੇ ਫਿਲਮ ਰਾਜ 'ਚ ਦਿਖਾਈ ਜਾਵੇਗੀ।

# ਡੇਰਾ ਸਾਧ ਨੇ ਤਲਵਾਰ ਨਾਲ ਕੇਕ ਕੱਟਿਆ



**ਚੰਡੀਗੜ੍ਹ** : ਪੈਰੋਲ 'ਤੇ ਬਾਹਰ ਆਏ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਤਲਵਾਰ ਨਾਲ ਕੇਕ ਕੱਟ ਕੇ ਜਸ਼ਨ ਮਨਾਉਂਦੇ ਦੇਖਿਆ ਗਿਆ। ਜਨਤਕ ਤੌਰ 'ਤੇ ਤਲਵਾਰ ਨਾਲ ਕੇਕ ਕੱਟਣ ਦੀ ਆਰਮਜ਼ ਐਕਟ ਤਹਿਮ ਮਨਾਹੀ ਹੈ। ਬਲਾਤਕਾਰ ਅਤੇ ਕਤਲ ਦੇ ਮਾਮਲੇ 'ਚ 20 ਸਾਲ ਦੀ ਸਜ਼ਾ ਕੱਟ ਰਿਹਾ ਡੇਰਾ ਮੁਖੀ ਸਨਿੱਚਰਵਾਰ ਨੂੰ ਹਰਿਆਣਾ ਦੇ ਰੋਹਤਕ ਜ਼ਿਲੇ ਦੀ ਸੁਨਾਰੀਆ ਜੇਲ੍ਹ ਤੋਂ 40 ਦਿਨਾਂ ਦੀ ਪੈਰੋਲ 'ਤੇ ਰਿਹਾਅ ਹੋ ਕੇ ਯੂ ਪੀ ਦੇ ਬਾਗਪਤ ਸਥਿਤ ਆਪਣੇ ਬਰਨਾਵਾ ਆਸ਼ਰਮ 'ਚ ਪਹੁੰਚਿਆ ਹੋਇਆ ਹੈ। ਉਸ ਵੱਲੋਂ ਵੱਡੇ ਕੇਕ ਨਾਲ ਜਸ਼ਨ ਮਨਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਪੈਰੋਲ ਲਈ ਆਪਣੀ ਅਰਜ਼ੀ 'ਚ ਰਾਮ ਰਹੀਮ ਨੇ ਕਿਹਾ ਸੀ ਕਿ ਉਹ 25 ਜਨਵਰੀ ਨੂੰ ਸਾਬਕਾ ਡੇਰਾ ਮੁਖੀ ਸ਼ਾਹ ਸਤਨਾਮ ਸਿੰਘ ਦੇ ਜਨਮ ਦਿਨ 'ਤੇ ਹੋਣ ਵਾਲੇ ਸਮਾਗਮ 'ਚ ਸ਼ਾਮਲ ਹੋਣਾ ਚਾਹੁੰਦਾ ਹੈ। ਵੀਡੀਓ 'ਚ ਡੇਰਾ ਮੁਖੀ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਪੰਜ ਸਾਲ ਬਾਅਦ ਇਸ ਤਰ੍ਹਾਂ ਜਸ਼ਨ ਮਨਾਉਣ ਦਾ ਮੌਕਾ ਮਿਲਿਆ, ਇਸ ਲਈ ਮੈਨੂੰ ਘੱਟੋ-ਘੱਟ ਪੰਜ ਕੇਕ ਕੱਟਣੇ ਚਾਹੀਦੇ ਹਨ। ਇਹ ਪਹਿਲਾ ਕੇਕ ਹੈ।

## 10 ਦਿਨ ਪਹਿਲਾਂ ਅਮਰੀਕਾ ਪੁੱਜੇ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ, ਇਕ ਹੋਰ ਜ਼ਖਮੀ

**ਹੈਦਰਾਬਾਦ** : ਅਮਰੀਕਾ 'ਚ ਲੁਟੇਰਿਆਂ ਦੀ ਗੋਲੀਬਾਰੀ ਨਾਲ ਆਂਧਰਾ ਦੇ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਤਿਲੰਗਾਨਾ ਦਾ ਵਿਦਿਆਰਥੀ ਜ਼ਖਮੀ ਹੋ ਗਿਆ। ਐਤਵਾਰ ਨੂੰ ਸ਼ਿਕਾਗੋ ਦੇ ਪ੍ਰਿੰਸਟਨ ਪਾਰਕ 'ਚ ਗੋਲੀਬਾਰੀ 'ਚ ਵਿਜੈਵਾੜਾ ਦੇ ਨੰਦਾਪੂ ਦੇਵਾਂਸ (23) ਦੀ ਮੌਤ ਹੋ ਗਈ, ਜਦਕਿ ਹੈਦਰਾਬਾਦ ਦਾ ਕੋਪਲਾ ਸਾਈ ਚਰਨ ਜ਼ਖਮੀ ਹੋ ਗਿਆ। ਵਿਸ਼ਾਖਾਪਟਨਮ ਦਾ ਵਿਦਿਆਰਥੀ ਲਕਸ਼ਮਣ ਵਾਲ-ਵਾਲ ਬਚ ਗਿਆ।

ਤਿੰਨੋਂ ਸ਼ਿਕਾਗੋ ਦੀ ਗਵਰਨਰ ਸਟੇਟ ਯੂਨੀਵਰਸਿਟੀ 'ਚ ਦਾਖਲਾ ਲੈਣ ਤੋਂ ਬਾਅਦ ਸਿਰਫ 10 ਦਿਨ ਪਹਿਲਾਂ ਹੀ ਅਮਰੀਕਾ ਗਏ ਸਨ। ਉਹ ਕਿਰਾਏ 'ਤੇ ਰਿਹਾਇਸ਼ ਲੈ ਕੇ ਇਕੱਠੇ ਰਹਿ ਰਹੇ ਸਨ। ਐਤਵਾਰ ਸ਼ਾਮ ਨੂੰ ਤਿੰਨੋਂ ਇੰਟਰਨੈੱਟ ਕੁਨੈਕਸ਼ਨ ਲਈ ਰਾਊਟਰ ਖਰੀਦਣ ਲਈ ਨਿਕਲੇ ਸਨ, ਜਦੋਂ ਉਹ ਸ਼ਾਪਿੰਗ ਮਾਲ ਵੱਲ ਜਾ ਰਹੇ ਸਨ ਤਾਂ ਦੋ ਹਥਿਆਰਬੰਦ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮੋਬਾਇਲ ਫੋਨ ਦੇਣ ਲਈ ਕਿਹਾ ਤੇ ਫੋਨ ਨੂੰ ਅਨਲਾਕ ਕਰਨ ਲਈ ਪਿੰਨ ਲੈ ਲਿਆ। ਲੁਟੇਰਿਆਂ ਨੇ ਵਿਦਿਆਰਥੀਆਂ ਤੋਂ ਪੈਸੇ ਵੀ ਲੁੱਟ ਲਏ। ਭੱਜਦੇ ਸਮੇਂ ਉਨ੍ਹਾਂ ਗੋਲੀਆਂ ਚਲਾ ਦਿੱਤੀਆਂ।

# ਸੁਆਹ ਬੰਦ ਕਰਨ ਦੀ ਮੰਗ ਨੂੰ ਲੈ ਕੇ ਪਾਵਰ ਪਲਾਂਟ ਦਾ ਘਿਰਾਓ



**ਨਵਾਂਸ਼ਹਿਰ (ਮਨੋਜ ਲਾਡੀ)**

ਸੁਆਹ ਬੰਦ ਕਰਨ ਦੀ ਮੰਗ ਨੂੰ ਲੈ ਕੇ ਲੋਕ ਸੰਘਰਸ਼ ਮੰਚ ਦੇ ਸੱਦੇ 'ਤੇ ਸ਼ਹਿਰ ਵਾਸੀਆਂ ਵੱਲੋਂ ਵਰ੍ਹਦੇ ਮੀਂਹ ਵਿੱਚ ਮੁਜ਼ਾਹਰਾ ਕਰਕੇ ਪੁਲਸ ਦੇ ਬੈਰੀਕੇਡ ਤੋੜ ਕੇ ਕੋ-ਜੈਨਰੇਸ਼ਨ ਪਾਵਰ ਪਲਾਂਟ ਦਾ ਘਿਰਾਓ ਕੀਤਾ ਗਿਆ। ਪਿਛਲੇ ਦੋ ਮਹੀਨਿਆਂ ਤੋਂ ਡਿੱਗ ਰਹੀ ਖਤਰਨਾਕ ਸੁਆਹ ਨੂੰ ਪੱਕੇ ਤੌਰ ਉੱਤੇ ਬੰਦ ਕਰਨ ਦੀ ਮੰਗ ਨੂੰ ਲੈ ਕੇ ਮੰਚ ਵੱਲੋਂ ਪਾਵਰ ਪਲਾਂਟ ਦਾ ਘਿਰਾਓ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਹ ਘਿਰਾਓ ਤਿੰਨ ਘੰਟੇ ਤੱਕ ਜਾਰੀ ਰਿਹਾ। ਘਿਰਾਓ ਵਿੱਚ ਰੇਹੜੀ ਵਰਕਰਜ਼ ਯੂਨੀਅਨ, ਆਟੋ ਵਰਕਰਜ਼ ਯੂਨੀਅਨ, ਸੀਨੀਅਰ ਸਿਟੀਜ਼ਨ ਐਸੋਸੀਏਸ਼ਨ, ਇਫਟੂ, ਏਟਕ, ਸ਼ਿਵ ਸੈਨਾ, ਐੱਮ ਸੀ, ਔਰਤ ਜਥੇਬੰਦੀਆਂ, ਧਾਰਮਕ-ਸਮਾਜਕ-ਸਵੈਸੇਵੀ ਜਥੇਬੰਦੀਆਂ ਅਤੇ ਵਿਦਿਆਰਥੀ ਜਥੇਬੰਦੀਆਂ ਨੇ ਘਿਰਾਓ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਦੇ ਕਨਵੀਨਰ ਜਸਬੀਰ ਦੀਪ ਨੇ ਕਿਹਾ ਕਿ ਪਾਵਰ ਪਲਾਂਟ ਦੀ ਜ਼ਹਿਰੀਲੀ ਸੁਆਹ ਸ਼ਹਿਰ ਵਾਸੀਆਂ ਨੂੰ ਖਤਰਨਾਕ ਬਿਮਾਰੀਆਂ ਲਾ ਰਹੀ ਹੈ, ਇਸ ਲਈ ਸ਼ਹਿਰ ਦੇ ਲੋਕ ਇਹ ਸਾਰਾ ਕੁਝ ਚੁੱਪਚਾਪ ਨਹੀਂ ਸਹਿ ਸਕਦੇ। ਇਹ ਸ਼ਹਿਰ ਵਾਸੀਆਂ ਦੀ ਤੇ ਉਹਨਾਂ ਦੇ ਫੁੱਲਾਂ ਵਰਗੇ ਬੱਚਿਆਂ ਦੀ ਜ਼ਿੰਦਗੀ ਉੱਤੇ ਮਾੜਾ ਅਸਰ ਪਾ ਰਹੀ ਹੈ। ਪਾਵਰ ਪਲਾਂਟ ਦੇ ਪ੍ਰਬੰਧਕ ਹਰ ਰੋਜ਼ ਨਵਾਂ ਝੂਠ ਮਾਰ ਰਹੇ ਹਨ, ਪਰ ਸੁਆਹ ਬੰਦ ਨਹੀਂ ਕਰ ਰਹੇ। ਪ੍ਰਸ਼ਾਸਨ ਮੀਟਿੰਗਾਂ ਕਰਦਾ ਹੈ, ਪਰ ਮੀਟਿੰਗਾਂ ਦੇ ਫੈਸਲੇ ਲਾਗੂ ਨਹੀਂ ਕਰਵਾਉਂਦਾ, ਸਗੋਂ ਸੁਆਹ ਦਾ ਕਹਿਰ ਵਰਤਾਉਣ ਲਈ ਪਾਵਰ ਪਲਾਂਟ ਪ੍ਰਬੰਧਕਾਂ ਨੂੰ ਹੋਰ ਤੇ ਹੋਰ ਸਮਾਂ ਦੇਈ ਜਾ ਰਿਹਾ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਅੱਖਾਂ ਮੀਟੀ ਬੈਠਾ ਹੈ, ਅਜਿਹਾ ਕਰਕੇ ਪ੍ਰਸ਼ਾਸਨ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਪਾਵਰ ਪਲਾਂਟ ਦੇ ਪ੍ਰਬੰਧਕਾਂ ਦੇ ਹੱਕ ਵਿੱਚ ਭੁਗਤ ਰਿਹਾ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਹੋ ਰਹੇ ਖਿਲਵਾੜ ਨੂੰ ਮੂਕ ਦਰਸ਼ਕ ਬਣ ਕੇ ਦੇਖ ਰਹੇ ਹਨ। ਪਾਵਰ ਪਲਾਂਟ ਪ੍ਰਬੰਧਕਾਂ ਨੂੰ ਇਸ ਮੁਜਰਮਾਨਾ ਕਾਰਵਾਈ ਲਈ ਸਜ਼ਾ ਮਿਲਣੀ

● ਬਾਕੀ ਸਫ਼ਾ 2 'ਤੇ

## ਮੋਦੀ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋਇਆ : ਅਰਸ਼ੀ



**ਮਾਨਸਾ (ਰੀਤਵਾਲ, ਆਤਮਾ ਸਿੰਘ ਪਮਾਰ)**

ਪਿਛਲੇ ਸਮੇਂ ਤੋ ਨਹਿਰੀ ਵਿਭਾਗ ਵੱਲੋਂ ਉੱਡਤ ਬ੍ਰਾਂਚ ਨਹਿਰ ਦੀ ਗਲਤ ਬਣਤਰ, ਸੜਕ ਦੀ ਜਗ੍ਹਾ 'ਤੇ ਨਜਾਇਜ ਕਬਜ਼ੇ ਅਤੇ ਕਿਸਾਨਾਂ ਦੀਆਂ ਮੰਗਾਂ ਸੰਬੰਧੀ ਕਿਸਾਨ ਜਥੇਬੰਦੀਆ ਦਾ ਰੋਸ ਧਰਨਾ 22ਵੇਂ ਦਿਨ ਵੀ ਜਾਰੀ ਰਿਹਾ। ਧਰਨੇ ਨੂੰ ਕੁੱਲ ਹਿੰਦ ਕਿਸਾਨ ਸਭਾ ਅਜੈ ਭਵਨ ਦੇ ਸੂਬਾ ਆਗੂ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹਮੇਸ਼ਾ ਹੀ ਪੰਜਾਬ ਅਤੇ ਕਿਸਾਨ-ਮਜ਼ਦੂਰ ਵਿਰੋਧੀ ਰਹੀ ਹੈ ਅਤੇ ਹਰ ਸਮੇਂ ਪੰਜਾਬ ਨੂੰ ਨਜ਼ਰਅੰਦਾਜ਼ ਕਰਨ ਲਈ ਉਤਾਵਲੀ ਰਹਿੰਦੀ ਹੈ। ਸਾਥੀ

● ਬਾਕੀ ਸਫ਼ਾ 2 'ਤੇ

# ਰਾਘਵ ਚੱਢਾ ਦਾ ਲੰਡਨ 'ਚ ਸਨਮਾਨ ਅੱਜ



**ਚੰਡੀਗੜ੍ਹ** : ਰਾਜ ਸਭਾ ਸੰਸਦ ਮੈਂਬਰ ਰਾਘਵ ਚੱਢਾ 25 ਜਨਵਰੀ ਨੂੰ ਲੰਡਨ ਵਿੱਚ 'ਇੰਡੀਆ ਯੂਕੇ ਅਚੀਵਰਜ਼ ਆਨਰਜ਼' ਵਿਖੇ "ਆਊਟ ਸਟੈਂਡਿੰਗ ਅਚੀਵਰ" ਸਨਮਾਨ ਪ੍ਰਾਪਤ ਕਰਨਗੇ। ਰਾਘਵ ਚੱਢਾ ਨੂੰ 'ਸਰਕਾਰ ਅਤੇ ਰਾਜਨੀਤੀ' ਸ਼੍ਰੇਣੀ ਵਿੱਚ ਖਾਸ ਪ੍ਰਾਪਤੀਆਂ 'ਤੇ ਇਸ ਐਵਾਰਡ ਲਈ ਚੁਣਿਆ ਗਿਆ ਹੈ, ਜੋ ਉਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ, ਜਿਨ੍ਹਾਂ ਨੇ ਲੋਕਤੰਤਰ ਅਤੇ ਨਿਆਂ ਦੇ ਖੇਤਰ ਵਿੱਚ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੋਵੇ ਅਤੇ ਲੋਕਾਂ ਅਤੇ ਦੁਨੀਆ ਦੇ ਭਲੇ ਦੇ ਮੱਦੇਨਜ਼ਰ ਚੁਣੌਤੀਪੂਰਨ ਸਮਾਜਿਕ ਸਮੱਸਿਆਵਾਂ ਨਾਲ ਨਜਿੱਠਿਆ ਹੋਵੇ। 'ਇੰਡੀਆ ਯੂਕੇ ਅਚੀਵਰਜ਼ ਆਨਰਜ਼' ਰਾਹੀਂ ਭਾਰਤ ਦੀ 75ਵੀਂ ਸੁਤੰਤਰਤਾ ਦੀ ਵਰ੍ਹੇਗੰਢ ਦੇ ਮੌਕੇ ਯੂ ਕੇ ਵਿੱਚ ਪੜ੍ਹਾਈ ਕਰਨ ਵਾਲੇ ਨੌਜਵਾਨ ਭਾਰਤੀਆਂ ਨੂੰ ਵਿਦਿਅਕ ਅਤੇ ਪੇਸ਼ੇਵਰ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਜਾਂਦਾ ਹੈ। ਚੱਢਾ ਨੇ ਮੰਨੇ-ਪ੍ਰਮੰਨੇ ਲੰਡਨ ਸਕੂਲ ਆਫ ਇਕਨਾਮਿਕਸ (ਐੱਲ ਐੱਸ ਈ) ਤੋਂ ਪੜ੍ਹਾਈ ਕੀਤੀ, ਜਿਸ ਤੋਂ ਬਾਅਦ ਉਨ੍ਹਾ ਲੰਡਨ ਵਿੱਚ ਇੱਕ 'ਵੈਲਥ ਮੈਨੇਜਮੈਂਟ ਫਰਮ' ਵੀ ਖੋਲ੍ਹੀ। ਫਿਰ ਉਨ੍ਹਾਂ ਭਾਰਤ ਵਾਪਸ ਪਰਤ ਕੇ ਇੱਕ ਨੌਜਵਾਨ ਕਾਰਕੁਨ ਵਜੋਂ 'ਇੰਡੀਆ

● ਬਾਕੀ ਸਫ਼ਾ 2 'ਤੇ

# ਸੰਸਾਰ ਪ੍ਰਸਿੱਧ ਆਰਕੀਟੈਕਚਰ ਬਾਲ ਕ੍ਰਿਸ਼ਨ ਦੋਸ਼ੀ ਨਹੀਂ ਰਹੇ



**ਨਵੀਂ ਦਿੱਲੀ** : ਸੰਸਾਰ ਪ੍ਰਸਿੱਧ ਆਰਕੀਟੈਕਚਰ ਤੇ ਪਦਮ ਭੂਸ਼ਣ ਨਾਲ ਸਨਮਾਨਤ ਡਾ. ਬਾਲ ਕ੍ਰਿਸ਼ਨ ਦੋਸ਼ੀ (95) ਦਾ ਮੰਗਲਵਾਰ ਦੇਹਾਂਤ ਹੋ ਗਿਆ। 1927 ਵਿਚ ਪੁਣੇ ਵਿਚ ਸਧਾਰਨ ਪਰਵਾਰ ਵਿਚ ਪੈਦਾ ਹੋਏ ਦੋਸ਼ੀ ਨੇ ਚਾਰ ਸਾਲ (1951-54) ਉੱਘੇ ਆਰਕੀਟੈਕਚਰ ਲੀ ਕਾਰਬੂਜ਼ੀਏ ਨਾਲ ਪੈਰਿਸ ਵਿਚ ਸੀਨੀਅਰ ਡਿਜ਼ਾਈਨਰ ਵਜੋਂ ਅਤੇ ਫਿਰ ਚਾਰ ਸਾਲ ਅਹਿਮਦਾਬਾਦ ਵਿਚ ਕਾਰਬੂਜ਼ੀਏ ਦੇ ਪ੍ਰੋਜੈਕਟਾਂ 'ਤੇ ਨਿਗਰਾਨ ਵਜੋਂ ਕੰਮ ਕੀਤਾ। ਉਹ ਕਾਰਬੂਜ਼ੀਏ ਨੂੰ ਗੁਰੂ ਮੰਨਦੇ ਸਨ। ਉਨ੍ਹਾ ਨੂੰ 2018 ਵਿਚ ਵਾਸਤੂਕਲਾ ਦੇ ਖੇਤਰ ਵਿਚ ਸਭ ਤੋਂ ਵਕਾਰੀ ਮੰਨੇ ਜਾਂਦੇ ਪੁਰਸਕਾਰਾਂ ਵਿੱਚੋਂ ਇਕ ਪ੍ਰਿਤਜ਼ਕਰ ਆਰਕੀਟੈਕਚਰ ਪੁਰਸਕਾਰ ਨਾਲ ਸਨਮਾਨਿਆ ਗਿਆ।




## ਅੱਜ-ਨਾਮਾ

ਦਿੱਲੀ ਵਿੱਚ ਧਮੱਚੜ ਜਿਹਾ ਪਿਆ ਫਿਰਦਾ,
ਲੱਗ ਰਹੀ ਮੇਅਰ ਦੀ ਚੋਣ ਨਾ ਪਾਰ ਮੀਆਂ।
ਕੇਜਰੀਵਾਲ ਦੀ ਪਲਟਣ ਦੀ ਬਹੁ-ਗਿਣਤੀ,
ਮੰਨ ਰਹੀ ਭਾਜਪਾ ਟੀਮ ਨਹੀਂ ਹਾਰ ਮੀਆਂ।
ਅਖਾੜਾ ਹਾਊਸ ਦੇ ਅੰਦਰ ਵੀ ਭਖੀ ਜਾਂਦਾ,
ਵਿੰਹਦਾ ਭਾਰਤ ਤੇ ਵਿੰਹਦਾ ਸੰਸਾਰ ਮੀਆਂ।
ਵਧ ਗਿਆ ਮੈਂਬਰਾਂ ਦਾ ਚੋਖਾ ਭਾਅ ਸੁਣਿਆ,
ਸੁਣ ਕੇ ਰਕਮ ਨਹੀਂ ਹੋਏ ਇਤਬਾਰ ਮੀਆਂ।
ਉੱਡਦੀ ਖਿੱਲੀ ਸੰਸਾਰ ਵਿੱਚ, ਫਿਕਰ ਨਾਹੀਂ,
ਦੁਖੀ ਆ ਲੋਕ ਤੇ ਦੁਖੀ ਉਹ ਰਹਿਣ ਮੀਆਂ।
ਮੋੜਾ ਪੈਂਦਾ ਇਸ ਦੇਸ਼ ਵਿੱਚ ਦਿੱਸਦਾ ਨਹੀਂ,
ਕੁਲੱਛਣੇ ਪਾਸੇ ਨੂੰ ਜਾ ਰਿਹਾ ਵਹਿਣ ਮੀਆਂ।

-ਤੀਸ ਮਾਰ ਖਾਂ

# ਸਾਂਝੀ ਸੂਬਾਈ ਕਨਵੈਨਸ਼ਨ ਮਜ਼ਦੂਰ ਵਿਹੜਿਆਂ 'ਚ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਦਾ ਜ਼ੋਰਦਾਰ ਹੋਕਾ ਦੇ ਗਈ

### ਵੱਡਾ ਐਕਸ਼ਨ ਮਾਰਚ ਮਹੀਨੇ ਕਰਨ ਦਾ ਫੈਸਲਾ



ਸੰਬੋਧਨ ਕਰਦੇ ਹੋਏ ਗੁਲਜ਼ਾਰ ਸਿੰਘ ਗੋਰੀਆ, ਮੰਚ 'ਤੇ ਵਿਜੇਂਦਰ ਸਿੰਘ ਨਿਰਮਲ, ਰਾਮ ਸਿੰਘ ਨੂਰਪੁਰੀ, ਦੇਵੀ ਕੁਮਾਰੀ ਸਰਹਾਲੀ ਕਲਾਂ ਤੇ ਹੋਰ ਆਗੂ।

**ਸ਼ਾਹਕੋਟ (ਗਿਆਨ ਸੈਦਪੁਰੀ)**

ਖੇਤ ਮਜ਼ਦੂਰ ਅਤੇ ਦਲਿਤ ਜਥੇਬੰਦੀਆਂ ਵੱਲੋਂ ਬੀਤੇ ਸਾਲ ਪੰਜ ਨਵੰਬਰ ਦੀ ਦਿੱਲੀ ਕਨਵੈਨਸ਼ਨ ਵਿੱਚ ਹਰ ਰਾਜ ਅੰਦਰ ਸੂਬਾਈ ਪੱਧਰ ਦੀਆਂ ਕਨਵੈਨਸ਼ਨਾਂ ਕਰਨ ਦੇ ਫੈਸਲੇ ਅਨੁਸਾਰ ਜਲੰਧਰ ਵਿੱਚ ਹੋਈ ਕਨਵੈਨਸ਼ਨ ਮਜ਼ਦੂਰ ਅਤੇ ਦਲਿਤ ਵਿਹੜਿਆਂ ਵਿੱਚ ਚੇਤਨਾ ਦੇ ਚਨਣ ਦਾ ਛੱਟਾ ਦੇਣ ਦੇ ਸੰਜੀਦਾ ਉਪਰਾਲੇ ਕਰਨ ਦੇ ਅਹਿਦ ਨਾਲ ਸਫਲਤਾਪੂਰਵਕ ਸਮਾਪਤ ਹੋਈ। ਦੇਸ਼ ਭਗਤ ਯਾਦਗਾਰ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ, ਕੁਲ ਹਿੰਦ ਮਜ਼ਦੂਰ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ ਅਤੇ ਦਲਿਤ ਸ਼ੋਸ਼ਣ ਮੁਕਤੀ ਮੰਚ ਦੇ ਆਗੂ ਸਾਂਝੇ ਸੁਰ ਵਿੱਚ ਮਜ਼ਦੂਰ ਅਤੇ ਦਲਿਤ ਵਰਗ ਦੇ ਸਵਾਲਾਂ ਨੂੰ ਸੰਬੋਧਤ ਹੋਏ।

ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੇ ਜਨਰਲ ਸਕੱਤਰ ਵਿਜੇਂਦਰ ਸਿੰਘ ਨਿਰਮਲ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਕੁਲ ਹਿੰਦ ਖੇਤ ਮਜਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ ਤੇ ਭੂਪ ਚੰਦ ਚੰਨੋ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਭਗਵੰਤ ਸਮਾਓ, ਹਰਬੰਸ ਸਿੰਘ ਧੂਤ ਅਤੇ ਹਰਵਿੰਦਰ ਸੇਮਾ 'ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਸਟੇਜ ਤੋਂ ਮੇਲਾ ਸਿੰਘ ਰੁੜਕਾ ਨੇ ਸਾਂਝੀ ਕਨਵੈਨਸ਼ਨ ਦਾ ਮਤਾ ਪੇਸ਼ ਕੀਤਾ। ਗੁਲਜ਼ਾਰ ਸਿੰਘ ਗੋਰੀਆ ਨੇ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਵਿਸਥਾਰ ਨਾਲ ਵਿਆਖਿਆ ਕੀਤੀ। ਉਨ੍ਹਾ ਕਿਹਾ ਕਿ ਹਰਾ ਇਨਕਲਾਬ, ਜਿਸ ਨੇ ਅਨਾਜ ਵਿੱਚ ਦੇਸ਼ ਅਤੇ ਪੰਜਾਬ ਨੂੰ ਆਤਮ ਨਿਰਭਰ ਬਣਾਇਆ, ਲਿਆਉਣ ਵਿੱਚ ਜਿੱਥੇ ਕਿਸਾਨਾਂ ਨੇ ਮਿਹਨਤ ਕੀਤੀ, ਉਥੇ ਖੇਤ ਮਜ਼ਦੂਰਾਂ ਨੇ ਵੀ ਬਰਾਬਰ ਪਸੀਨਾ ਵਹਾਇਆ। ਸਵਾਲ ਪੈਦਾ ਹੁੰਦਾ ਕਿ ਪੰਜਾਬ ਦੀ 35 ਫੀਸਦੀ ਦਲਿਤ ਅਤੇ ਮਜ਼ਦੂਰ ਅਬਾਦੀ ਦੀ ਕਿਰਤ ਦਾ ਮੁੱਲ ਕਿਉਂ ਨਹੀਂ ਪਿਆ। ਕਿੱਧਰ ਗਿਆ ਇਸ ਵਰਗ ਦਾ ਬਣਦਾ ਹਿੱਸਾ, ਇਹ ਲੋਕ ਸਾਵੀਂ-ਪੱਧਰੀ ਜ਼ਿੰਦਗੀ ਜਿਊਣ ਦੇ ਸਮਰੱਥ ਕਿਉਂ ਨਹੀਂ ਹੋ ਸਕੇ? ਹੱਡਭੰਨਵੀਂ ਮਿਹਨਤ ਕਰਨ ਵਾਲਾ ਇਹ ਵਰਗ ਅੱਜ ਸਮਾਜ ਦਾ ਸਭ ਤੋਂ ਅਸੁਰੱਖਿਅਤ ਹਿੱਸਾ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਸਾਰੇ ਸਵਾਲਾਂ ਦੇ ਅਸੀ ਹੀ ਰੂਬਰੂ ਹੋਣਾ ਅਤੇ ਇੱਕ ਵਿਸ਼ਾਲ ਮੰਚ ਉਸਾਰ ਕੇ ਹੱਕੀ ਯੁੱਧ ਦਾ ਪਿੜ ਮੱਲਣਾ ਹੈ। ਗੋਰੀਆ ਨੇ ਇੱਕ ਹੋਰ ਅਹਿਮ ਨੁਕਤੇ ਵੱਲ ਧਿਆਨ ਦੁਆਉਂਦਿਆਂ ਕਿਹਾ ਕਿ ਅਗਲੇ ਦਿਨਾਂ ਵਿੱਚ ਪੰਜਾਬ ਸਰਕਾਰ ਖੇਤੀ ਨੀਤੀ ਲਿਆ ਰਹੀ ਹੈ। ਉਨ੍ਹਾ ਸਰਕਾਰ ਨੂੰ ਆਗਾਹ ਕੀਤਾ ਕਿ ਖੇਤੀ ਨੀਤੀ ਵਿੱਚ ਖੇਤ ਮਜ਼ਦੂਰਾਂ ਨੂੰ ਅਣਗੌਲਿਆ ਨਾ ਕੀਤਾ ਜਾਵੇ। ਇਸ ਸਾਧਨ ਵਿਹੂਣੇ ਵਰਗ ਦੀ ਕਿਰਤ ਦਾ ਮੁੱਲ ਪਾਇਆ ਜਾਵੇ।

ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਦਲਿਤਾਂ ਦੀ ਸੂਬਾਈ ਕਨਵੈਨਸ਼ਨ ਵਿੱਚ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਜੇਂਦਰ ਸਿੰਘ ਨਿਰਮਲ ਨੇ ਕਿਹਾ ਕਿ ਦੇਸ਼

● ਬਾਕੀ ਸਫ਼ਾ 2 'ਤੇ

## ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ ਦਿਨ ਮਨਾਇਆ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਵਿਖੇ ਚੇਅਰਮੈਨ ਡਾ ਰਵਿੰਦਰ ਬਾਂਸਲ ਦੀ ਅਗਵਾਈ ਹੇਠ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੇ ਜਨਮ ਦਿਵਸ ਮੌਕੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਭ ਤੋਂ ਪਹਿਲਾਂ ਪ੍ਰਿੰਸੀਪਲ ਡਾ ਵੀ.ਕੇ.ਰਾਏ ਵੱਲੋਂ ਨੇਤਾ ਜੀ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਨੇਤਾ ਜੀ ਨੇ ਕਿਸ ਢੰਗ ਨਾਲ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੁਭਾਸ਼ ਚੰਦਰ ਬੋਸ ਜੀ ਦੇ ਜੀਵਨ ਦੇ ਸਬੰਧ ਵਿੱਚ ਕਵਿਤਾਵਾਂ, ਗੀਤ ਤੇ ਹੋਰ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਕਾਲਜ ਸਟਾਫ ਤੇ ਵਿਦਿਆਰਥੀਆਂ ਨੂੰ ਲੱਡੂ ਵੀ ਵੰਡੇ ਗਏ।

## ਐੱਸ ਕੇ ਸਕੂਲ ਆਫ ਮਿਊਜ਼ਿਕ ਵੱਲੋਂ ਸੰਗੀਤਕ ਸ਼ਾਮ



**ਸਮਰਾਲਾ (ਸੁਰਜੀਤ ਸਿੰਘ)**- ਇੱਥੋਂ ਦੀ ਚਰਚਿਤ ਮਿਊਜ਼ਿਕ ਸੰਸਥਾ ਐੱਸ ਕੇ ਸਕੂਲ ਆਫ ਮਿਊਜ਼ਿਕ ਵੱਲੋਂ ਸਕੂਲ ਵਿਖੇ ਇੱਕ ਵਿਸ਼ੇਸ਼ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਗੀਤ ਪ੍ਰੇਮੀਆਂ ਤੋਂ ਇਲਾਵਾ ਸਕੂਲ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਮੌਕੇ ਇੱਕ ਭਜਨ 'ਹੋ ਤੇਰੀ ਸਤੁਤੀ' ਰਿਲੀਜ਼ ਕੀਤਾ ਗਿਆ। ਇਹ ਭਜਨ ਸੁਨੀਤਾ ਮਹਿਤੋ ਦੀ ਮਧੁਰ ਆਵਾਜ਼ 'ਚ ਗਾਇਆ ਗਿਆ ਹੈ ਤੇ ਇਸ ਦੀ ਰਿਕਾਰਡਿੰਗ ਐੱਸ. ਕੇ. ਸਕੂਲ ਦੇ ਸਟੂਡੀਓ ਵਿੱਚ ਕੀਤੀ ਗਈ ਹੈ। ਇਸ ਭਜਨ ਦਾ ਸੰਗੀਤ ਸਕੂਲ ਦੇ ਡਾਇਰੈਕਟਰ ਡਾ. ਗਵੀਸ਼ ਵੱਲੋਂ ਤਿਆਰ ਕੀਤਾ ਗਿਆ ਹੈ। ਭਜਨ ਦਾ ਪੋਸਟਰ ਸੰਗੀਤ ਪ੍ਰੇਮੀ ਉਜਾਗਰ ਸਿੰਘ ਵੱਲੋਂ ਰਿਲੀਜ਼ ਕੀਤਾ ਗਿਆ ਹੈ। ਸਕੂਲ ਦੇ ਡਾਇਰੈਕਟਰ ਡਾ. ਗਵੀਸ਼ ਨੇ ਦੱਸਿਆ ਕਿ ਮਿਆਰੀ ਸੰਗੀਤ ਦੀ ਹੌਸਲਾ ਅਫਜ਼ਾਈ ਕਰਨ ਲਈ ਬੱਚਿਆਂ ਨੂੰ ਸਕੂਲ 'ਚ ਮਿਆਰੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਮੌਕੇ ਰਿਟਾ. ਬਲਾਕ ਪ੍ਰਧਾਨ ਤਰਨਜੀਤ ਮਹਿਤੋ, ਕਬੀਰ ਮਹਿਤੋ, ਮਾਸਟਰ ਰਜੀਵ ਵਡੇਰਾ, ਜਸਵਿੰਦਰ ਸਿੰਘ ਤੇ ਗੁਲਵੀਰ ਸਿੰਘ ਹਾਜ਼ਰ ਸਨ।

## ਗੁਰਮੇਲ ਸਿੰਘ ਘਰਾਚੋਂ ਨੇ ਸੰਭਾਲਿਆ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵਜੋਂ ਅਹੁਦਾ




**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਜ਼ਿਲ੍ਹਾ ਯੋਜਨਾ ਕਮੇਟੀ ਦੇ ਲਾਏ ਗਏ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ, ਵੱਖ-ਵੱਖ ਵਿਧਾਇਕਾਂ ਅਤੇ ਹੋਰਨਾਂ ਨਾਮਵਰ ਸ਼ਖ਼ਸੀਅਤਾਂ ਦੀ ਮੌਜੂਦਗੀ 'ਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚਲੇ ਦਫ਼ਤਰ 'ਚ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵੀ ਗੁਰਮੇਲ ਸਿੰਘ ਘਰਾਚੋਂ ਦੇ ਘਰ ਪਹੁੰਚ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਦੀ ਯੋਗ ਅਗਵਾਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਾਂਹਵਧੂ ਸੋਚ ਦਾ ਹੀ ਨਤੀਜਾ ਹੈ ਕਿ ਇੱਕ ਪਿੰਡ ਦੇ ਸਰਪੰਚ ਨੂੰ ਪੂਰੇ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਲੋਕਾਂ ਨਾਲ ਜੁੜੇ ਰਹਿਣ ਕਾਰਨ ਇੱਕ ਵਿਅਕਤੀ ਦੀ ਬਹੁਤ ਵੱਡੀ ਉਦਾਹਰਣ ਹੈ ਅਤੇ ਹੁਣ ਚੇਅਰਮੈਨ ਗੁਰਮੇਲ ਸਿੰਘ ਦੀ ਅਗਵਾਈ 'ਚ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਕੰਮ ਹੋਰ ਵੀ ਚੰਗੇ ਤਰੀਕੇ ਨਾਲ ਕੀਤਾ ਜਾਵੇਗਾ। ਅਹੁਦਾ ਸੰਭਾਲਣ ਤੋਂ ਬਾਅਦ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਨੇ ਦਿੱਲੀ ਦੇ ਮੁੱਖ ਮੰਤਰੀ ਤੇ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਇਸ ਵੱਡੀ ਜ਼ਿੰਮੇਵਾਰੀ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਹਰ ਵਿਕਾਸ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਵਾਉਣਗੇ।

## ਚਾਈਨਾ ਡੋਰ ਨਾ ਵਰਤਣ ਲਈ ਚੁੱਕੀ ਸਹੁੰ



**ਧੂਰੀ (ਸੁਖਦੇਵ ਧੂਰੀ)**-ਦਿੱਲੀ ਪਬਲਿਕ ਸਕੂਲ ਧੂਰੀ ਦੇ ਵਿਦਿਆਰਥੀਆਂ ਨੇ ਚਾਈਨਾ ਡੋਰ ਨਾ ਵਰਤਣ ਲਈ ਸਹੁੰ ਚੁੱਕੀ। ਜ਼ਿਕਰਯੋਗ ਹੈ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਚਾਈਨਾ ਡੋਰ ਦੀਆਂ ਵਧਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੁ ਇਨ੍ਹਾਂ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਮੁਹਿੰਮ ਤਹਿਤ ਦਿੱਲੀ ਪਬਲਿਕ ਸਕੂਲ ਧੂਰੀ ਵਿੱਚ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਜੈ ਗੋਪਾਲ ਜਿੰਦਲ, ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਇਸ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਿਆ ਅਤੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਕਿ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਵਿਦਿਆਰਥੀਆਂ ਦੇ ਚਾਈਨਾ ਡੋਰ ਦੀ ਵਰਤੋਂ ਦੇ ਵਿਸ਼ੇ ਉੱਪਰ ਭਾਸ਼ਣ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ। ਸਕੂਲ ਦੇ ਡਾਇਰੈਕਟਰ ਜੈ ਗੋਪਾਲ ਜਿੰਦਲ ਨੇ ਕਿਹਾ ਕਿ ਫੈਡਰੇਸ਼ਨ ਤੇ ਫਾਊਂਡੇਸ਼ਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਪ੍ਰਤੀ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਵਿੱਚ ਉਤਸ਼ਾਹ ਦਿਖਾਈ ਦਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਤ ਕਰਦਿਆਂ ਕਿਹਾ ਕਿ ਚਾਈਨਾ ਡੋਰ ਘਾਤਕ ਡੋਰ ਹੈ, ਜਿਸ ਨਾਲ ਕਈ ਹਾਦਸੇ ਵਾਪਰ ਚੁੱਕੇ ਹਨ।

## ਐੱਸ ਡੀ ਕਾਲਜ ਫਾਰ ਵੋਮੈਨ 'ਚ ਕਾਮਰਸ ਵਿਭਾਗ ਨੇ ਕਰਵਾਇਆ ਵੈਬੀਨਾਰ



**ਮੋਗਾ (ਅਮਰਜੀਤ ਬੱਬਰੀ)**-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਵਿਖੇ ਆਈ. ਸੀ. ਸੀ. ਕਮੇਟੀ ਤੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਨੇ ਆਪਸੀ ਸਹਿਯੋਗ ਨਾਲ ਭਾਰਤ ਵਿੱਚ ਔਰਤਾਂ ਦੇ ਸਸ਼ਕਤੀਕਰਨ ਤੇ ਸੁਰੱਖਿਆ ਪ੍ਰਤੀ ਰਾਜ ਦੀ ਪ੍ਰਤੀਕਿਰਿਆ ਵਿਸ਼ੇ ਤਹਿਤ ਵੈਬੀਨਾਰ ਕਰਵਾਇਆ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਕਿਹਾ ਕਿ ਔਰਤਾਂ ਅੱਜ ਦੇ ਯੁੱਗ ਵਿੱਚ ਹਰ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਤੇ ਔਰਤਾਂ ਦੇ ਅੰਦਰ ਦੇ ਵਿਕਾਸ ਤੋਂ ਬਿਨਾਂ ਸਮਾਜ ਦਾ ਵਿਕਾਸ ਵੀ ਅਸੰਭਵ ਹੈ। ਵੈਬੀਨਾਰ ਦੇ ਮੁੱਖ ਵਕਤਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਿਸਰਚ ਸਕਾਲਰ ਮਿਸਿਜ਼ ਰਿਚਾ ਸ਼ਰਮਾ ਸਨ। ਇਸ ਰਸਨੀ ਨੇ ਮੁੱਖ ਵਕਤਾ ਨੂੰ ਰਸਮੀ ਤੌਰ 'ਤੇ ਜੀ ਆਇਆਂ ਆਖਿਆ। ਮੁੱਖ ਵਕਤਾ ਰਿਚਾ ਸ਼ਰਮਾ ਨੇ ਔਰਤਾਂ ਵੱਲੋਂ ਮੁੱਢ ਤੋਂ ਹੁਣ ਤੱਕ ਪਾਏ ਸਮਾਜਿਕ ਵਿਕਾਸ ਦੇ ਯੋਗਦਾਨ ਨੂੰ ਹਵਾਲਿਆਂ ਤੇ ਅੰਕੜਿਆਂ ਸਹਿਤ ਵਿਦਿਆਰਥਣਾਂ ਨਾਲ ਸਾਂਝਾ ਕੀਤਾ ਅਤੇ ਔਰਤਾਂ ਦੇ ਕਾਨੂੰਨ ਤੇ ਸੰਵਿਧਾਨਕ ਵਿਵਸਥਾਵਾਂ ਬਾਰੇ ਜਾਣਕਾਰੀ ਭਰਪੂਰ ਚਰਚਾ ਕੀਤੀ। ਅੰਤ 'ਚ ਮਿਸਿਜ਼ ਸੁਸ਼ਮਾ ਗੁਪਤਾ (ਮੁਖੀ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ) ਨੇ ਮੁੱਖ ਵਕਤਾ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਔਰਤਾਂ ਦੇ ਸਸ਼ਕਤੀਕਰਨ ਲਈ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾਅ ਆਉਣਾ ਵੀ ਜ਼ਰੂਰੀ ਹੈ। ਇਸ ਮੌਕੇ ਮਿਸ ਮਨਪ੍ਰੀਤ ਕੌਰ, ਨਮਿਤਾ, ਗਗਨਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਭਲਕੇ ਹੁਸੈਨੀਵਾਲਾ ਵਿਖੇ ਹੋਣਗੇ ਨਤਮਸਤਕ : ਧੀਮਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-26 ਜਨਵਰੀ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੇ ਮੁੱਖ ਮਹਿਮਾਨ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ 25 ਜਨਵਰੀ ਨੂੰ ਸ਼ਾਮ 5 ਵਜੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਆਈ ਏ ਐੱਸ ਨੇ ਇਸ ਸਬੰਧੀ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਮੌਕੇ ਦਿੱਤੀ।ਡਿਪਟੀ ਕਮਿਸ਼ਨਰ ਧੀਮਾਨ ਨੇ ਦੱਸਿਆ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਹਿੰਦ-ਪਾਕਿ ਸਰਹੱਦ 'ਤੇ ਹੁੰਦੀ ਰੀਟਰੀਟ ਸੈਰੇਮਨੀ ਵੀ ਵੇਖਣਗੇ ਅਤੇ ਇਸ ਉਪਰੰਤ ਉਹ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਵੀ ਵੇਖਣਗੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ।ਇਸ ਮੀਟਿੰਗ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰੁਣ ਕੁਮਾਰ ਸ਼ਰਮਾ, ਐੱਸ ਡੀ ਐੱਮ ਫਿਰੋਜ਼ਪੁਰ ਅਰਵਿੰਦ ਪ੍ਰਕਾਸ਼ ਵਰਮਾ, ਜ਼ਿਲ੍ਹਾ ਪੰਚਾਇਤ ਤੇ ਵਿਕਾਸ ਅਫਸਰ ਜਸਵੰਤ ਸਿੰਘ ਬੜੈਚ, ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਕੰਵਲਜੀਤ ਸਿੰਘ ਧੰਜੂ, ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ, ਸੈਨਟਰੀ ਇੰਸਪੈਕਟਰ ਸੁਖਪਾਲ ਸਿੰਘ, ਜੋਗਿੰਦਰਪਾਲ ਸੁਪਰਡੈਂਟ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸਰਕਾਰੀ ਕਾਲਜ 'ਚ ਵੋਟਰ ਦਿਵਸ ਨੂੰ ਸਮਰਪਤ ਭਾਸ਼ਣ ਮੁਕਾਬਲੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਭਾਰਤੀ ਚੋਣ ਕਮਿਸ਼ਨ ਤੇ ਉਚੇਰੀ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਸਤਵੰਤ ਕੌਰ ਦੀ ਅਗਵਾਈ ਅਧੀਨ ਕਾਲਜ ਦੇ 'ਚੋਣ ਸਾਖਰਤਾ ਕਲੱਬ' ਤੇ ਐੱਨ ਐੱਸ ਐੱਸ ਵਿਭਾਗ ਵੱਲੋਂ ਵੋਟਰ ਦਿਵਸ ਨੂੰ ਸਮਰਪਤ ਵਿਦਿਆਰਥੀਆਂ ਵਿੱਚ ਵੋਟ ਦਾ ਅਧਿਕਾਰ ਵਿਸ਼ੇ 'ਤੇ ਭਾਸ਼ਣ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸਿਮਰਨ ਬੀ ਏ ਭਾਗ ਦੂਜਾ ਨੇ ਪਹਿਲਾ, ਪ੍ਰਾਚੀ ਬੀ ਏ ਭਾਗ ਨੇ ਦੂਜਾ ਤੇ ਕੋਮਲ ਬੀ ਕਾਮ ਦੂਜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰੋਗਰਾਮ ਤਹਿਤ ਜੱਜ ਦੀ ਭੂਮਿਕਾ ਪ੍ਰੋ. ਕੁਲਵਿੰਦਰ ਕੁਮਾਰ ਤੇ ਪ੍ਰੋ. ਹਿੰਮਤ ਵਾਟਸ ਨੇ ਨਿਭਾਈ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸਤਵੰਤ ਕੌਰ ਨੇ ਵੋਟ ਬਣਾਉਣ ਤੇ ਇਸ ਦੇ ਸਹੀ ਇਸਤੇਮਾਲ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤਾਂ ਜੋ ਅਸੀਂ ਇਮਾਨਦਾਰ ਸਰਕਾਰ ਚੁਣ ਸਕੀਏ, ਜੋ ਸਾਡਾ ਦੇਸ਼ ਵਿਸ਼ਵ ਪੱਧਰ 'ਤੇ ਵੱਧ ਤੋਂ ਵੱਧ ਪ੍ਰਗਤੀ ਕਰੇ। ਆਖਰ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜਸਕਰਨ ਸਿੰਘ ਭਾਗਸਰ ਨੇ ਕੀਤਾ। ਇਸ ਮੌਕੇ ਪ੍ਰੋ. ਹਰਦਵਿੰਦਰ ਸਿੰਘ, ਪ੍ਰੋ. ਕੰਵਰਜੀਤ ਸਿੰਘ, ਪ੍ਰੋ. ਹਰਮੀਤ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

# ਅਕਾਲੀ ਦਲ ਸੁਤੰਤਰ ਵੱਲੋਂ 26 ਜਨਵਰੀ ਨੂੰ ਕੱਢਿਆ ਜਾਵੇਗਾ ਰੋਸ ਮਾਰਚ



**ਨਾਭਾ (ਵਰਿੰਦਰ ਵਰਮਾ)**

ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਵਿਚ ਅਹਿਮ ਮੀਟਿੰਗ ਹੋਈ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ 26 ਜਨਵਰੀ ਨੂੰ ਬਾਬਾ ਅਜਾਪਾਲ ਘੋੜਿਆਂਵਾਲਾ ਗੁਰਦੁਆਰਾ ਵਿਖੇ ਅਰਦਾਸ ਕਰਨ ਉਪਰੰਤ ਕੇਂਦਰ ਤੇ ਸੂਬਾ ਸਰਕਾਰ ਖਿਲਾਫ਼ ਦੁਪਹਿਰ 3 ਵਜੇ ਰੋਸ ਮਾਰਚ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੁਬਾਰਾ 40 ਦਿਨ ਦੇ ਪੈਰੋਲ ਦੇਣ ਦੇ ਫ਼ੈਸਲੇ ਨੂੰ ਸਰਾਸਰ ਗ਼ਲਤ ਕਰਾਰ ਦਿੱਤਾ। ਉਨ੍ਹਾਂ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਜੇਕਰ ਜਬਰ ਜਨਾਹ ਵਰਗੇ ਸੰਗੀਨ ਦੋਸ਼ਾਂ ਵਿੱਚ ਜੇਲ੍ਹ ਵਿੱਚ ਬੰਦ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ 'ਤੇ ਬਾਹਰ ਭੇਜਿਆ ਜਾ ਸਕਦਾ ਹੈ ਤਾਂ ਆਪਣੇ ਗੁਰਧਾਮਾਂ ਦੇ ਕੀਤੇ ਹਮਲੇ ਦਾ ਬਦਲਾ ਲੈਣ ਵਾਲੇ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕੀਤੀ ਜਾ ਰਹੀ ਹੈ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਦੇਸ ਨੂੰ ਅਜ਼ਾਦ ਕਰਾਉਣ ਲਈ 80 ਪ੍ਰਤੀਸ਼ਤ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਵਾਸਤੇ ਕਾਨੂੰਨ ਵੱਖਰੇ ਬਣਾ ਕੇ ਆਪਣੀਆਂ ਸਜ਼ਾਵਾਂ ਤੋਂ ਵੱਧ ਸਮਾਂ ਬੀਤ ਜਾਣ ਤੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਜਬਰ ਜਿਨਾਹ ਕਰਨ ਵਾਲਿਆਂ ਨੂੰ ਵਾਰ-ਵਾਰ ਪੈਰੋਲ ਦੇ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਿਆ ਜਾ ਰਿਹਾ ਹੈ, ਜੋ ਸਿੱਖ ਕੌਮ ਨਾਲ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਸਖਤ ਸ਼ਬਦਾਂ ਵਿੱਚ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤਰੁੰਤ ਰਿਆਹ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਹਰਬੰਸ ਸਿੰਘ ਖੱਟੜਾ, ਅਮਰ ਸਿੰਘ ਅਮਰ, ਜਰਨੈਲ ਸਿੰਘ ਹਿਆਣਾ, ਜਗਰੂਪ ਸਿੰਘ, ਨਿਰਭੈ ਸਿੰਘ ਰਹਿਲ, ਭੰਗੂਫਲੇੜੇ ਵਾਲਾ ਤੇ ਸੁਰਜੀਤ ਸਿੰਘ ਫੌਜੀ ਆਦਿ ਹਾਜ਼ਰ ਸਨ।

# ਭਾਜਪਾ ਆਗੂਆਂ ਦੀਆਂ ਸੰਗੀਨ ਤੇ ਰੰਗੀਨ ਕਰਤੂਤਾਂ ਦੇਸ਼ ਦੇ ਲੋਕਾਂ ਲਈ ਚੇਤਾਵਨੀ : ਡਾ. ਗੁਪਤਾ

### ਆਪ ਦੇ ਸੂਬਾ ਇੰਚਾਰਜ ਨੇ ਕਿਹਾ ਕਿ ਮੁੱਖ ਮੰਤਰੀ ਆਪਣੀ ਪੀੜ੍ਹੀ ਹੇਠ ਸੋਟਾਂ ਫੇਰਨ



ਸਿਰਸਾ 'ਚ ਪੱਤਰਕਾਰ ਵਾਰਤਾ ਦੌਰਾਨ ਡਾ: ਗੁਪਤਾ।

**ਸਿਰਸਾ (ਸੁਰਿੰਦਰ ਪਾਲ ਸਿੰਘ)**

ਆਪ ਦੇ ਸੂਬਾ ਇੰਚਾਰਜ ਤੇ ਰਾਜ ਸਭਾ ਮੈਂਬਰ ਡਾ. ਸੁਸ਼ੀਲ ਗੁਪਤਾ ਨੇ ਸਿਰਸਾ 'ਚ ਪੱਤਰਕਾਰ ਵਾਰਤਾ ਦੌਰਾਨ ਕਿਹਾ ਕਿ 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਨਾਅਰੇ ਹੇਠ ਭਾਜਪਾ ਆਗੂਆਂ ਦੀਆਂ ਸੰਗੀਨ ਤੇ ਰੰਗੀਨ ਕਰਤੂਤਾਂ ਹੁਣ ਭਾਰਤ ਦੇਸ਼ ਦੇ ਲੋਕਾਂ ਲਈ ਚੇਤਾਵਨੀ ਬਣ ਗਈਆਂ ਹਨ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੋਦੀ ਸਰਕਾਰ ਦੇ ਮੰਤਰੀ, ਸੰਸਦ ਮੈਂਬਰ ਤੇ ਵਿਧਾਇਕ, ਜੋ ਬਲਾਤਕਾਰ ਦੇ ਮਾਮਲਿਆਂ ਵਿੱਚ ਸ਼ਾਮਲ ਹਨ, ਅਜਿਹੇ ਆਗੂ ਹੁਣ 26 ਜਨਵਰੀ ਨੂੰ ਝੰਡਾ ਲਹਿਰਾਉਣਗੇ। ਆਪ ਦੇ ਸੂਬਾ ਇੰਚਾਰਜ ਨੇ ਕਿਹਾ ਕਿ ਹਰਿਆਣਾ 'ਚ ਵੀ ਜੂਨੀਅਰ ਕੋਚ ਨਾਲ ਛੇੜਛਾੜ ਦੇ ਦੋਸ਼ ਦਾ ਸਾਹਮਣਾ ਕਰ ਰਹੇ ਖੇਡ ਮੰਤਰੀ ਸੰਦੀਪ ਸਿੰਘ ਨੂੰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਬਰਖਾਸਤ ਕਰਨਾ ਚਾਹੀਦਾ ਸੀ, ਪਰ ਸਰਕਾਰ ਉਨ੍ਹਾਂ ਨੂੰ ਸਨਮਾਨ ਦੇ ਰਹੀ ਹੈ।ਉਨ੍ਹਾ ਕਿਹਾ ਕਿ ਸੂਬੇ ਦੀਆਂ ਪਹਿਲਵਾਨ ਧੀਆਂ ਜੰਤਰ-ਮੰਤਰ ਵਿਖੇ ਇਨਸਾਫ਼ ਲਈ ਲੜ ਰਹੀਆਂ ਹਨ।ਉਨ੍ਹਾ ਕਿਹਾ ਕਿ 2018 'ਚ ਇੱਕ ਔਰਤ ਨੇ ਸਾਬਕਾ ਕੇਂਦਰੀ ਮੰਤਰੀ ਸ਼ਾਹਨਵਾਜ਼ ਹੁਸੈਨ 'ਤੇ ਵੀ ਬਲਾਤਕਾਰ ਦਾ ਦੋਸ਼ ਲਗਾਇਆ ਸੀ।ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ।ਅਜਿਹੀ ਸਰਕਾਰ ਨੂੰ ਸਬਕ ਸਿਖਾਉਣ ਲਈ ਜਨਤਾ ਕੰਮ ਕਰੇਗੀ।ਇਸ ਮੌਕੇ ਉਨ੍ਹਾਂ ਦੇ ਨਾਲ ਜ਼ੋਨ ਇੰਚਾਰਜ ਲਕਸ਼ੈ ਗਰਗ, ਕੋ-ਇੰਚਾਰਜ ਕੁਲਦੀਪ ਸਿੰਘ ਗੁਦਰਾਣਾ, ਜ਼ਿਲ੍ਹਾ ਪ੍ਰਧਾਨ ਵਰਿੰਦਰ ਕੁਮਾਰ ਐਡਵੋਕੇਟ, ਜ਼ਿਲ੍ਹਾ ਸੰਗਠਨ ਸਕੱਤਰ ਹੈਪੀ ਰਣੀਆ, ਵਿਧਾਨ ਸਭਾ ਸਪੀਕਰ ਹੰਸਰਾਜ, ਕੇ ਸੀ ਕੰਬੋਜ, ਸ਼ਿਆਮ ਮਹਿਤਾ, ਸੁਰਿੰਦਰ ਖੱਟਰ, ਕੁਲਦੀਪ ਭਾਂਬੂ, ਪੂਨਮ ਗੋਦਾਰਾ, ਅਨਿਲ ਚੰਦੇਲ, ਧਰਮਪਾਲ ਲਾਟ ਪ੍ਰਮੋਦ ਵਧਵਾ, ਸਿਕੰਦਰ ਖੱਟਰ, ਕੁਲਦੀਪ ਭਾਂਬੂ, ਰਾਜਨ ਹਿੰਦੁਸਤਾਨੀ, ਸੁਜਲ ਅਨੇਜਾ ਸਮੇਤ ਬਹੁਤ ਸਾਰੇ ਆਪ ਕਾਰਕੁਨ ਹਾਜ਼ਰ ਸਨ।

## ਪ੍ਰਤੀਯੋਗਤਾ 'ਚ ਸੰਤ ਕਬੀਰ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਹਰ ਸਾਲ ਆਯੋਜਤ ਕੀਤੀ ਜਾਂਦੀ ਪ੍ਰਤੀਯੋਗਤਾ ਵਿੱਚ ਸੰਤ ਕਬੀਰ ਸਕੂਲ ਦੇ ਵਿਦਿਆਰਥੀਆਂ ਦਾ ਇਸ ਵਾਰ ਵੀ ਸ਼ਾਨਦਾਰ ਪ੍ਰਦਰਸ਼ਨ ਰਿਹਾ, ਜਿਸ ਵਿੱਚ ਮੈਰਿਟ ਵਿੱਚ ਆਏ ਵਿਦਿਆਰਥੀਆਂ 'ਚੋਂ ਦੂਜੇ ਦਰਜੇ ਦੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਚੌਥਾ ਤੇ ਨਵਦੀਪ ਸਿੰਘ ਨੇ ਪੰਜਵਾਂ, ਤੀਜੇ ਦਰਜੇ 'ਚੋਂ ਦਸਵੀਂ ਦੇ ਵਿਦਿਆਰਥੀ ਤਨਵੀਰ ਸਿੰਘ ਨੇ ਦਸਵਾਂ ਅਤੇ ਅਮਾਨਤ ਕੌਰ ਨੇ ਬਾਰਵਾਂ, ਕੁਇਜ਼ ਮੁਕਾਬਲੇ 'ਚੋਂ ਤਨਵੀਰ ਅਤੇ ਗੁਰਕੀਰਤ ਦੀ ਟੀਮ ਨੇ ਦੂਜਾ ਤੇ ਦਸਤਾਰ ਮੁਕਾਬਲੇ 'ਚੋਂ ਅੱਠਵੀਂ ਜਮਾਤ ਦੇ ਖੁਸ਼ਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੱਚਿਆਂ ਦੀਆਂ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ 'ਤੇ ਸਕੂਲ ਦੇ ਐਮ.ਡੀ. ਪ੍ਰੋ. ਐਮ.ਐਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ ਅਤੇ ਵਾਈਸ ਪ੍ਰਿੰਸੀਪਲ ਕੁਲਵੰਤ ਕੌਰ ਨੇ ਵਧਾਈ ਦਿੱਤੀ ਅਤੇ ਹੌਸਲਾ ਅਫ਼ਜ਼ਾਈ ਕਰਦਿਆਂ ਬੱਚਿਆਂ ਨੂੰ ਅੱਗੇ ਤੋਂ ਵੀ ਇਸੇ ਤਰ੍ਹਾਂ ਹਰ ਮੈਦਾਨ ਵਿੱਚ ਮੱਲਾਂ ਮਾਰਨ ਦੀ ਪ੍ਰੇਰਨਾ ਦਿੱਤੀ।



# ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਮੈਡੀਕਲ ਨਿਰੀਖਣ ਕੈਂਪ ਲਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਇੰਜੀਨੀਅਰ ਅਮਰਜੀਤ ਸਿੰਘ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਵਿੰਦਰ ਕੌਰ ਭੁੱਲਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਤਹਿਤ ਬਲਾਕ ਸਮਾਣਾ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਮੈਡੀਕਲ ਨਿਰੀਖਣ ਕੈਂਪ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਮਾਣਾ 1 ਸ੍ਰੀ ਪ੍ਰੇਮ ਕੁਮਾਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਮਾਣਾ 2, ਸ੍ਰੀ ਭਾਰਤ ਭੂਸ਼ਣ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਮਾਣਾ 3 ਗੁਰਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਸਤੀ ਮੰਦਰ ਵਿਖੇ ਲਾਇਆ ਗਿਆ। ਕੈਂਪ ਵਿੱਚ ਸਮਾਣਾ ਤੇ ਪਾਤੜਾਂ ਇਲਾਕੇ ਦੇ ਲੋੜਵੰਦ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਭਾਗ ਲਿਆ। ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਭਾਰਤ ਭੂਸ਼ਨ ਤੇ ਜ਼ਿਲ੍ਹਾ ਆਈ.ਈ.ਡੀ. ਕੋਆਰਡੀਨੇਟਰ ਪੁਨੀਤ ਸ਼ਰਮਾ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 60 ਬੱਚਿਆਂ ਦਾ ਨਿਰੀਖਣ ਕੀਤਾ ਗਿਆ। ਕੈਂਪ ਦੌਰਾਨ ਡਾਕਟਰਾਂ ਦੇ ਸੁਝਾਅ ਅਨੁਸਾਰ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਟਰਾਈ-ਸਾਈਕਲ, ਵੀਲ੍ਹ ਚੇਅਰ, ਰੋਲੇਟਰ, ਕੈਲੀਬਰ ਐਫੋ-ਕੈਫੋ, ਐੱਮ-ਆਰ ਕਿੱਟ ਤੇ ਹੋਰ ਸਹਾਇਕ ਉਪਕਰਨ ਸਮਾਨ ਵੰਡ ਕੈਂਪ ਵਿੱਚ ਮੁਹੱਈਆ ਕਰਾਇਆ ਜਾਵੇਗਾ। ਜ਼ਿਲ੍ਹੇ ਤੇ ਅਲਿਮਕੋ ਤੋਂ ਆਈ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਇਨ੍ਹਾਂ ਬੱਚਿਆਂ ਦਾ ਚੈੱਕਅਪ ਕੀਤਾ ਗਿਆ। ਬੀ ਪੀ ਈ ਓ ਭਾਰਤ ਭੂਸ਼ਣ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਤੋਂ ਜਾਣੂ ਕਰਾਇਆ ਗਿਆ ਤੇ ਭਵਿੱਖ ਵਿੱਚ ਵਿਭਾਗ ਅਤੇ ਸਰਕਾਰ ਦੀ ਮਦਦ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਪ੍ਰਕਾਰ ਦੀ ਸਹੂਲਤ ਮੁਹੱਈਆ ਕਰਾਉਣ ਬਾਰੇ ਕਿਹਾ ਗਿਆ।

ਉਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਸਰਕਾਰ ਅਤੇ ਵਿਭਾਗ ਵੱਲੋਂ ਕੀਤੀ ਜਾ ਰਹੀ ਮੱਦਦ ਲਈ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ। ਇਸ ਤੋਂ ਇਲਾਵਾ ਇਸ ਕੈਂਪ ਵਿੱਚ ਅਧਿਆਪਕ ਤਲਵਿੰਦਰ ਸਿੰਘ, ਅਰਸ਼ਦੀਪ ਸਿੰਘ ਕਲਰਕ, ਅਮਿਤ ਗੋਇਲ ਲੇਖਾਕਾਰ, ਸ੍ਰੀਮਤੀ ਅਮਰਜੀਤ ਕੌਰ ਡੀ.ਐੱਸ.ਈ.ਟੀ, ਬਲਾਕ ਸਮਾਣਾ 1, 2 ਤੇ 3 ਦੇ ਸਮੂਹ ਆਈਆਈਟੀਜ ਤੇ ਆਈ ਈ ਵੀ ਵਲੰਟੀਅਰਜ਼ ਨੇ ਭਾਗ ਲਿਆ।

## ਗੰਨੇ ਦੀ ਬਕਾਇਆ ਅਦਾਇਗੀ ਸੰਬੰਧੀ ਕਿਸਾਨਾਂ ਵੱਲੋਂ ਤਹਿਸੀਲ ਕੰਪਲੈਕਸ 'ਚ ਧਰਨਾ



**ਧੂਰੀ (ਸੁਖਦੇਵ ਧੂਰੀ)**

ਗੰਨਾ ਕਾਸ਼ਤਕਾਰਾਂ ਵੱਲੋਂ ਸ਼ੂਗਰ ਮਿੱਲ ਵੱਲ ਰਹਿੰਦੀ ਗੰਨੇ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਗੰਨਾ ਸ਼ੰਘਰਸ਼ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਬੁਗਰਾ ਦੀ ਅਗਵਾਈ ਹੇਠ ਤਹਿਸੀਲ ਵਿੱਚ ਧਰਨਾ ਲਾ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਜੀਤ ਬੁਗਰਾ ਨੇ ਕਿਹਾ ਕਿ ਗੰਨਾ ਕਾਸ਼ਤਕਾਰਾਂ ਵੱਲੋਂ ਆਪਣੀ ਗੰਨੇ ਦੀ ਫਸਲ ਦੀ ਬਕਾਇਆ ਰਾਸ਼ੀ ਲੈਣ ਲਈ ਪਿਛਲੇ ਲੰਬੇ ਸਮੇਂ ਤੋਂ ਸ਼ੰਘਰਸ਼ ਕੀਤਾ ਜਾ ਰਿਹਾ ਹੈ ਤੇ ਹੁਣ ਫਿਰ ਸਥਾਨਕ ਸ਼ੂਗਰ ਮਿੱਲ ਵੱਲ ਇਸ ਸੀਜ਼ਨ ਦੀ ਕਰੋੜਾਂ ਰੁਪਏ ਦੀ ਬਕਾਇਆ ਰਾਸ਼ੀ ਗੰਨਾ ਕਾਸ਼ਤਕਾਰਾਂ ਦੀ ਰਹਿੰਦੀ ਹੈ, ਪ੍ਰੰਤੂ ਸ਼ੂਗਰ ਮਿੱਲ ਦੇ ਪ੍ਰਬੰਧਕਾਂ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਪੇਮੈਂਟ ਦਾ ਭੁਗਤਾਨ ਕਰਨ ਦੀ ਬਜਾਏ ਟਾਲ-ਮਟੋਲ ਕੀਤੀ ਜਾ ਰਹੀ ਹੈ।

ਇਸ ਮੌਕੇ ਕਿਸਾਨ ਆਗੂ ਸਰਬਜੀਤ ਸਿੰਘ ਅਲਾਲ, ਅਵਤਾਰ ਸਿੰਘ ਤਾਰੀ ਭੁੱਲਰਹੇੜੀ, ਮੇਵਾ ਸਿੰਘ ਸਾਬਕਾ ਸਰਪੰਚ ਬੱਬਨਪੁਰ, ਸੁਖਵੰਤ ਸਿੰਘ ਚੌਂਦਾ ਸਮੇਤ ਵੱਡੀ ਗਿਣਤੀ 'ਚ ਗੰਨਾ ਕਾਸ਼ਤਕਾਰ ਮੌਜੂਦ ਸਨ।

# ਜੁਝਾਰੂ ਸਿੱਖ ਵੀਰਾਂ ਦੀ ਰਿਹਾਈ ਲਈ ਇਕਜੁੱਟ ਹੋਣ ਪੰਜਾਬੀ : ਡਾ. ਹਰਗੁਰਪ੍ਰਤਾਪ ਸਿੰਘ

**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**

ਜੁਝਾਰੂ ਸਿੱਖ ਵੀਰਾਂ ਦੀ ਰਿਹਾਈ ਲਈ ਸੰਸਾਰ ਭਰ ਵਿੱਚ ਵਸਦੇ ਸਮੂਹ ਪੰਜਾਬੀ ਇਕਜੁਟ ਹੋਣ। ਜੇ ਅਸੀਂ ਅੱਜ ਦੇ ਦੌਰ ਵਿੱਚ ਆਪਣੇ ਵੀਰਾਂ ਭਰਾਵਾਂ ਨੂੰ ਮੌਜੂਦਾ ਭਾਰਤੀ ਸਰਕਾਰਾਂ ਤੋਂ ਛੁਡਾ ਹੀ ਨਹੀਂ ਸਕਦੇ, ਫੇਰ ਅਸੀਂ ਹੋਰ ਕੀ ਕਰ ਸਕਦੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦੀਪ ਹਸਪਤਾਲ ਤੇ ਪੁਆਇਜਨ ਟਰੀਟਮੈਂਟ ਸੈਂਟਰ ਬਰਨਾਲਾ ਰੋਡ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਹਰਗੁਰਪ੍ਰਤਾਪ ਸਿੰਘ ਨੇ ਕਿਹਾ ਕਿ ਭਾਰਤ ਦੀ ਮੋਦੀ ਸਰਕਾਰ ਗਿਣ ਮਿੱਥ ਕੇ ਵੱਖੋ-ਵੱਖਰੀਆਂ ਕੌਮਾਂ, ਧਾਰਮਿਕ ਘੱਟ ਗਿਣਤੀਆਂ, ਵੱਖਰੇ ਵਿਚਾਰਾਂ ਵਾਲੀਆਂ ਧਿਰਾਂ ਤੇ ਦਲਿਤਾਂ-ਆਦਿ ਵਾਸੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਰਾਹ ਪਈ ਹੋਈ ਹੈ। ਪੂਰੇ ਦੇਸ ਵਿੱਚ ਆਦਿਵਾਸੀਆਂ, ਬੁੱਧੀਜੀਵੀਆਂ, ਕਵੀਆਂ, ਲੇਖਕਾਂ, ਕਾਮਰੇਡਾਂ, ਨਕਸਲਵਾਦੀਆਂ, ਅੰਬੇਡਕਰ ਵਾਦੀਆਂ, ਦਲਿਤਾਂ, ਮੁਸਲਮਾਨਾਂ, ਵਿਦਿਆਰਥੀਆਂ ਨੂੰ ਲਗਾਤਾਰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਤੇ ਕਾਲੇ ਕਾਨੂੰਨ ਥੋਪ ਕੇ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ।



ਪੰਜਾਬੀ ਕੌਮ ਦੇ ਅਹਿਮ ਮਸਲਿਆਂ ਨੂੰ ਘੱਟੇ ਵਿੱਚ ਰੋਲ ਕੇ ਕੌਮ ਦੀ ਅਣਖ-ਇੱਜ਼ਤ ਨੂੰ ਦਿੱਲੀ ਦਰਬਾਰ ਦੇ ਮੂਹਰੇ ਨੀਚਾ ਦਿਖਾਉਣ ਦੀਆਂ ਸਾਜ਼ਿਸ਼ਾਂ ਵੱਡੀ ਪੱਧਰ 'ਤੇ ਚੱਲ ਰਹੀਆਂ ਹਨ। ਸਿੱਖ ਘੱਟ ਗਿਣਤੀਆਂ ਵੀਰਾਂ-ਭਰਾਵਾਂ ਦੇ ਹੱਕੀ ਮਸਲੇ ਜਾਣ ਬੁੱਝ ਕੇ ਲਟਕਾਏ ਜਾ ਰਹੇ ਹਨ ਤੇ ਉਨ੍ਹਾਂ ਨੂੰ ਨਜਾਇਜ਼ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਜੁੰਡਲੀ ਪੰਜਾਬੀ ਕੌਮ ਤੇ ਸਿੱਖ ਧਰਮ ਦੇ ਅਹਿਮ ਮਸਲਿਆਂ 'ਤੇ ਨਰਿੰਦਰ ਮੋਦੀ ਦੀ ਹੀ ਬੋਲੀ ਬੋਲ ਰਹੇ ਹਨ। ਮੋਦੀ ਸਰਕਾਰ ਨੇ ਆਪਣੇ ਕਾਲੇ ਕਾਰਨਾਮਿਆਂ ਨਾਲ ਉਤਰਾਖੰਡ ਨੂੰ ਤਬਾਹੀ ਦੇ ਕਗਾਰ ਤੇ ਲਿਆ ਖੜ੍ਹਾਇਆ ਹੈ। ਕਸ਼ਮੀਰ ਤੇ ਲੱਦਾਖ ਵਿੱਚ ਲੁੱਟ ਖਸੁੱਟ ਦੀਆਂ ਨਵੀਂਆਂ ਇਬਾਰਤਾਂ ਲਿਖਣ ਦਾ ਮੁੱਢ ਬੰਨ੍ਹ ਰੱਖਿਆ ਹੈ। ਅਜਿਹੇ ਮਾੜੇ ਸਮੇਂ ਵਿੱਚ ਪੰਜਾਬ ਵਿਚੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚੇ ਦਾ ਲੱਗਣਾ ਇਕ ਬਹੁਤ ਹੀ ਅਹਿਮ ਤੇ ਸਕਾਰਾਤਮਕ ਕਦਮ ਹੈ। ਇਸ ਵਕਤ ਬੰਦੀ ਸਿੰਘਾਂ ਦੀ ਰਿਹਾਈ ਲਈ ਇਕਜੁਟ ਹੋ ਸੰਘਰਸ਼ ਕਰਨਾ ਹਰ ਪੰਜਾਬੀ ਤੇ ਇਨਸਾਫ਼ ਪਸੰਦ ਵੀਰ-ਭੈਣ ਦਾ ਮੁੱਢਲਾ ਕਾਰਜ ਹੈ। ਸਾਨੂੰ ਸਾਰੇ ਡਾਕਟਰਾਂ, ਬੁੱਧੀਜੀਵੀਆਂ, ਲੇਖਕਾਂ, ਕਾਮਰੇਡਾਂ, ਅੰਬੇਦਕਰਵਾਦੀਆਂ, ਵਿਦਿਆਰਥੀਆਂ ਤੇ ਸਿੱਖ ਵੀਰਾਂ-ਭੈਣਾਂ ਨੂੰ ਇਕਜੁਟ ਹੋ ਇਸ ਸੰਘਰਸ਼ ਨੂੰ ਜ਼ਾਬਤਾਬੱਧ ਤਰੀਕੇ ਨਾਲ ਲੜਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਡਾਕਟਰ ਨਵਦੀਪ ਸਿੰਘ ਨੰਗਲ, ਸੁਖਜੀਤ ਸਿੰਘ ਸਿੰਘ ਧੂੜਕੋਟ, ਡਾਕਟਰ ਮਨਪ੍ਰੀਤ ਸਿੰਘ ਅਪੋਲੋ ਲੈਬ, ਗੁਰਦੀਪ ਸਿੰਘ ਬੱਧਨੀ ਕਲਾਂ, ਜਗਦੀਪ ਸਿੰਘ ਰਾਮਾਂ ਵੀ ਹਾਜ਼ਰ ਸਨ।

## ਕੰਵਰਦੀਪ ਸਿੰਘ ਨੇ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ, ਸਮਾਜਿਕ ਨਿਆਂ, ਅਧਿਕਾਰਤਾਂ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਦੀ ਮੌਜੂਦਗੀ ਵਿੱਚ ਐਸ.ਏ.ਐਸ ਨਗਰ ਸੈਕਟਰ-68, ਉਦਯੋਗ ਭਵਨ ਵਿਖੇ ਕੰਵਰਦੀਪ ਸਿੰਘ ਨੇ ਅੱਜ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਪੰਜਾਬ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ। ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਇਹ ਵਾਅਦਾ ਕੀਤਾ ਗਿਆ ਸੀ ਕਿ ਸੂਬੇ ਵਿੱਚ ਇਮਾਨਦਾਰ, ਨਿਰਪੱਖ ਅਤੇ ਅਗਾਂਹਵਧੂ ਸੋਚ ਵਾਲੇ ਆਗੂਆਂ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ ਅਤੇ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਚੇਅਰਮੈਨ ਵਜੋਂ ਇੱਕ ਇਮਾਨਦਾਰ ਆਗੂ ਕੰਵਰਦੀਪ ਸਿੰਘ ਦੀ ਨਿਯੁਕਤੀ ਵੀ ਇਸੇ ਸੋਚ ਦਾ ਹਿੱਸਾ ਹੈ। ਕੰਵਰਦੀਪ ਸਿੰਘ ਬੱਚਿਆਂ ਪੱਖੀ ਨੀਤੀਆਂ ਨੂੰ ਪ੍ਰਭਾਵਸਾਲੀ ਢੰਗ ਨਾਲ ਲਾਗੂ ਕਰਨ ਲਈ ਸਰਕਾਰ ਅਤੇ ਸੰਸਥਾਵਾਂ ਵਿਚਕਾਰ ਇੱਕ ਪੁੱਲ ਵਜੋਂ ਕੰਮ ਕਰਨਗੇ। ਕੰਵਰਦੀਪ ਸਿੰਘ ਨੂੰ ਵਧਾਈ ਦਿੰਦਿਆਂ ਡਾ. ਬਲਜੀਤ ਕੌਰ ਨੇ ਬੱਚਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਸਰਕਾਰੀ ਸਕੀਮਾਂ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕੰਵਰਦੀਪ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸੀਨੀਅਰ ਲੀਡਰਸ਼ਿਪ ਦਾ ਉਨ੍ਹਾਂ ਵਿੱਚ ਵਿਸ਼ਵਾਸ ਦਿਖਾਉਣ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਆਪਣੀ ਯੋਗਤਾ ਅਤੇ ਤਨਦੇਹੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਜਲੰਧਰ ਦਾ ਕੰਵਰਦੀਪ ਸਿੰਘ ਇੱਕ ਉਦਯੋਗਪਤੀ ਅਤੇ ਇੱਕ ਸਮਾਜ ਸੇਵਕ ਹੈ। ਇਸ ਮੌਕੇ ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਸਕੱਤਰ ਸ੍ਰੀਮਤੀ ਵਿੰਮੀ ਭੁੱਲਰ, ਮੈਂਬਰ ਮਿਸ ਸਿਮਰਨਜੀਤ ਕੌਰ ਅਤੇ ਡਿਪਟੀ ਡਾਇਰੈਕਟਰ ਰਾਜਵਿੰਦਰ ਸਿੰਘ ਗਿੱਲ ਵੀ ਹਾਜ਼ਰ ਸੀ।

## ...ਸ.ਫਾ 1 ਦੇ ਬਾਕੀ

### ਸੁਆਹ ਬੰਦ ਕਰਨ ਦੀ ਮੰਗ...

ਚਾਹੀਦੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੇ ਇਕ ਗਰੁੱਪ ਦੇ ਦੋ ਲੀਡਰਾਂ ਨੇ ਪਾਵਰ ਪਲਾਂਟ ਦੇ ਪ੍ਰਬੰਧਕਾਂ ਦੇ ਇਸ਼ਾਰੇ ਉੱਤੇ ਕਿਸਾਨਾਂ ਨੂੰ ਗੁੰਮਰਾਹ ਕਰਕੇ ਸ਼ਹਿਰ ਵਾਸੀਆਂ ਵਿਰੁੱਧ ਭੜਕਾਉਣ ਦੀ ਸਾਜ਼ਿਸ਼ ਰਚੀ, ਪਰ ਕਿਸਾਨਾਂ ਨੇ ਅਸਲੀਅਤ ਜਾਣ ਕੇ ਉਹਨਾਂ ਦੀ ਇਹ ਸਾਜਿਸ਼ ਫੇਲ੍ਹ ਕਰ ਦਿੱਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਕੁਲਵਿੰਦਰ ਸਿੰਘ ਵੜੈਚ, ਸੋਹਨ ਸਿੰਘ ਸਲੇਮਪੁਰੀ, ਜਰਨੈਲ ਸਿੰਘ ਖਾਲਸਾ, ਬਿੱਲਾ ਗੁੱਜਰ, ਪੁਨੀਤ ਕਲੇਰ, ਪ੍ਰੋ. ਦਿਲਬਾਗ ਸਿੰਘ, ਸਤੀਸ਼ ਕੁਮਾਰ, ਅਸ਼ਵਨੀ ਜੋਸ਼ੀ, ਬਲਜਿੰਦਰ ਸਿੰਘ, ਲਲਿਤ ਓਹਰੀ, ਸਤਨਾਮ ਸਿੰਘ ਗੁਲਾਟੀ, ਬਲਵੀਰ ਕੁਮਾਰ, ਬੀਬੀ ਗੁਰਬਖਸ਼ ਕੌਰ ਸੰਘਾ, ਗੁਰਮਿੰਦਰ ਸਿੰਘ ਬਡਵਾਲ, ਪਰਮ ਸਿੰਘ ਖਾਲਸਾ ਐੱਮ ਸੀ, ਕੁਲਦੀਪ ਸਿੰਘ ਸੁਜੋਂ, ਹਰਮੇਸ਼ ਡੁਲੇਰੀਆ, ਜਸਪਾਲ ਸਿੰਘ ਗਿੱਦਾ, ਮੁਕੰਦ ਲਾਲ, ਪ੍ਰਵੀਨ ਕੁਮਾਰ, ਹਰੇ ਰਾਮ ਸਿੰਘ, ਕਮਲਜੀਤ ਸਨਾਵਾ, ਪ੍ਰਿਤਪਾਲ ਸਿੰਘ, ਬੂਟਾ ਸਿੰਘ ਮਹਿਮੂਦਪੁਰ ਤੇ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸੁਆਹ ਦੇ ਮਸਲੇ ਉੱਤੇ ਸ਼ਹਿਰ ਵਾਸੀ ਹੁਣ ਉੱਠ ਖੜ੍ਹੇ ਹਨ, ਜਿਹਨਾਂ ਨੂੰ ਨਾ ਹੀ ਦਬਾਇਆ ਜਾ ਸਕਦਾ ਹੈ, ਨਾ ਹੀ ਭਰਮਾਇਆ ਜਾ ਸਕਦਾ ਹੈ। ਪਾਵਰ ਪਲਾਂਟ ਦੀ ਸੁਆਹ ਦੇ ਵਿਰੁੱਧ ਸ਼ਹਿਰ ਵਾਸੀਆਂ ਦੀ ਲਹਿਰ ਉੱਠ ਖੜ੍ਹੀ ਹੈ, ਜੋ ਇਹ ਸੰਘਰਸ਼ ਜਿੱਤਣ ਤੋਂ ਬਾਅਦ ਹੀ ਰੁਕੇਗੀ। ਇਸ ਮੌਕੇ ਪੂਨਮ ਮਾਣਕ, ਆਪ ਦੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ, ਚਰਨਜੀਤ ਸਿੰਘ, ਹਰਬੰਸ ਕੌਰ ਤੇ ਮਜਿੰਦਰ ਕੌਰ ਆਦਿ ਆਗੂ ਵੀ ਮੌਜੂਦ ਸਨ।

### ਸਾਂਝੀ ਸੂਬਾਈ ਕਨਵੈਨਸ਼ਨ...

ਅੰਦਰ ਆਰ ਐੱਸ ਐੱਸ ਦੇ ਨਿਰਦੇਸ਼ਾਂ ਅਨੁਸਾਰ ਚੱਲ ਰਹੀ ਭਾਜਪਾ ਸਰਕਾਰ ਦੇ ਮਨਸੂਬੇ ਬੜੇ ਖਤਰਨਾਕ ਹਨ। ਦੇਸ਼ ਸੰਵਿਧਾਨ ਅਨੁਸਾਰ ਨਹੀਂ, ਬਲਕਿ ਮਨੂ ਸਿਮਰਤੀ ਮੁਤਾਬਕ ਚਲਾਇਆ ਜਾ ਰਿਹਾ। ਦੇਸ਼ ਅੰਦਰ ਸਮੰਤਵਾਦੀ ਵਿਵਸਥਾ ਕਾਇਮ ਕਰਨ ਲਈ ਮਨੂ ਸਿਮਰਤੀ ਦੇ ਪੈਰੋਕਾਰਾਂ ਅਤੇ ਵੱਡੇ ਧਨਾਢਾਂ ਦਾ ਗੱਠਜੋੜ ਹੋ ਗਿਆ ਹੈ। ਉਨ੍ਹਾ ਕਿਹਾ ਕਿਰਤੀ ਵਰਗ ਦੀ ਬੰਦਖਲਾਸੀ ਲਈ ਵੱਡੀ ਲੜਾਈ ਵਿੱਢਣੀ ਹੋਵੇਗੀ। ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਪੰਜਾਬ ਵਿੱਚ ਵਧ ਰਹੇ ਨਸ਼ੇ, ਤਲਾਕ ਅਤੇ ਹੋਰ ਸਮਾਜੀ ਬਿਮਾਰੀਆਂ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ। ਹੱਕ ਮੰਗਦੇ ਮਜ਼ਦੂਰਾਂ 'ਤੇ ਪੁਲਸ ਵੱਲੋਂ ਵਰ੍ਹਾਈਆਂ ਡਾਂਗਾਂ ਦੇ ਹਵਾਲੇ ਨਾਲ ਸਰਹਾਲੀ ਕਲਾਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪਹਿਲੀਆਂ ਸਰਕਾਰਾਂ ਦੇ ਰਾਹ 'ਤੇ ਹੀ ਚੱਲ ਰਹੀ ਹੈ। ਕੁਲ ਹਿੰਦ ਮਜ਼ਦੂਰ ਯੂਨੀਅਨ ਦੇ ਕੌਮੀ ਮੀਤ ਪ੍ਰਧਾਨ ਭੂਪ ਚੰਦ ਚੰਨੋ ਨੇ ਕਿਹਾ ਕਿ ਮਜ਼ਦੂਰ ਵਿਹੜਿਆਂ ਵਿੱਚ ਚੇਤਨਾ ਦੇ ਚਾਨਣ ਦਾ ਛੱਟਾ ਦੇਣਾ ਸਮੇਂ ਦੀ ਲੋੜ ਹੈ। ਕਨਵੈਨਸ਼ਨ ਨੂੰ ਪੰਜਾਬ ਮੁਕਤੀ ਮੋਰਚਾ ਦੇ ਜਨਰਲ ਸਕੱਤਰ ਹਰਵਿੰਦਰ ਸੇਮਾ, ਬਲਦੇਵ ਭਾਰਤੀ, ਸੀਵਰੇਜ ਬੋਰਡ ਕਰਮਚਾਰੀ ਯੂਨੀਅਨ ਦੇ ਆਗੂ ਵਿਜੇ ਕੁਮਾਰ ਨੇ ਵੀ ਸੰਬੋਧਨ ਕੀਤਾ। ਕਨਵੈਨਸ਼ਨ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ਼ ਮਾਲੜੀ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਪਰਮਜੀਤ ਸਿੰਘ ਕਲਸੀ ਨੇ ਭਰਾਤਰੀ ਜਥੇਬੰਦੀਆਂ ਵਜੋਂ ਹਾਜ਼ਰੀ ਲਗਵਾਈ। ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਭਗਵੰਤ ਸਮਾਓ ਨੇ ਕਨਵੈਨਸ਼ਨ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮਾਰਚ ਮਹੀਨੇ ਵਿੱਚ ਖੇਤ ਮਜ਼ਦੂਰ ਅਤੇ ਦਲਿਤ ਜਥੇਬੰਦੀਆਂ ਵੱਲੋਂ ਵੱਡਾ ਪ੍ਰੋਗਰਾਮ ਕੀਤਾ ਜਾਵੇਗਾ। ਸਟੇਜ ਚਲਾਉਣ ਦੇ ਫਰਜ਼ ਕੁਲ ਹਿੰਦ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ ਨੇ ਨਿਭਾਏ। ਕਨਵੈਨਸ਼ਨ ਵਿੱਚ ਹੋਰਨਾਂ ਤੋਂ ਇਲਾਵਾ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਛਪਾਲ ਕੈਲੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਕਨਵੀਨਰ ਸਿਕੰਦਰ ਸੰਧੂ ਤੇ ਕਾਮਰੇਡ ਵੀਰ ਕੁਮਾਰ ਵੀ ਸ਼ਾਮਲ ਸਨ।

### ਮੋਦੀ ਸਰਕਾਰ ਦਾ ਪੰਜਾਬ...

ਅਰਸ਼ੀ ਨੇ 26 ਜਨਵਰੀ ਗਣਤੰਤਰ ਦਿਵਸ ਮੌਕੇ ਪੰਜਾਬ ਦੀਆਂ ਝਾਕੀਆ ਨੂੰ ਸ਼ਾਮਲ ਨਾ ਕਰਨ ਸੰਬੰਧੀ ਅਫਸੋਸ ਕੀਤਾ। ਉਹਨਾ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ ਲਾਮਬੰਦੀ ਦਾ ਸੱਦਾ ਦਿੱਤਾ ਅਤੇ ਨਹਿਰੀ ਵਿਭਾਗ ਵਿਰੁੱਧ ਚੱਲ ਰਹੇ ਧਰਨੇ ਦੀ ਕਾਮਯਾਬੀ ਲਈ ਹਰ ਸੰਭਵ ਸਹਿਯੋਗ ਦੀ ਅਪੀਲ ਕੀਤੀ।

ਧਰਨੇ ਨੂੰ ਜਮਹੂਰੀ ਕਿਸਾਨ ਸਭਾ ਦੇ ਅਮਰੀਕ ਫਫੜੇ, ਪੰਜਾਬ ਕਿਸਾਨ ਯੂਨੀਅਨ ਦੇ ਅੰਮ੍ਰਿਤਪਾਲ ਸਿੰਘ, ਬੀ ਕੇ ਯੂ ਉਗਰਾਹਾਂ ਦੇ ਸਿਮਰਨਜੀਤ ਸਿੰਘ, ਬੀ ਕੇ ਯੂ ਕਾਦੀਆਂ ਦੇ ਰੂਪ ਸਿੰਘ, ਬੀ ਕੇ ਯੂ ਸਿੱਧੂਪੁਰ ਦੇ ਗਾਂਧੀ ਸਿੰਘ ਅਤੇ ਬੀ ਕੇ ਐੱਮ ਯੂ ਦੇ ਕ੍ਰਿਸ਼ਨ ਚੌਹਾਨ ਆਦਿ ਆਗੂਆਂ ਨੇ ਸੰਬੋਧਨ ਕਿਹਾ ਕਿ ਨਹਿਰੀ ਵਿਭਾਗ ਵੱਲੋਂ ਮੰਗਾਂ ਮੰਨਣ ਸੰਬੰਧੀ ਕੀਤੀ ਜਾ ਰਹੀ ਆਨਾਕਾਨੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਗੂਆਂ ਨਹਿਰ ਨੂੰ ਠੀਕ ਤਰੀਕੇ ਨਾਲ ਬਣਾਉਣ, ਸੜਕ ਲਈ ਜਗ੍ਹਾ ਅਤੇ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਹੋਣ ਤੱਕ ਸੰਘਰਸ਼ ਨੂੰ ਜਾਰੀ ਰੱਖਣ ਦੀ ਗੱਲ ਕੀਤੀ। ਧਰਨੇ ਸਮੇਂ ਧਰਨਾਕਾਰੀਆਂ ਵੱਲੋਂ ਆਗੂਆਂ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀ ਅਰਥੀ ਫੂਕੀ ਗਈ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਫਰਵਾਹੀ, ਕੁਲਦੀਪ ਸਿੰਘ ਫਫੜੇ, ਹਾਕਮ ਸਿੰਘ ਫਫੜੇ, ਨਾਤਾ ਸਿੰਘ, ਸੁੱਚਾ ਸਿੰਘ ਮੈਂਬਰ ਤੇ ਗੁਰਚਰਨ ਸਿੰਘ ਨੇ ਸੰਬੋਧਨ ਕੀਤਾ।

### ਰਾਘਵ ਚੱਢਾ ਦਾ ਲੰਡਨ...

ਅਗੇਂਸਟ ਕੁਰੱਪਸ਼ਨ ਮੂਵਮੈਂਟ' ਵਿੱਚ ਹਿੱਸਾ ਲਿਆ। ਅੰਦੋਲਨ ਤੋਂ ਆਮ ਆਦਮੀ ਪਾਰਟੀ ਦਾ ਗਠਨ ਹੋਇਆ ਅਤੇ ਰਾਘਵ ਚੱਢਾ ਇਸ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ ਅਤੇ ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਕੰਮ ਕੀਤਾ। 2022 ਵਿੱਚ ਸਿਰਫ 33 ਸਾਲ ਦੀ ਉਮਰ ਵਿੱਚ, ਉਹ ਭਾਰਤੀ ਸੰਸਦ ਦੇ ਉਪਰਲੇ ਸਦਨ, ਰਾਜ ਸਭਾ ਵਿੱਚ ਸਭ ਤੋਂ ਘੱਟ ਉਮਰ ਦੇ ਸੰਸਦ ਮੈਂਬਰ ਬਣੇ, ਜਿੱਥੇ ਉਹ ਪੰਜਾਬ ਰਾਜ ਦੀ ਨੁਮਾਇੰਦਗੀ ਕਰਦੇ ਹਨ। ਪਿਛਲੇ ਸਾਲ ਉਨ੍ਹਾਂ ਨੂੰ ਵਿਸ਼ਵ ਆਰਥਿਕ ਫੋਰਮ ਦੁਆਰਾ ਨੌਜਵਾਨ ਗਲੋਬਲ ਲੀਡਰ ਵਜੋਂ ਸਨਮਾਨਿਤ ਕੀਤਾ ਗਿਆ ਸੀ। ਰਾਘਵ ਚੱਢਾ ਨੇ ਕਿਹਾ ਕਿ "ਇਹ ਪੁਰਸਕਾਰ ਕਿਸੇ ਵਿਅਕਤੀ ਦੀਆਂ ਪ੍ਰਾਪਤੀਆਂ ਦੀ ਮਾਨਤਾ ਨਹੀਂ ਹੈ, ਸਗੋਂ ਮੇਰੇ ਨੇਤਾ ਅਰਵਿੰਦ ਕੇਜਰੀਵਾਲ ਦੁਆਰਾ ਪੇਸ਼ ਕੀਤੀ ਗਈ ਰਾਜਨੀਤੀ ਦੇ ਇੱਕ ਨਵੇਂ ਬ੍ਰਾਂਡ ਨੂੰ ਮਾਨਤਾ ਹੈ।

**Reliance Asset Reconstruction Co. Ltd.**
RELIANCE Asset Reconstruction
Registered Office:11th Floor, North Side, R-Tech Park, Western Express Highway, Goregaon (East), Mumbai 400 063.

ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੇ ਇੰਡੀਅਨ ਬੈਂਕ ਕੋਲੋਂ ਵੱਖ-ਵੱਖ ਕਰਜ਼ਾ ਸਹੂਲਤਾਂ ਪ੍ਰਾਪਤ ਕੀਤੀਆਂ ਹਨ। ਕਰਜ਼ਦਾਰ ਵਿੱਤੀ ਅਨੁਸ਼ਾਸਨ ਬਰਕਰਾਰ ਰੱਖਣ 'ਚ ਅਸਫਲ ਰਹੇ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਅਨੁਸਾਰ ਇੰਡੀਅਨ ਬੈਂਕ ਵੱਲੋਂ 06.04.2015 ਨੂੰ ਕਰਜ਼ਾ ਖਾਤਾ ਨਾਨ-ਪ੍ਰਾਫਾਰਮਿੰਗ ਐਸੱਟ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤਾ ਗਿਆ ਹੈ। ਇੰਡੀਅਨ ਬੈਂਕ ਨੇ ਮਿਤੀ 28.09.2018 ਕੀਤੇ ਗਏ ਇਕਰਾਰਨਾਮੇ ਅਨੁਸਾਰ ਹੇਠਾਂ ਦਰਸਾਏ ਕਰਜ਼ਦਾਰਾਂ ਦੇ ਵਿੱਤੀ ਐੱਸਟਸ ਸਮੇਤ ਇਸ ਦੇ ਬਾਰੇ ਅਧਿਕਾਰਾਂ, ਟਾਈਟਲ ਅਤੇ ਇੰਟਰੈੱਸਟ, ਸਮੇਤ ਸਾਰੇ ਅੰਡਰਲਾਈਨਿੰਗ ਸਕਿਉਰਟੀ ਇੰਟਰੈੱਸਟ, ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ, ਆਰ ਏ ਆਰ ਸੀ 052 (ਆਈ ਬੀ ਰਿਟੇਲ) ਟਰੱਸਟ ਦੇ ਟਰੱਸਟੀ ਵਜੋਂ ਇਸ ਦੇ ਹੱਕ ਵਿੱਚ ਦਿੱਤੇ ਗਏ ਹਨ। ਉਕਤ ਇਕਰਾਰਨਾਮੇ ਦੀ ਪਾਲਣਾ 'ਚ ਨਿਮਨਹਸਤਾਖਰੀ ਅਧਿਕਾਰਤ ਅਫਸਰ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਜਿਸਟਰਡ ਡਾਕ ਰਾਹੀਂ ਮਿਤੀ 13.12.2022 ਨੂੰ ਡਿਮਾਂਡ ਨੋਟਿਸ ਭੇਜੇ ਸਨ ਅਤੇ ਕਰਜ਼ਦਾਰਾਂ ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਉਕਤ ਨੋਟਿਸਾਂ 'ਚ ਦਰਸਾਏ ਸਾਰੇ ਖੜ੍ਹੇ ਬਕਾਏ ਵਾਪਸ ਮੋੜਨ ਲਈ ਕਿਹਾ ਸੀ। ਬੇਸ਼ੱਕ, ਜਿਵੇਂ ਕਿ ਹੇਠਾਂ ਦਰਸਾਈਆਂ ਪਾਰਟੀਆਂ ਨੂੰ ਡਿਮਾਂਡ ਨੋਟਿਸ ਭੇਜੇ ਨਹੀਂ ਜਾ ਸਕੇ, ਇੱਥੇ ਉਹੀ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੇਵਾ ਦੇ ਬਦਲਵੇਂ ਢੰਗ ਰਾਹੀਂ ਦਰਸਾਏ ਗਏ ਹਨ।

ਵੇਰਵਾ ਹੇਠ ਲਿਖੇ ਅਨੁਸਾਰ ਹੈ

| ਕਰਜ਼ਦਾਰ/ਗਰੰਟਰ/ਰਹਿਣਕਾਰਾਂ ਆਦਿ ਦਾ ਨਾਂਅ ਅਤੇ ਪਤਾ | ਬਕਾਇਆ ਰਕਮ (ਰੁਪਏ 'ਚ) |
|---|---|
| 1. ਮੈਸ: ਰਾਜਾ ਆਈਸ ਫੈਕਟਰੀ (ਕਰਜ਼ਦਾਰ) ਪਿੰਡ ਭਾਦਸੋਂ, ਭਾਦਸੋਂ ਰੋਡ, ਪਟਿਆਲਾ-147001 2. ਸ੍ਰੀ ਜਗਮੋਹਨ ਸਿੰਘ ਸਾਹਨੀ (ਮਾਲਕ ਅਤੇ ਰਹਿਣਕਾਰ) ਮਕਾਨ ਨੰ. 6, ਗਲੀ ਨੰ. 4, ਗੁਰੂ ਨਾਨਕ ਨਗਰ, ਪਟਿਆਲਾ-147001 3. ਸ੍ਰੀਮਤੀ ਹਰਮਿੰਦਰ ਕੌਰ ਸਾਹਨੀ (ਗਰੰਟਰ ਅਤੇ ਰਹਿਣਕਾਰ), ਮਕਾਨ ਨੰ. 6, ਗਲੀ ਨੰ. 4, ਗੁਰੂ ਨਾਨਕ ਨਗਰ, ਪਟਿਆਲਾ-147001 | ਰੁਪਏ 37,71,277.8/- (ਸੈਂਤੀ ਲੱਖ ਇਕੱਤਰ ਹਜ਼ਾਰ ਦੋ ਸੌ ਸਤੱਤਰ ਰੁਪਏ ਅਤੇ ਅੱਠ ਪੈਸੇ ਕੇਵਲ) 30.11.2022 ਨੂੰ ਬਕਾਇਆ ਸਮੇਤ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ 11.70 ਫੀਸਦੀ ਦੀ ਦਰ ਨਾਲ ਇਸ ਉਪਰ ਵਿਆਜ ਦੀ ਮੁਕੰਮਲ ਅਦਾਇਗੀ। |

ਸਕਿਉਰਡ ਚੱਲ/ਅਚੱਲ ਜਾਇਦਾਦ ਦਾ ਵੇਰਵਾ : ਪ੍ਰਾਇਮਰੀ ਸਕਿਉਰਟੀ : ਰਿਹਾਇਸ਼ੀ ਮਕਾਨ ਜਾਇਦਾਦ ਦਾ ਉਚਿਤ ਗਿਰਵੀਨਾਮਾ, ਮਕਾਨ ਨੰ. 6, ਗਲੀ ਨੰ. 4, ਗੁਰੂ ਨਾਨਕ ਨਗਰ, ਪਟਿਆਲਾ-147001, ਸ੍ਰੀ ਜਗਮੋਹਨ ਸਿੰਘ ਸਾਹਨੀ ਅਤੇ ਸ੍ਰੀਮਤੀ ਹਰਮਿੰਦਰ ਕੌਰ ਸਾਹਨੀ ਦੀ ਮਲਕੀਅਤ, ਰਕਬਾ 210 ਵਰਗ ਗਜ਼ (ਕਰੀਬ 1890 ਵਰਗ ਫੁੱਟ) ਪਲਾਟ, ਜਿਸ ਉਪਰ ਮਕਾਨ ਬਣਾਇਆ ਗਿਆ ਹੈ, ਦੀਆਂ ਹੱਦਾਂ : ਪੂਰਬ : ਹਰਮਿੰਦਰਪਾਲ ਸਿੰਘ ਦਾ ਮਕਾਨ, ਪੱਛਮ : 20 ਫੁੱਟ ਚੌੜੀ ਸੜਕ, ਉੱਤਰ : ਅਮਰੀਕ ਸਿੰਘ ਦੀ ਜਾਇਦਾਦ, ਦੱਖਣ : ਗੁਰਦੇਵ ਸਿੰਘ ਦਾ ਮਕਾਨ।

60 ਦਿਨਾਂ ਦੇ ਅੰਦਰ ਉਕਤ ਮੁਕੰਮਲ ਬਕਾਇਆ ਰਕਮ ਵਾਪਸ ਮੋੜਨ 'ਚ ਅਸਫਲ ਰਹਿਣ 'ਤੇ ਨਿਮਨ ਹਸਤਾਖਰੀ ਸਰਫੇਸੀ ਐਕਟ ਦੀਆਂ ਵਿਵਸਥਾਵਾਂ ਉਪਰੋਕਤ ਸਕਿਉਰਡ ਐੱਸਟਸ 'ਤੇ ਲਾਗੂ ਕਰਨ ਦਾ ਪਾਬੰਦ ਹੋਵੇਗਾ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਅਨੁਸਾਰ ਤੁਹਾਡੇ 'ਤੇ ਕਿਸੇ ਵੀ ਸਕਿਉਰਡ ਐੱਸਟਸ ਸੰਬੰਧੀ ਸੌਦੇਬਾਜ਼ੀ ਕਰਨ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਕਰਨ 'ਤੇ ਪਾਬੰਦੀ ਹੈ। ਇਸ ਵਿਵਸਥਾ ਦੀ ਕੋਈ ਉਲੰਘਣਾ ਸਰਫੇਸੀ ਐਕਟ ਅਧੀਨ ਇੱਕ ਜੁਰਮ ਹੈ ਅਤੇ ਦੰਡਯੋਗ ਹੈ।

ਸਥਾਨ : ਪਟਿਆਲਾ ਸਹੀ/-
ਮਿਤੀ : 24-01-2023 ਅਧਿਕਾਰਤ ਅਫਸਰ

**Reliance Asset Reconstruction Co. Ltd.**
RELIANCE Asset Reconstruction
Registered Office:11th Floor, North Side, R-Tech Park, Western Express Highway, Goregaon (East), Mumbai 400 063.

ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੇ ਇੰਡੀਅਨ ਬੈਂਕ ਕੋਲੋਂ ਵੱਖ-ਵੱਖ ਕਰਜ਼ਾ ਸਹੂਲਤਾਂ ਪ੍ਰਾਪਤ ਕੀਤੀਆਂ ਹਨ। ਕਰਜ਼ਦਾਰ ਵਿੱਤੀ ਅਨੁਸ਼ਾਸਨ ਬਰਕਰਾਰ ਰੱਖਣ 'ਚ ਅਸਫਲ ਰਹੇ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਅਨੁਸਾਰ ਇੰਡੀਅਨ ਬੈਂਕ ਵੱਲੋਂ 23.10.2014 ਨੂੰ ਕਰਜ਼ਾ ਖਾਤਾ ਨਾਨ-ਪ੍ਰਾਫਾਰਮਿੰਗ ਐੱਸਟ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤਾ ਗਿਆ ਹੈ। ਇੰਡੀਅਨ ਬੈਂਕ ਨੇ ਮਿਤੀ 28.09.2018 ਕੀਤੇ ਗਏ ਇਕਰਾਰਨਾਮੇ ਅਨੁਸਾਰ ਹੇਠਾਂ ਦਰਸਾਏ ਕਰਜ਼ਦਾਰਾਂ ਦੇ ਵਿੱਤੀ ਐੱਸਟਸ ਸਮੇਤ ਇਸ ਦੇ ਬਾਰੇ ਅਧਿਕਾਰਾਂ, ਟਾਈਟਲ ਅਤੇ ਇੰਟਰੈੱਸਟ, ਸਮੇਤ ਸਾਰੇ ਅੰਡਰਲਾਈਨਿੰਗ ਸਕਿਉਰਟੀ ਇੰਟਰੈੱਸਟ, ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ, ਆਰ ਏ ਆਰ ਸੀ 052 (ਆਈ ਬੀ ਰਿਟੇਲ) ਟਰੱਸਟ ਦੇ ਟਰੱਸਟੀ ਵਜੋਂ ਇਸ ਦੇ ਹੱਕ ਵਿੱਚ ਦਿੱਤੇ ਗਏ ਹਨ। ਉਕਤ ਇਕਰਾਰਨਾਮੇ ਦੀ ਪਾਲਣਾ 'ਚ ਨਿਮਨਹਸਤਾਖਰੀ ਅਧਿਕਾਰਤ ਅਫਸਰ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਜਿਸਟਰਡ ਡਾਕ ਰਾਹੀਂ ਮਿਤੀ 13.12.2022 ਨੂੰ ਡਿਮਾਂਡ ਨੋਟਿਸ ਭੇਜੇ ਸਨ ਅਤੇ ਕਰਜ਼ਦਾਰਾਂ ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਉਕਤ ਨੋਟਿਸਾਂ 'ਚ ਦਰਸਾਏ ਸਾਰੇ ਖੜ੍ਹੇ ਬਕਾਏ ਵਾਪਸ ਮੋੜਨ ਲਈ ਕਿਹਾ ਸੀ। ਬੇਸ਼ੱਕ, ਜਿਵੇਂ ਕਿ ਹੇਠਾਂ ਦਰਸਾਈਆਂ ਪਾਰਟੀਆਂ ਨੂੰ ਡਿਮਾਂਡ ਨੋਟਿਸ ਭੇਜੇ ਨਹੀਂ ਜਾ ਸਕੇ, ਇੱਥੇ ਉਹੀ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੇਵਾ ਦੇ ਬਦਲਵੇਂ ਢੰਗ ਰਾਹੀਂ ਦਰਸਾਏ ਗਏ ਹਨ।

ਵੇਰਵਾ ਹੇਠ ਲਿਖੇ ਅਨੁਸਾਰ ਹੈ

| ਕਰਜ਼ਦਾਰ/ਗਰੰਟਰ/ਰਹਿਣਕਾਰਾਂ ਆਦਿ ਦਾ ਨਾਂਅ ਅਤੇ ਪਤਾ | ਬਕਾਇਆ ਰਕਮ (ਰੁਪਏ 'ਚ) |
|---|---|
| 1. ਮੈਸ: ਪਲਕ ਟੈਲੀਕਾਮ (ਕਰਜ਼ਦਾਰ) ਮਕਾਨ ਨੰ. 184, ਵਾਰਡ ਨੰ. 7, ਨੇੜੇ ਗੌਰਮਿੰਟ ਪ੍ਰਾਇਮਰੀ ਸਕੂਲ, ਭਦਰੋਆ ਰੋਡ, ਪਠਾਨਕੋਟ-145001 2. ਸ੍ਰੀ ਸੁਸ਼ੀਲ ਕੁਮਾਰ (ਮਾਲਕ ਅਤੇ ਰਹਿਣਕਾਰ) ਮਕਾਨ ਨੰ. 266-ਬੀ, ਅੰਬੇਦਕਰ ਨਗਰ, ਭਦਰੋਰ ਰੋਡ, ਪਠਾਨਕੋਟ, ਪੰਜਾਬ-145001 3. ਸ੍ਰੀਮਤੀ ਕੋਮਲ ਕੁਮਾਰ (ਗਰੰਟਰ) ਮਕਾਨ ਨੰ. 266-ਬੀ, ਅੰਬੇਡਕਰ ਨਗਰ, ਭਦਰੋਰ ਰੋਡ, ਪਠਾਨਕੋਟ, ਪੰਜਾਬ-145001 | ਰੁਪਏ 24,34,695.21/- (ਚੌਂਵੀ ਲੱਖ ਚੌਂਤੀ ਹਜ਼ਾਰ ਛੇ ਸੌ ਪਚਾਨਵੇਂ ਰੁਪਏ ਅਤੇ ਇੱਕੀ ਪੈਸੇ ਕੇਵਲ) 30.11.2022 ਨੂੰ ਬਕਾਇਆ ਸਮੇਤ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰ 11.45 ਫੀਸਦੀ ਦੀ ਦਰ ਨਾਲ ਵਿਆਜ ਦੀ ਮੁਕੰਮਲ ਅਦਾਇਗੀ। |

ਸਕਿਉਰਡ ਚੱਲ/ਅਚੱਲ ਜਾਇਦਾਦਾਂ ਦਾ ਵੇਰਵਾ : ਪ੍ਰਾਇਮਰੀ ਸਕਿਉਰਟੀ-ਮੋਬਾਈਲਜ਼, ਮੋਬਾਈਲ ਸਪੇਅਰ ਪਾਰਟਸ, ਐਕਸੈਸਰੀਜ਼ ਅਤੇ ਰਿਚਾਰਜ ਕੂਪਨਾਂ ਦੇ ਭੰਡਾਰ ਦੀ ਹਾਈਪੋਥੀਕੇਸ਼ਨ। ਕੋਲੇਟਰਲ ਸਕਿਉਰਟੀ : ਵਪਾਰਕ ਜਾਇਦਾਦ ਰਕਬਾ 1.60 ਮਰਲੇ (ਕਰੀਬ 435 ਵਰਗ ਫੁੱਟ), ਰਾਮ ਸ਼ਰਨਮ ਕਾਲੋਨੀ, ਡਲਹੌਜ਼ੀ ਰੋਡ, ਪਿੰਡ ਭਦਰੋਆ ਬਸਤ ਨੰ. 333, ਤਹਿਸੀਲ ਪਠਾਨਕੋਟ, ਖੇਵਟ ਨੰ. 55, ਖਤੌਨੀ ਨੰ. 130, ਖਸਰਾ ਨੰ. 9 ਆਰ/28/2/8 (3-3), 28/2/9 (38-12), 28/2/10 (8-5) ਅਤੇ ਸ੍ਰੀ ਸੁਸ਼ੀਲ ਕੁਮਾਰ ਦੀ ਮਲਕੀਅਤ ਨਾਲ ਸੰਬੰਧਤ ਸਭ ਕੁੱਝ

60 ਦਿਨਾਂ ਦੇ ਅੰਦਰ ਉਕਤ ਮੁਕੰਮਲ ਬਕਾਇਆ ਰਕਮ ਵਾਪਸ ਮੋੜਨ 'ਚ ਅਸਫਲ ਰਹਿਣ 'ਤੇ ਨਿਮਨ ਹਸਤਾਖਰੀ ਸਰਫੇਸੀ ਐਕਟ ਦੀਆਂ ਵਿਵਸਥਾਵਾਂ ਉਪਰੋਕਤ ਸਕਿਉਰਡ ਐੱਸਟਸ 'ਤੇ ਲਾਗੂ ਕਰਨ ਦਾ ਪਾਬੰਦ ਹੋਵੇਗਾ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਅਨੁਸਾਰ ਤੁਹਾਡੇ 'ਤੇ ਕਿਸੇ ਵੀ ਸਕਿਉਰਡ ਐੱਸਟਸ ਸੰਬੰਧੀ ਸੌਦੇਬਾਜ਼ੀ ਕਰਨ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਕਰਨ 'ਤੇ ਪਾਬੰਦੀ ਹੈ। ਇਸ ਵਿਵਸਥਾ ਦੀ ਕੋਈ ਉਲੰਘਣਾ ਸਰਫੇਸੀ ਐਕਟ ਅਧੀਨ ਇੱਕ ਜੁਰਮ ਹੈ ਅਤੇ ਦੰਡਯੋਗ ਹੈ।

ਸਥਾਨ : ਪਠਾਨਕੋਟ ਸਹੀ/-
ਮਿਤੀ : 23-01-2023 ਅਧਿਕਾਰਤ ਅਫਸਰ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਇੱਕੋ ਰਾਤ 8 ਮੋਟਰਾਂ ਚੋਰੀ, ਪੁਲਸ ਚੋਰਾਂ ਨੂੰ ਕਾਬੂ ਕਰਨ 'ਚ ਨਾਕਾਮ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਦੀਨਾਨਗਰ ਅਧੀਨ ਪੈਂਦੇ ਪਿੰਡ ਮੱਲ੍ਹੀਆਂ 'ਚ ਇਕ ਰਾਤ ਵਿੱਚ 8 ਮੋਟਰਾਂ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਪਿੰਡ ਬਹਿਰਾਮਪੁਰ ਥਾਣੇ ਅਧੀਨ ਪੈਂਦਾ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਇਲਾਕੇ ਵਿੱਚ ਮੋਟਰਾਂ ਚੋਰੀ ਹੋਣ ਦੀਆਂ ਘਟਨਾਵਾਂ ਹੋ ਰਹੀਆਂ ਹਨ, ਜੋ ਕਿ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਹੁਣ ਚੋਰਾਂ ਨੇ 8 ਕਿਸਾਨਾਂ ਦੇ ਖੇਤਾਂ 'ਚੋਂ ਮੋਟਰਾਂ ਚੋਰੀ ਕਰ ਲਈਆਂ ਹਨ।



ਜੇਕਰ ਗੱਲ ਕਰੀਏ ਹਲਕਾ ਦੀਨਾਨਗਰ ਦੀ ਤਾਂ ਇੱਥੇ ਚੋਰੀ ਦੀਆਂ ਵਾਰਦਾਤਾਂ ਹਰ ਰੋਜ਼ ਹੋ ਰਹੀਆਂ ਹਨ। ਇਥੋਂ ਤਕ ਕਿ ਚੋਰੀ ਕਰਦੇ ਕਈ ਚੋਰ ਸੀਸੀਟੀਵੀ ਕੈਮਰੇ ਵਿੱਚ ਕੈਦ ਹੋਏ ਹਨ ਪਰ ਫਿਰ ਵੀ ਪੁਲਸ ਚੋਰਾਂ ਨੂੰ ਕਾਬੂ ਕਰਨ ਵਿਚ ਨਾਕਾਮ ਸਾਬਿਤ ਹੋ ਰਹੀ ਹੈ। ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਆਮ ਲੋਕਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਦੂਜੇ ਪਾਸੇ ਚੋਰਾਂ ਦੇ ਹੌਸਲੇ ਦਿਨੋਂ-ਦਿਨ ਬੁਲੰਦ ਹੋ ਰਹੇ ਹਨ। ਜਾਣਕਾਰੀ ਦਿੰਦਿਆਂ ਵੱਖ-ਵੱਖ ਕਿਸਾਨਾਂ ਨੇ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਜਦੋਂ ਸਵੇਰੇ ਆਪਣੇ ਖੇਤਾਂ ਵਿੱਚ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੀਆਂ ਮੋਟਰਾਂ ਚੋਰੀ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਕਈ ਵਾਰ ਚੋਰ ਮੋਟਰਾਂ ਚੋਰੀ ਕਰ ਚੁੱਕੇ ਹਨ ਪਰ ਪੁਲਸ ਕਿਸੇ ਵੀ ਚੋਰ ਨੂੰ ਨਹੀਂ ਫੜ ਸਕੀ। ਪੁਲਸ ਦੀ ਇਸ ਨਾਕਾਮੀ ਕਰਕੇ ਹੀ ਹਰ ਰੋਜ਼ ਚੋਰੀਆਂ ਹੋ ਰਹੀਆਂ ਹਨ। ਕਿਸਾਨਾਂ ਨੇ ਕਿਹਾ ਕਿ ਇਕ ਮੋਟਰ 30 ਤੋਂ 35 ਹਜ਼ਾਰ ਦੀ ਹੈ। ਕਿਸਾਨ ਤਾਂ ਪਹਿਲਾਂ ਹੀ ਮਸਾਂ ਆਪਣਾ ਗੁਜ਼ਾਰਾ ਕਰ ਰਿਹਾ ਹੈ। ਉਹ ਹੁਣ ਨਵੀਂ ਮੋਟਰ ਕਿਵੇਂ ਲਗਵਾਏਗਾ। ਇਸ ਮੌਕੇ ਦਿਲਬਾਗ ਸਿੰਘ, ਪ੍ਰੀਤਮ ਸਿੰਘ, ਸਰੈਣ ਸਿੰਘ, ਬਲਕਾਰ ਸਿੰਘ, ਪਿਆਰਾ ਸਿੰਘ, ਭੋਲਾ ਸਿੰਘ ਅਤੇ ਤਰਲੋਕ ਸਿੰਘ ਨੇ ਕਿਹਾ ਕਿ ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ।

## 10 ਗ੍ਰਾਮ ਹੈਰੋਇਨ ਸਮੇਤ 2 ਮੁਲਜ਼ਮ ਗ੍ਰਿਫਤਾਰ

**ਗੁਰਦਾਸਪੁਰ (ਜਨਕ ਮਹਾਜਨ)**-ਪੁਲਸ ਥਾਣਾ ਤਿੱਬੜ ਵਲੋਂ ਦੋ ਵਿਅਕਤੀਆਂ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਏਐੱਸਆਈ ਗੁਰਨਾਮ ਸਿੰਘ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਪਿੰਡ ਪਾਹੜਾ ਸ਼ਮਸ਼ਾਨਘਾਟ ਨੇੜੇ ਨਾਕਾ ਲਗਾ ਕੇ ਚੈਕਿੰਗ ਕਰ ਰਹੇ ਸਨ ਕਿ ਇਸ ਦੌਰਾਨ ਅਜੇ ਪੁੱਤਰ ਮੰਗਲ ਵਾਸੀ ਭੁੱਲੇਚੱਕ ਅਤੇ ਸਾਜਨ ਪੁੱਤਰ ਬਲਵਿੰਦਰ ਵਾਸੀ ਪਾਹੜਾ ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰਕੇ ਇਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਾਬਾ ਲਾਲ ਦਿਆਲ ਦੇ ਜਨਮ ਦਿਹਾੜੇ ਨੂੰ ਸਮਰਪਿਤ ਭੰਡਾਰਾ 29 ਨੂੰ

**ਗੁਰਦਾਸਪੁਰ (ਜਨਕ ਮਹਾਜਨ)**-ਪਿੰਡ ਚਾਵਾਂ ਤੇ ਨਵਾਂ ਨੌਸ਼ਹਿਰਾ ਵਿਖੇ ਬਾਬਾ ਲਾਲ ਦਿਆਲ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਭੰਡਾਰਾ 29 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ ਅਤੇ ਸੰਗਤਾਂ ਵਲੋਂ ਸਤਿਸੰਗ ਦਾ ਵੀ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਲਾਲ ਦਿਆਲ ਸੇਵਾ ਸੰਮਤੀ ਚਾਵਾਂ ਦੇ ਪ੍ਰਧਾਨ ਡਾ. ਸੰਜੀਵ ਵਰਮਾ, ਰਵਨੀਸ਼ ਸਲਾਰੀਆ, ਪ੍ਰੇਮ ਲਾਲ, ਕਾਂਝਲਾ ਸ਼ਰਮਾ, ਕਿਸ਼ੋਰੀ ਲਾਲ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਪਿੰਡ ਦੇ ਪਤਵੰਤੇ ਸੱਜਣਾਂ ਦੇ ਸਹਿਯੋਗ ਨਾਲ 5ਵਾਂ ਸਾਲਾਨਾ ਭੰਡਾਰਾ ਕਰਵਾਇਆ ਜਾ ਰਿਹਾ ਹੈ। ਇਸ ਕਾਰਜ ਵਿਚ ਨਵਾਂ ਨੌਸ਼ਹਿਰਾ ਦੇ ਲੋਕਾਂ ਦਾ ਵੀ ਭਰਵਾਂ ਸਾਥ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 29 ਜਨਵਰੀ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ ਤਕ ਸੰਗਤਾਂ ਵੱਲੋਂ ਸਤਿਸੰਗ ਕੀਤਾ ਜਾਵੇਗਾ ਅਤੇ ਬਾਅਦ ਵਿਚ ਸੰਗਤਾਂ ਲਈ ਲੰਗਰ ਵਰਤਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਧਾਰਮਿਕ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹਨ।

# 74ਵੇਂ ਗਣਤੰਤਰ ਦਿਵਸ ਸੰਬੰਧੀ ਕਰਵਾਈ ਗਈ ਫੁੱਲ ਡਰੈੱਸ ਰਿਹਰਸਲ

**ਮੋਹਾਲੀ, (ਗੁਰਜੀਤ ਬਿੱਲਾ)**

ਜ਼ਿਲ੍ਹਾ ਪ੍ਰਸ਼ਾਸਨ ਵਲੋਂ 74ਵੇਂ ਗਣਤੰਤਰਤਾ ਦਿਵਸ ਲਈ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਫੇਜ-6 ਵਿਖੇ ਫੁੱਲ ਡਰੈੱਸ ਰਿਹਰਸਲ ਕਰਵਾਈ ਗਈ। ਇਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਵੱਲੋ ਕੌਮੀ ਝੰਡਾ ਲਹਿਰਾਉਂਣ ਦੀ ਰਸਮ ਅਦਾ ਕੀਤੀ ਗਈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਲੋਂ ਦਸਿਆ ਗਿਆ ਕਿ 26 ਜਨਵਰੀ ਨੂੰ ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਵਿੱਚ ਪੰਜਾਬ ਦੇ ਹਾਊਸਿੰਗ ਅਤੇ ਸਹਿਰੀ ਵਿਕਾਸ, ਨਵੀਂ ਅਤੇ ਨਵਿਆਉਣਯੋਗ ਊਰਜਾ ਅਤੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਹੋਣਗੇ ਅਤੇ ਕੌਮੀ ਝੰਡਾ ਲਹਿਰਾਉਂਣ ਦੀ ਰਸਮ ਅਦਾ ਕਰਨਗੇ। ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਇਹ ਗਣਤੰਤਰਤਾ ਦਿਵਸ ਸੱਭਿਆਚਾਰਕ ਪ੍ਰੋਗਰਾਮ ਕਰਵਾਉਂਦੇ ਹੋਏ ਪੂਰੇ ਜਸ਼ਨਾਂ ਨਾਲ ਮਨਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬ ਪੁਲਸ ਦੀਆਂ ਟੁਕੜੀਆਂ ਅਤੇ ਐਨਸੀਸੀ ਕੈਡਿਟਾਂ ਦੀਆਂ ਟੁਕੜੀਆਂ ਪਰੇਡ ਵਿੱਚ ਹਿੱਸਾ ਲੈ ਰਹੀਆਂ ਹਨ। ਇਸ ਤੋਂ ਇਲਾਵਾ ਉਨਾਂ ਦਸਿਆ ਕਿ ਗਣਤੰਤਰ ਦਿਵਸ ਮੌਕੇ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ ਸੱਭਿਆਚਾਰਕ ਪ੍ਰੋਗਰਮਾ ਵਿੱਚ ਹਿੱਸਾ ਲੈਣਗੇ। ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀਟੀ ਡਰਿੱਲ ਕੀਤੀ ਜਾਵੇਗੀ। ਸਤਲੁਜ ਪਬਲਿਕ ਸਕੂਲ ਡੇਰਾਬੱਸੀ ਦੇ ਵਿਦਿਆਰਥੀਆਂ ਵੱਲੋਂ ਫੈਨ ਡਰਿੱਲ ਪੇਸ ਕੀਤੀ ਜਾਵੇਗੀ। ਸ਼ਿਵਾਲਿਕ ਸਕੂਲ, ਮੋਹਾਲੀ ਦੇ ਵਿਦਿਆਰਥੀ ਲੋਕ ਨਾਚ ਸਾਮੀ ਪੇਸ਼ ਕਰਨਗੇ। ਪ੍ਰੋਗਰਾਮ ਦੀ ਸਮਾਪਤੀ 'ਤੇ 3ਬੀ1 ਸਰਕਾਰੀ ਸਕੂਲ ਦੇ ਵਿਸ਼ੇਸ਼ ਬੱਚੇ ਰਾਸਟਰੀ ਗੀਤ ਪੇਸ਼ ਕਰਨਗੇ। ਇਸ ਮੌਕੇ ਜਨਤਕ ਸੇਵਾਵਾਂ ਵਿੱਚ ਵਧੀਆ ਕਾਰਗੁਜਾਰੀ ਦਿਖਾਉਣ ਵਾਲਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਰੈਂਡ ਕਰਾਸ ਸੁਸਾਇਟੀ ਮੁਹਾਲੀ ਵੱਲੋਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਵ੍ਹੀਲ ਚੇਅਰਾਂ ਅਤੇ ਬਿਊਟੀ ਕਿੱਟਾਂ ਵੀ ਵੰਡੀਆਂ ਜਾ ਰਹੀਆਂ ਹਨ। ਉਨਾਂ ਦਸਿਆ ਕਿ ਝਾਕੀਆਂ ਵੱਖ-ਵੱਖ ਵਿਭਾਗਾਂ ਦੇ ਕੰਮਾਂ ਨੂੰ ਪ੍ਰਦਰਸ਼ਿਤ ਕਰਨਗੀਆਂ। ਬਾਜਰੇ ਦੇ ਪੌਸਟਿਕ ਲਾਭਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਬਾਜਰੇ ਦਾ ਸਟਾਲ ਵੀ ਲਗਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਇਹ ਜਸ਼ਨ ਪੂਰੇ ਉਤਸ਼ਾਹ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪੁਲਸ ਮੁਖੀ ਡਾ. ਸੰਦੀਪ ਕੁਮਾਰ ਗਰਗ ,ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਅਮਨਿੰਦਰ ਕੌਰ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਅਵਨੀਤ ਕੌਰ, ਸਹਾਇਕ ਕਮਿਸ਼ਨਰ (ਜ) ਤਰਸੇਮ ਚੰਦ, ਸਹਾਇਕ ਕਮਿਸ਼ਨਰ (ਸ਼ਿ) ਇੰਦਰ ਪਾਲ, ਐਸ.ਡੀ.ਐਮ ਮੋਹਾਲੀ ਸ੍ਰੀਮਤੀ ਸਰਬਜੀਤ ਕੌਰ, ਅਜਿੰਦਰ ਸਿੰਘ, ਐਸਪੀ ਹੈੱਡਕੁਆਰਟਰ ਤੋਂ ਇਲਾਵਾਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ



# ਹਰੂਵਾਲ ਵਿਖੇ ਰੰਧਾਵਾ ਵੱਲੋਂ ਆਪ ਵਰਕਰਾਂ ਨਾਲ ਅਹਿਮ ਮੀਟਿੰਗ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਪ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਲੋਕਾਂ ਦੇ ਘਰ-ਘਰ ਪਹੁੰਚਾਇਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਆਮ ਆਦਮੀ ਪਾਰਟੀ ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਜ਼ਦੀਕੀ ਪਿੰਡ ਹਰੂਵਾਲ ਵਿਖੇ ਇੱਕ ਮੀਟਿੰਗ ਦੌਰਾਨ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਰੰਧਾਵਾ ਨੇ ਕਿਹਾ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਲੋਕਾਂ ਦੇ ਘਰੇਲੂ ਬਿਜਲੀ ਦੇ ਬਿੱਲ ਮੁਆਫ ਕੀਤੇ ਗਏ, ਮੁਫਤ ਸਿਹਤ ਸਹੂਲਤਾਂ ਲਈ ਮੁਹੱਲਾ ਕਲੀਨਿਕ ਖੋਲ੍ਹੇ ਗਏ, ਤੇ 25 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਲੋਕਾਂ ਨਾਲ ਕੀਤੇ ਗਏ ਕੌਲ ਕਰਾਰਾਂ ਨੂੰ ਪੁਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਜਾਬ ਨੂੰ ਲੁੱਟਣ ਤੋਂ ਸਿਵਾਏ ਕੁਝ ਨਹੀਂ ਕੀਤਾ। ਇਸ ਮੌਕੇ ਸਾਬਕਾ ਸਰਪੰਚ ਪਰੇਮ ਸਿੰਘ, ਜਸਵੰਤ ਸਿੰਘ ਕੋਚ, ਕਰਮਜੀਤ ਸਿੰਘ ਸੋਨਾ, ਬਲਦੇਵ ਸਿੰਘ, ਹਰਪਾਲ ਸਿੰਘ, ਜਰਮਨ ਸਿੰਘ, ਬਿੱਟਾ ਮਹਾਜਨ, ਹਰਜੀਤ ਸਿੰਘ ਠੇਠਰਕੇ, ਗਗਨਦੀਪ ਸਿੰਘ, ਸਵਰਨ ਸਿੰਘ ਤੇ ਹੰਸਾ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## 'ਆਪ' ਦੀ ਸਰਕਾਰ ਪੰਜਾਬ ਦੇ ਖਜ਼ਾਨੇ ਨੂੰ ਦੋਵੇਂ ਹੱਥੀਂ ਲੁਟਾਈ ਜਾ ਰਹੀ : ਛੋਟੇਪੁਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਛੋਟੇਪੁਰ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਖਜ਼ਾਨੇ ਨੂੰ ਦੋਵੇਂ ਹੱਥੀਂ ਲੁਟਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਵੱਲੋਂ ਪੰਜਾਬ ਵਿੱਚ ਕਲੀਨਿਕਾਂ ਦੇ ਪ੍ਰਚਾਰ ਲਈ ਕਰੋੜਾਂ ਪੈਸੇ ਖਰਚ ਕਰਨ ਤੋਂ ਇਲਾਵਾ ਪੰਜਾਬ ਦੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾਉਣ ਲਈ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਛੋਟੇਪੁਰ ਨੇ ਕਿਹਾ ਕਿ ਪੰਜਾਬ ਦੀ ਆਰਥਿਕ ਹਾਲਤ ਪਹਿਲਾਂ ਹੀ ਕਮਜ਼ੋਰ ਹੈ। ਛੋਟੇਪੁਰ ਨੇ ਕਿਹਾ ਕਿ ਆਪ ਸਰਕਾਰ ਜਿੱਥੇ ਪੰਜਾਬ ਵਿੱਚ 500 ਮੁਹੱਲਾ ਕਲੀਨਿਕ ਖੋਲ੍ਹਣ ਦੇ ਦਾਅਵੇ ਕਰ ਰਹੀ ਹੈ, ਉੱਥੇ ਪਹਿਲਾਂ ਪੰਜਾਬ ਵਿੱਚ 6400 ਤੋਂ ਵੱਧ ਛੋਟੇ ਤੇ ਵੱਡੇ ਇਲਾਜ ਕੇਂਦਰ ਹਨ ਜਦਕਿ ਆਪ ਸਰਕਾਰ ਵੱਲੋਂ ਇਨ੍ਹਾਂ ਵਿੱਚ ਖਾਲੀ ਪਈਆਂ ਪੋਸਟਾਂ ਅਤੇ ਦਵਾਈਆਂ ਮੁਹੱਈਆ ਕਰਵਾਉਣ ਦੀ ਬਜਾਏ ਮੁਹੱਲਾ ਕਲੀਨਿਕ ਖੋਲ੍ਹਣ ਦੇ ਨਾਂ 'ਤੇ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਛੋਟੇਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਝੂਠ ਦੇ ਸਹਾਰੇ ਚੱਲ ਰਹੀ ਹੈ।

## ਅਮਨ ਅਰੋੜਾ ਵੱਲੋਂ ਪੱਤਰਕਾਰ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੇ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਤੋਂ 'ਆਜਾਦ ਸੋਚ' ਅਖ਼ਬਾਰ ਦੇ ਪੱਤਰਕਾਰ ਇਕਬਾਲ ਖਾਨ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਹੈ। ਪੱਤਰਕਾਰ ਇਕਬਾਲ ਖਾਨ ਬੀਤੇ ਕੱਲ੍ਹ ਇੱਕ ਸੜਕ ਹਾਦਸੇ 'ਚ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਸਨ ਤੇ ਪਟਿਆਲਾ ਦੇ ਇੱਕ ਹਸਪਤਾਲ 'ਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਉਹ ਦਮ ਤੋੜ ਗਏ। ਉਹ 46 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਦੇ ਪਰਵਾਰ ਵਿੱਚ ਪਤਨੀ, ਪੁੱਤਰ ਤੇ ਧੀ ਹਨ।ਪੀੜਤ ਪਰਵਾਰ ਤੇ ਸਕੇ-ਸਨੇਹੀਆਂ ਨਾਲ ਹਮਦਰਦੀ ਜਾਹਰ ਕਰਦਿਆਂ ਅਮਨ ਅਰੋੜਾ ਨੇ ਪ੍ਰਮਾਤਮਾ ਨੂੰ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਅਤੇ ਡਾਇਰੈਕਟਰ ਸੋਨਾਲੀ ਗਿਰਿ ਨੇ ਵੀ ਇਕਬਾਲ ਖਾਨ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸ਼ਰਧਾ ਭਾਵਨਾ ਨਾਲ ਮਨਾਇਆ ਬਾਵਾ ਲਾਲ ਜੀ ਦਾ ਜਨਮ ਦਿਹਾੜਾ



**ਕਰਤਾਰਪੁਰ (ਹਰਮੇਸ ਦੱਤ)**- ਪਿੰਡ ਦਿਆਲਪੁਰ (ਜ਼ਿਲ੍ਹਾ ਕਪੂਰਥਲਾ) ਵਿਖੇ ਬਾਵਾ ਲਾਲ ਦਿਆਲ ਮੰਦਿਰ ਵਿੱਚ ਬਾਵਾ ਲਾਲ ਦਿਆਲ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਮੰਦਰ ਦੇ ਪੁਜਾਰੀ ਅਤੇ ਸੇਵਕਾਂ ਵੱਲੋਂ ਬਾਵਾ ਲਾਲ ਦਿਆਲ ਜੀ ਦੀ ਮੂਰਤੀ ਨੂੰ ਪੰਚਮੁਕਤ ਦੇ ਨਾਲ ਇਸ਼ਨਾਨ ਕਰਾ ਕੇ ਪਰੰਪਰਾ ਅਨੁਸਾਰ ਵੇਸਭੂਸ਼ਾ ਵਸਤਰ ਪਹਿਨਾਏ ਗਏ, ਪੂਜਾ ਅਰਚਨਾ ਤੇ ਭਜਨ ਵੰਧਨਾ ਉਪਰੰਤ ਮਿਸ਼ਰੀ, ਮੱਖਣ, ਮੇਵਾ ਦਾ ਭੋਗ ਲਗਾਇਆ ਗਿਆ। ਪੂਰਾ ਦਿਨ ਭਜਨ ਮੰਡਲੀ ਵੱਲੋਂ ਭਗਵਾਨ ਲਾਲ ਦਿਆਲ ਜੀ ਦਾ ਗੁਣਗਾਨ ਕੀਤਾ ਗਿਆ ਅਤੇ ਬਾਅਦ ਵਿਚ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਕੇਵਲ ਕ੍ਰਿਸ਼ਨ, ਸੁਭਾਸ਼ ਚੰਦ, ਰਾਮਜੀਤ ਕੁਮਾਰ, ਜੁਗਲ ਕਿਸ਼ੋਰ, ਰਮੇਸ ਕੁਮਾਰ, ਵਿਪਨ ਕੁਮਾਰ, ਹੀਰਾ ਲਾਲ, ਰਾਜੇਸ਼ ਸ਼ਰਮਾ, ਰਕੇਸ਼ ਚੋਪੜਾ, ਸੰਤਦੇਵ ਚੌਹਾਨ, ਸੁਖਵਿੰਦਰ ਸੁਖੀ, ਬਨਾਰਸੀ ਦਾਸ, ਕੁਲਦੀਪ ਸ਼ਰਮਾ ਆਦਿ ਭਾਰੀ ਸੰਖਿਆ ਵਿਚ ਸ਼ਰਧਾਲੂ ਮੌਜੂਦ ਸਨ ।

# ਬਾਸਰਕੇ ਤੋਂ ਸਜਾਏ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਨਿੱਘਾ ਸਵਾਗਤ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ੍ਰੀ ਗੁਰੂ ਅਮਰਦਾਸ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਜਨਮ ਅਸਥਾਨ ਬਾਸਰਕੇ ਤੋਂ ਕਾਰ ਸੇਵਕ ਬਾਬਾ ਦਰਸ਼ਨ ਸਿੰਘ, ਬਾਬਾ ਖੜਕ ਜੀ ਸੰਪਰਦਾਇ ਵੱਲੋਂ ਬਾਬਾ ਸੰਤੋਖ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨਗਰ ਕੀਰਤਨ ਸਜਾਇਆ ਗਿਆ ਜੋ ਪਿੰਡ ਕਾਲੀਆਂ ਸਕੱਤਰਾ ਸੁਹਰਾ ਅਸਥਾਨ ਵਿਖੇ ਸੰਪੰਨ ਹੋਇਆ। ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਨਗਰ ਕੀਰਤਨ ਦਾ ਪੁਹੰਚਣ 'ਤੇ ਜਥੇਦਾਰ ਬਾਬਾ ਭੋਲਾ ਸਿੰਘ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ ਤੇ ਨਗਰ ਕੀਰਤਨ ਵਿੱਚ ਸ਼ਾਮਲ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਰਾਗੀ ਕਸੇਲ, ਹੈੱਡ ਗ੍ਰੰਥੀ ਬਾਬਾ ਨੱਥਾ ਸਿੰਘ, ਡਾਕਟਰ ਨਰਿੰਦਰ ਸਿੰਘ ਬਘਿਆੜੀ, ਰਜਵੰਤ ਸਿੰਘ ਜੱਜ ਕਸੇਲ, ਭਾਈ ਕਸਮੀਰ ਸਿੰਘ ਬਘਿਆੜੀ, ਬਿੱਟੂ ਠੱਠਗੜ੍ਹ, ਬਾਬਾ ਲੱਖਾ ਬਘਿਆੜੀ, ਗੁਰਵੇਲ ਸਿੰਘ ਬਘਿਆੜੀ, ਲਾਲ ਸਿੰਘ ਕਸੇਲ, ਗੁਰਨਾਮ ਸਿੰਘ ਚੜ੍ਹਦੀ ਕਲਾ, ਪਾਲਾ ਸਿੰਘ, ਬੋਹੜ ਸਿੰਘ, ਸਰਪੰਚ ਦਿਆਲ ਸਿੰਘ, ਗਿਆਨੀ ਜਸਪਾਲ ਸਿੰਘ, ਜਥੇਦਾਰ ਕਾਬਲ ਸਿੰਘ, ਸਾਬਕਾ ਸਰਪੰਚ ਹੀਰਾ ਸਿੰਘ, ਬਾਬਾ ਮਹਿੰਗਾ ਸਿੰਘ, ਬਾਬਾ ਗੁਰਨਾਮ ਸਿੰਘ, ਬਾਬਾ ਬਸੰਤ, ਬਾਊ ਸਿੰਘ, ਠੇਕੇਦਾਰ ਸੰਤੋਖ ਸਿੰਘ, ਬਾਬਾ ਅਵਤਾਰ ਸਿੰਘ ਖਾਪੜਖੇੜੀ, ਗੁਰਦਿਆਲ ਸਿੰਘ ਆਦਿ ਸਮੂਹ ਸਾਧ ਸੰਗਤ ਹਾਜ਼ਰ ਸੀ।



## ਫਲਿਪਕਾਰਟ ਹੋਲਸੇਲ ਵੱਲੋਂ ਰਿਪਬਲਿਕ ਡੇਅ ਸਪੈਸ਼ਲ ਦਾ ਐਲਾਨ

**ਅੰਮ੍ਰਿਤਸਰ:** ਫਲਿਕਪਕਾਰਟ ਹੋਲਸੇਲ, ਭਾਰਤ ਦੇ ਘਰੇਲੂ ਫਲਿਪਕਾਰਟ ਗਰੁੱਪ ਦੀ ਡਿਜੀਟਲ ਬੀ2ਬੀ ਮਾਰਕੀਟਪਲੇਸ ਨੇ ਆਪਣੇ ਬੀ2ਬੀ ਮੈਂਬਰਾਂ ਲਈ ਰਿਪਬਲਿਕ ਡੇਅ ਸਪੈਸ਼ਲ ਦੀ ਸ਼ੁਰੂਆਤ ਦਾ ਐਲਾਨ ਕੀਤਾ। 'ਮੁਨਾਫੇ ਕੀ ਪਰੇਡ' ਥੀਮ ਦੇ ਨਾਲ ਇਸ ਕੰਪਨੀ ਦਾ ਉਦੇਸ਼ ਇਸ ਆਫਰ ਸਮੇਂ ਦੌਰਾਨ ਪ੍ਰੋਡਕਟਾਂ ਦੀ ਵਿਸ਼ਾਲ ਰੇਂਜ 'ਤੇ ਆਪਣੇ ਮੈਂਬਰਾਂ ਦੇ ਫਾਇਦੇ ਅਤੇ ਬੱਚਤ ਨੂੰ ਵਧਾਉਣਾ ਹੈ। ਇਹ ਈਵੈਂਟ ਜਨਵਰੀ 19-26, 2023 ਤੱਕ ਫਲਿਪਕਾਰਟ ਹੋਲਸੇਲ ਦੇ ਫਿਜ਼ੀਕਲ ਸਟੋਰਾਂ ਅਤੇ ਆਨਲਾਈਨ ਚੈਨਲਾਂ 'ਤੇ ਲਾਈਵ ਹੋਵੇਗੀ। ਜ਼ਿਆਦਾ ਫਾਇਦੇ ਅਤੇ ਬੱਚਤਾਂ ਪ੍ਰਦਾਨ ਕਰਨ 'ਤੇ ਅਧਾਰਿਤ ਇਹ ਨੈਸ਼ਨਲ ਮੈਗਾ ਈਵੈਂਟ ਖਾਸ ਤੌਰ 'ਤੇ ਟ-2+ ਸ਼ਹਿਰਾਂ ਵਿੱਚ ਰਹਿਣ ਵਾਲੇ ਵਾਕ-ਇਨ ਅਤੇ ਆਨਲਾਈਨ ਮੈਂਬਰਾਂ ਨੂੰ '74 ਰਿਪਬਲਿਕ ਡੀਲਜ਼', 'ਬ੍ਰਾਂਡ ਬਿੱਲ ਬਸਟਰਜ਼' ਆਦਿ ਜਿਹੇ ਆਫਰ ਅਤੇ ਡੀਲਾਂ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਈਵੈਂਟ ਦੇ ਉਦਘਾਟਨ ਬਾਰੇ ਬੋਲਦਿਆਂ ਕੋਤੇਸ਼ਵਰ ਐੱਲ ਐੱਨ ਫਲਿਪਕਾਰਟ ਹੋਲਸੇਲ ਦੇ ਬਿਜ਼ਨੈਸ ਹੈੱਡ ਨੇ ਕਿਹਾ ਕਿ 74ਵੇਂ ਗਣਤੰਤਰ ਦਿਵਸ ਦੀ ਤਿਆਰੀ ਕਰਦੇ ਹੋਏ ਅਸੀਂ ਇਸ ਮੁਨਾਫੇ ਕੀ ਪਰੇਡ ਥੀਮ ਵਾਲੀ ਇਸ ਖਾਸ ਈਵੈਂਟ ਨੂੰ ਪੇਸ਼ ਕਰਕੇ ਬਹੁਤ ਖੁਸ਼ ਹਾਂ। ਇਹ ਕੋਸ਼ਿਸ਼ ਵੈਲਯੂ ਪ੍ਰਦਾਨ ਕਰਨ ਵਾਲੀ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਵਾਲੇ ਛੋਟੇ ਵਪਾਰੀਆਂ ਨੂੰ ਸਸ਼ਕਤ ਕਰਨ ਵਾਲੀ ਸਾਡੀ ਵਚਨਬੱਧਤਾ ਦੀ ਪ੍ਰਤੀਕ ਹੈ। ਇਸ ਵਚਨਬੱਧਤਾ ਦੇ ਹਿੱਸੇ ਵਜੋਂ ਅਸੀਂ ਅਜਿਹੀਆਂ ਈਵੈਂਟਾਂ ਨੂੰ ਪੇਸ਼ ਕਰਦੇ ਰਹਾਂਗੇ ਜੋ ਸਾਡੇ ਮੈਂਬਰਾਂ ਨੂੰ ਆਪਣੇ ਗਾਹਕਾਂ ਦੀ ਵੈਲਯੂ ਨੂੰ ਵਧਾਉਣ ਅਤੇ ਆਪਣੇ ਬਿਜ਼ਨੈੱਸ ਦਾ ਵਿਕਾਸ ਕਰਨ ਵਿੱਚ ਮਦਦ ਕਰਨਗੇ।

# ਸੂਬਾ ਪੱਧਰੀ ਸਮਾਗਮ ਦੀ ਹੋਈ ਫੁੱਲ ਡਰੈੱਸ ਰਿਹਰਸਲ

**ਜਲੰਧਰ, (ਸ਼ੈਲੀ ਐਲਬਰਟ)**

ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੱਲੋਂ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ 74ਵੇਂ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸੂਬਾ ਪੱਧਰੀ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਵਿੱਚ ਸ਼ਿਰਕਤ ਕੀਤੀ ਗਈ। ਫੁੱਲ ਡਰੈੱਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਨੇ ਕੌਮੀ ਝੰਡਾ ਲਹਿਰਾਇਆ ਅਤੇ ਪਰੇਡ ਕਮਾਂਡਰ ਨੌਜਵਾਨ ਆਈ.ਪੀ.ਐਸ. ਅਧਿਕਾਰੀ ਮਨਿੰਦਰ ਸਿੰਘ ਦੀ ਅਗਵਾਈ ਵਾਲੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮਹੱਤਵਪੂਰਨ ਸਮਾਗਮ, ਜਿਸ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤਿਰੰਗਾ ਲਹਿਰਾਉਣਗੇ, ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਫੋਰਸਾਂ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਸੂਬਾ ਪੱਧਰੀ ਸਮਾਗਮ ਨੂੰ ਪੂਰੀ ਸਦਭਾਵਨਾ ਤੇ ਉਤਸ਼ਾਹ ਨਾਲ ਮਨਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਇਸ ਅਹਿਮ ਦਿਨ ਨੂੰ ਦੇਸ਼ ਭਗਤੀ ਦੀ ਭਾਵਨਾ ਅਤੇ ਰਾਸ਼ਟਰਵਾਦੀ ਜੋਸ਼ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਗਮ ਦੇ ਪੁਖਤਾ ਇੰਤਜ਼ਾਮ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਪਹਿਲਾਂ ਹੀ ਡਿਊਟੀਆਂ ਸੌਂਪੀਆਂ ਜਾ ਚੁੱਕੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਪਰੇਡ ਵਿੱਚ ਆਈ.ਟੀ.ਬੀ.ਪੀ., ਆਰ.ਏ.ਐਫ., ਪੀ.ਏ.ਸੀ., ਕਮਿਸ਼ਨਰੇਟ ਪੁਲਿਸ, ਕਮਿਸ਼ਨਰੇਟ ਪੁਲਿਸ ਮਹਿਲਾ ਵਿੰਗ, ਆਰ.ਟੀ.ਸੀ. ਪੀ.ਏ.ਪੀ.,ਪੰਜਾਬ ਹੋਮ ਗਾਰਡਜ਼ ਦੀਆਂ ਟੁੱਕੜੀਆਂ, ਐਨ.ਸੀ.ਸੀ. ਕੈਡਿਟਸ, ਐਨ.ਸੀ.ਸੀ. ਲੜਕੀਆਂ ਅਤੇ ਸਕਾਊਟਸ ਸ਼ਾਮਲ ਹੋਣਗੇ ਅਤੇ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੇ ਸ਼ਲਾਘਾਯੋਗ ਕਾਰਜਾਂ ਦੀ ਪੇਸ਼ਕਾਰੀ ਕਰਦੀਆਂ ਝਾਕੀਆਂ ਕੱਢੀਆਂ ਜਾਣਗੀਆਂ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕਰਨ ਦੇ ਨਾਲ-ਨਾਲ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਤੇ ਟਰਾਈ ਸਾਈਕਲਾਂ ਦੀ ਵੰਡ ਕਰਨਗੇ। ਇਸ ਤੋਂ ਇਲਾਵਾ ਸਕੂਲੀ ਬੱਚਿਆਂ ਵੱਲੋਂ ਪੀ.ਟੀ.ਸ਼ੋਅ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਸ ਮੌਕੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ, ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੂਨਕ ਖੁਰਦ ਤੋਂ ਪ੍ਰਭਾਤ ਫੇਰੀਆਂ ਸ਼ੁਰੂ

**ਅੱਡਾ ਸਰਾਂ (ਜਸਵੀਰ ਕਾਜਲ)**



ਅੰਮ੍ਰਿਤ ਵੇਲੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਮੂਨਕ ਖੁਰਦ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਆਰੰਭਤਾ ਪ੍ਰਬੰਧਕ ਕਮੇਟੀ ਵੱਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾਪੂਰਵਕ ਕੀਤੀ ਗਈ। ਜਿਸ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸਭ ਤੋਂ ਪਹਿਲਾ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਪ੍ਰਭਾਤ ਫੇਰੀ ਲਈ ਨਗਰ ਦੀਆ ਪ੍ਰਕਰਮਾ ਲਈ ਚਾਲੇ ਪਾਏ ਗਏ। ਸੰਗਤਾਂ ਬੜੀ ਸ਼ਰਧਾ ਨਾਲ ਗੁਰੂ ਸਾਹਿਬ ਜੀ ਦੀ ਮਹਿਮਾ ਦਾ ਗੁਣਗਾਨ ਕਰਦੀਆਂ ਮੁੜ ਗੁਰੂ ਘਰ ਵਿਖੇ ਪਹੁੰਚੀਆਂ। ਚਾਹ ਦੇ ਲੰਗਰ ਦੀ ਸੇਵਾ ਸਤਵਿੰਦਰ ਸਿੰਘ ਦੇ ਪਰਵਾਰ ਵੱਲੋ ਬੜੇ ਉਤਸ਼ਾਹ ਨਾਲ ਕੀਤੀ ਗਈ। ਇਸ ਮੌਕੇ ਪ੍ਰਬੰਧਕ ਪ੍ਰਧਾਨ ਤੀਰਥ ਸਿੰਘ ਮੂਨਕ, ਉੱਪ ਪ੍ਰਧਾਨ ਪੰਚ ਅਮਰਜੀਤ ਸਿੰਘ, ਕੈਸ਼ੀਅਰ ਪਰਮਜੀਤ ਸਿੰਘ ਪੰਮੀ, ਗਿਆਨੀ ਅਮਰਜੀਤ ਸਿੰਘ ਤੇ ਸੁਖਵਿੰਦਰ ਸਿੰਘ ਮੂਨਕ ਨੇ ਦੱਸਿਆ ਕਿ 5 ਫਰਵਰੀ ਤੱਕ ਪ੍ਰਭਾਤ ਫੇਰੀਆ ਨਿਰੰਤਰ ਚੱਲਣਗੀਆਂ ਤੇ 3 ਫਰਵਰੀ ਨੂੰ ਨਿਸ਼ਾਨ ਸਾਹਿਬ ਜੀ ਦੀ ਰਸਮ ਕਰਨ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਜਨਾਂ ਦੇ ਭੋਗ 5 ਫਰਵਰੀ ਨੂੰ ਪਾਏ ਜਾਣਗੇ ਉਪਰੰਤ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਜਾਣਗੇ। ਇਸ ਮੌਕੇ ਗੁਰਦੀਪ ਸਿੰਘ ਦੀਪਾ, ਸੁਰਜੀਤ ਸਿੰਘ ਕਾਲਾ, ਬਲਕਾਰ ਸਿੰਘ, ਕਰਮਜੀਤ ਸਿੰਘ ਰੂਬੀ, ਸੁਖਵਿੰਦਰ ਸਿੰਘ ਬਾਗੀ, ਜੀਤ ਸਿੰਘ ਜੀਤੂ, ਗੁਰਦੇਵ ਸਿੰਘ ਸੋਢੀ, ਜਸਵੰਤ ਸਿੰਘ ਲਾਡੀ, ਅਵਤਾਰ ਸਿੰਘ ਬਿੱਟੂ, ਜਸ਼ਨਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀਬੀਆਂ, ਬੱਚੇ ਤੇ ਬਜੁਰਗ ਹਾਜ਼ਰ ਸਨ।

## ਚੌਕੀ ਭੂੰਗਾ ਦੇ ਇੰਚਾਰਜ ਨੇ ਰੇਤਾ ਨਾਲ ਲੱਦੀ ਟ੍ਰੈਕਟਰ ਟਰਾਲੀ ਕੀਤੀ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਆਈ.ਪੀ.ਐਸ ਸੀਨੀਅਰ. ਪੁਲਸ ਕਪਤਾਨ ਹੁਸ਼ਿਆਰਪੁਰ ਵਲੋਂ ਦਿੱਤੇ ਦਿਸ਼ਾ ਨਿਰਦੇਸ਼ ਤੇ ਸੁਰਿੰਦਰਪਾਲ ਸਿੰਘ ਡੀ.ਐਸ.ਪੀ. ਡਵੀਜਨ ਦਿਹਾਤੀ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠਾਂ ਨਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਹਰਿਆਣਾ ਵੱਲੋਂ ਨਜਾਇਜ ਮਾਈਨਿੰਗ ਕਰਨ ਵਾਲੇ ਵਿਅਕਤੀਆ ਖਿਲਾਫ ਕਾਰਵਾਈ ਕਰਦੇ ਹੋਏ ਪਿੰਡ ਅੱਭੋਵਾਲ ਜਿਥੇ ਨਜਾਇਜ ਮਾਈਨਿੰਗ ਦੇ ਸਬੰਧੀ ਕਾਫੀ ਸ਼ਿਕਾਇਤਾਂ ਆ ਰਹੀਅਂ ਸਨ। ਰਾਤ ਨੂੰ ਏ ਐਸ ਆਈ ਜਗਦੀਸ਼ ਕੁਮਾਰ ਚੋਕੀ ਇੰਚਾਰਜ ਭੂੰਗਾ ਸਮੇਤ ਪੁਲਸ ਪਾਰਟੀ ਦੀ ਮਦਦ ਨਾਲ ਟਰੈਕਟਰ ਮਾਰਕਾ ਇੰਡੋ ਫਾਰਮ 3055 ਐਨ ਵੀ ਨੰਬਰ ਫਬ 07 ਅਓ 8298 ਸਮੇਤ ਰੇਤਾ ਨਾਲ ਲੱਦੀ ਟਰਾਲੀ ਕਾਬੂ ਨੂੰ ਕੀਤਾ ਤੇ ਇਸ ਸਬੰਧੀ ਕਾਰਵਾਈ ਲਈ ਟੈਲੀਫੋਨ ਅਕਾਸ ਸਿੰਘ ਜੇ ਈ ਕਮ ਮਾਈਨਿੰਗ ਇੰਸਪੈਕਟਰ ਨੂੰ ਕਾਰਵਾਈ ਕਰਨ ਲਈ ਇਤਲਾਹ ਦਿੱਤੀ। ਜਿਨ੍ਹਾਂ ਨੇ ਟਰੈਕਟਰ ਟਰਾਲੀ ਦੇ ਚਾਲਕ ਕੁਲਦੀਪ ਸਿੰਘ ਉਰਫ ਬੀਰਾ ਪੁੱਤਰ ਪਿਆਰਾ ਸਿੰਘ ਵਾਸੀ ਕੰਗ ਮਾਈ ਥਾਣਾ ਹਰਿਆਣਾ ਖਿਲਾਫ ਇੱਕ ਲੱਖ ਰੁਪਏ ਦਾ ਜੁਰਮਾਨਾ ਅਦਾ ਕਰਨ ਸਬੰਧੀ ਕਾਰਵਾਈ ਕਰਦੇ ਹੋਏ ਟਰੈਕਟਰ ਟਰਾਲੀ ਥਾਣੇ ਬੰਦ ਕਰਨ ਦਾ ਹੁਕਮ ਕੀਤਾ। ਉਨ੍ਹਾਂ ਨਜਾਇਜ ਮਾਈਨਿੰਗ ਕਰਨ ਵਾਲਿਆਂ ਨੂੰ ਸਖਤ ਹਦਾਇਤ ਕੀਤੀ ਕਿ ਨਜਾਇਜ ਮਾਈਨਿੰਗ ਨਾ ਕੀਤੀ ਜਾਵੇ ਕਿਉਂਕਿ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਖੁਫੀਆ ਸੋਰਸ ਵੀ ਲਗਾਏ ਗਏ ਹਨ ਤਾਂ ਕਿ ਅਜਿਹੇ ਵਿਅਕਤੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅਜਿਹੇ ਵਿਅਕਤੀਆਂ ਨੂੰ ਭਾਰੀ ਤਦਾਦ ਵਿੱਚ ਜੁਰਮਾਨਾ ਵੀ ਕਰਵਾਇਆ ਜਾਵੇਗਾ।

# ਦਰਪੇਸ਼ ਮੁਸ਼ਕਲਾਂ ਸੰਬੰਧੀ ਸਵਰਨਕਾਰ ਯੂਨੀਅਨ ਝਬਾਲ ਵੱਲੋਂ ਮੀਟਿੰਗ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਸਵਰਨਕਾਰ ਯੂਨੀਅਨ ਝਬਾਲ ਵਲੋਂ ਅੱਡਾ ਝਬਾਲ ਗਿੱਲ ਰੈਸਟੋਰੈਂਟ ਵਿਖੇ ਸਵਰਨਕਾਰ ਯੂਨੀਅਨ ਝਬਾਲ ਦੇ ਅਹੁਦੇਦਾਰਾਂ ਦੀ ਮੀਟਿੰਗ ਪ੍ਰਧਾਨ ਸਰਬਜੀਤ ਸਿੰਘ ਗੰਡੀਵਿੰਡ ਜਿਊਲਰਜ਼ ਵਾਲਿਆਂ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਖਾਸ ਕਰਕੇ ਸਵਰਨਕਾਰ ਵੈੱਲਫੇਅਰ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਅਸ਼ਵਨੀ ਕੁਮਾਰ (ਨਾਮਾ ਸ਼ਾਹ), ਅਸ਼ਵਨੀ (ਕਾਲੇ ਸ਼ਾਹ) ਜ਼ਿਲਾ ਪ੍ਰਧਾਨ ਅੰਮ੍ਰਿਤਸਰ, ਜਸਵੰਤ ਸਿੰਘ ਸੀਨੀਅਰ ਵਾਈਸ ਪ੍ਰਧਾਨ, ਮਨਜਿੰਦਰ ਸਿੰਘ ਤਹਿਸੀਲ ਪ੍ਰਧਾਨ, ਸ਼ਿਵਰਾਜ ਸਿੰਘ ਵਾਈਸ ਪ੍ਰਧਾਨ, ਮਨਜੀਤ ਸਿੰਘ ਕਾਕਾ ਵਾਈਸ ਪ੍ਰਧਾਨ ਤਹਿਸੀਲ, ਮਨੀਸ਼ ਕੁਮਾਰ ਵਾਈਸ ਪ੍ਰਧਾਨ ਆਦਿ ਮੈਂਬਰ ਸ਼ਾਮਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਵਰਨਕਾਰ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਐਤਵਾਰ 29 ਜਨਵਰੀ ਨੂੰ ਸਵੇਰੇ 11:00 ਵਜੇ ਹੋਟਲ ਰਾਇਲ ਅੰਮ੍ਰਿਤਸਰ ਵਿਖੇ ਸਵਰਨਕਾਰ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪੰਜਾਬ ਭਰ ਦੇ ਸਵਰਨਕਾਰ ਸ਼ਾਮਿਲ ਹੋਣਗੇ। ਝਬਾਲ, ਗੱਗੋਬੂਹਾ ਦੇ ਸਮੂਹ ਸਵਰਨਕਾਰਾਂ ਨੂੰ ਪੁਹੰਚਣ ਦਾ ਸੱਦਾ ਪੱਤਰ ਦਿੱਤਾ ਗਿਆ। ਇਸ ਮੌਕੇ ਸਵਰਨਕਾਰ ਯੂਨੀਅਨ ਝਬਾਲ ਦੇ ਪ੍ਰਧਾਨ ਸਰਬਜੀਤ ਸਿੰਘ ਗੰਡੀਵਿੰਡ ਜਿਊਲਰਜ਼ ਵਾਲਿਆਂ ਨੇ ਸਵਰਨਕਾਰ ਵੈੱਲਫੇਅਰ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਤਸਵੀਰ ਤੇ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕੀਤਾ। ਮੀਟਿੰਗ ਦੌਰਾਨ ਸਵਰਨਕਾਰ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਗੰਡੀਵਿੰਡ ਜਿਊਲਰਜ਼, ਬਲਵਿੰਦਰ ਸਿੰਘ ਧੁੰਨਾ, ਧੁੰਨਾ ਜਿਊਲਰਜ਼, ਲਵਪ੍ਰੀਤ ਸਿੰਘ ਧੁੰਨਾ ਅੰਮ੍ਰਿਤਸਰ ਜਿਊਲਰਜ਼, ਦਿਲਬਾਗ ਸਿੰਘ ਜਿਊਲਰਜ਼, ਗੁਰਦਿਆਲ ਸਿੰਘ ਲਾਲੀ ਜਿਊਲਰਜ਼, ਸੁਰਿੰਦਰ ਸਿੰਘ ਕਪਤਾਨ ਜਿਊਲਰਜ਼, ਗੁਰਪ੍ਰੀਤ ਸਿੰਘ ਜਿਊਲਰਜ਼, ਅਵਤਾਰ ਸਿੰਘ ਛੀਨਿਆਂ ਵਾਲਿਆਂ ਦੀ ਹੱਟੀ ਜਿਊਲਰਜ਼, ਰੁਪਿੰਦਰ ਸਿੰਘ ਜਿਊਲਰਜ਼, ਗੁਰ ਨਾਨਕ ਜਿਊਲਰਜ਼, ਛੀਨਾ ਜਿਊਲਰਜ਼, ਦੀਪ ਜਿਊਲਰਜ਼, ਬੱਲੀ ਜਿਊਲਰਜ਼, ਜੌੜਾ ਜਿਊਲਰਜ਼, ਸੋਹਲ ਜਿਊਲਰਜ਼, ਟਿੰਕੂ ਜਿਊਲਰਜ਼, ਕਸਬਾ ਗੱਗੋਬੂਹਾ ਤੋਂ ਮਾਨ ਜਿਊਲਰਜ਼, ਕੰਡਾ ਜਿਊਲਰਜ਼, ਅੰਗਰੇਜ਼ ਜਿਊਲਰਜ਼ ਅਤੇ ਕੰਵਲ ਜਿਊਲਰਜ਼ ਆਦਿ ਸਵਰਨਕਾਰ ਹਾਜ਼ਰ ਸਨ।

# ਰਿਆਤ ਬਾਹਰਾ ਮੈਨੇਜਮੈਂਟ ਕਾਲਜ ਦੇ 48 ਵਿਦਿਆਰਥੀਆਂ ਨੂੰ ਰੁਜ਼ਗਾਰ ਮਿਲਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਮੈਨੇਜਮੈਂਟ ਕਾਲਜ ਦੇ 48 ਵਿਦਿਆਰਥੀ ਦੇਸ਼-ਵਿਦੇਸ਼ ਦੀਆਂ ਵੱਡੀਆਂ ਕੰਪਨੀਆਂ ਵਿੱਚ ਚੁਣੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ: ਹਰਿੰਦਰ ਗਿੱਲ ਨੇ ਦੱਸਿਆ ਕਿ ਇਹ ਵਿਦਿਆਰਥੀ ਅੰਤਿਮ ਸਾਲ ਦੇ ਹਨ, ਜਿਨ੍ਹਾਂ ਨੇ ਸਾਲ 2023 ਵਿੱਚ ਆਪਣੀ ਪੜ੍ਹਾਈ ਪੂਰੀ ਕਰਨੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵਿੱਚ ਮੈਨੇਜਮੈਂਟ ਦੇ 21 ਵਿਦਿਆਰਥੀ, ਬੀਸੀਏ ਦੇ 04 ਅਤੇ ਹੋਟਲ ਮੈਨੇਜਮੈਂਟ ਦੇ 23 ਵਿਦਿਆਰਥੀ ਹਨ। ਇਸ ਮੌਕੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਙ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਦੱਸਿਆ ਕਿ ਰਿਆਤ ਬਾਹਰਾ ਗਰੁੱਪ ਵਿੱਚ ਵਿਦਿਆਰਥੀਆਂ ਨੂੰ ਵਧੀਆ ਪੜ੍ਹਾਈ ਦੇ ਨਾਲ-ਨਾਲ ਇੰਡਸਟਰੀ ਲਈ ਵੀ ਤਿਆਰ ਕੀਤਾ ਜਾਂਦਾ ਹੈ, ਜਿਸ ਲਈ ਟਰੇਨਿੰਗ ਅਤੇ ਪਲੇਸਮੈਂਟ ਟੀਮਾਂ ਸਾਡੇ ਹਰੇਕ ਕੈਂਪਸ ਵਿੱਚ ਵਿਦਿਆਰਥੀਆਂ ਨੂੰ ਸਿਖਲਾਈ ਦੇ ਰਹੀਆਂ ਹਨ। ਇਸ ਮੌਕੇ ਸੰਯੁਕਤ ਕੈਂਪਸ ਡਾਇਰੈਕਟਰ ਡਾ: ਐਚ.ਪੀ.ਐਸ ਧਾਮੀ ਨੇ ਦੱਸਿਆ ਕਿ ਹਰ ਸਾਲ ਦੇਸ਼-ਵਿਦੇਸ਼ ਦੀਆਂ ਵੱਡੀਆਂ ਕੰਪਨੀਆਂ ਕੈਂਪਸ ਵਿੱਚ ਆਉਂਦੀਆਂ ਹਨ ਅਤੇ ਆਪਣੀਆਂ ਕੰਪਨੀਆਂ ਵਿੱਚ ਵਿਦਿਆਰਥੀਆਂ ਨੂੰ ਰੁਜ਼ਗਾਰ ਦਿੰਦੀਆਂ ਹਨ।

# ਰੁੜਕਾ ਕਲਾਂ ਵਿਖੇ ਚੈਰੀਟੇਬਲ ਹਸਪਤਾਲ ਦੀ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ

**ਗੁਰਾਇਆ, (ਬਿੰਦਰ ਸੁਮਨ)**

ਬਾਬਾ ਚਿੰਤਾ ਭਗਤ ਜੀ ਬਾਬਾ ਅਮੀ ਚੰਦ ਜੀ ਚੈਰੀਟੇਬਲ ਟਰੱਸਟ ਰੁੜਕਾ ਕਲਾਂ ਵਲੋਂ ਚੈਰੀਟੇਬਲ ਹਸਪਤਾਲ ਦੀ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ ਸੰਤ ਬਾਬਾ ਕਸ਼ਮੀਰ ਸਿੰਘ ਕੋਟਫਤੂਹੀ, ਮਹੰਤ ਸੇਵਾ ਦਾਸ ਡੇਰਾ ਬਾਬਾ ਭਾਈ ਸਾਧੂ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਐਸ ਐਮ ਓ ਬੁੰਡਾਲਾ ਅਸ਼ਵਨੀ ਕੁਮਾਰ, ਕੁਲਵੰਤ ਸਿੰਘ ਕਾਤੀ, ਮੇਲਾ ਸਿੰਘ, ਟੋਨੀ ਸੰਧੂ, ਗੁਰਮੇਲ ਸੰਧੂ, ਵਿਸ਼ਵਾ ਮਿੱਤਰ ਤਿਵਾੜੀ, ਪਵਿੱਤਰ ਸਿੰਘ, ਕ੍ਰਿਪਾਲ ਸਿੰਘ, ਡਾਕਟਰ ਗੁਰਪਾਲ ਸਿੰਘ, ਡਾਕਟਰ ਪੀ ਐਲ ਗੌਤਮ ਨੇ ਕਿਹਾ ਕਿ ਜੋ ਟਰੱਸਟ ਵਲੋਂ ਉਪਰਾਲਾ ਕੀਤਾ ਗਿਆ ਹੈ ਇੱਕ ਸ਼ਲਾਘਯੋਗ ਕਦਮ ਹੈ। ਉਨਾਂ ਕਿਹਾ ਕਿ ਇਲਾਕੇ ਵਿੱਚ ਇਹੋ ਜਿਹੇ ਹਸਪਤਾਲ ਦੀ ਲੋੜ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਮੈਬਰਾਂ ਨੇ ਕਿਹਾ ਕਿ ਟਰੱਸਟ ਵਲੋਂ ਐਨ ਆਰ ਵੀਰਾਂ ਦੇ ਸਹਿਯੋਗ ਨਾਲ ਹਸਪਤਾਲ ਦੀ ਬਿਲਡਿੰਗ 'ਤੇ ਤਕਰੀਬਨ 2 ਕਰੋੜ ਰੁਪਏ ਖਰਚ ਕੀਤਾ ਗਿਆ, ਇਸ ਬਿਲਡਿੰਗ ਦਾ ਉਦਘਾਟਨ ਕਰਕੇ ਸੰਗਤਾਂ ਦੇ ਹਵਾਲੇ ਕਰ ਦਿੱਤੀ ਗਈ ਹੈ, ਜਿਸ ਵਿੱਚ ਹਰੇਕ ਬਿਮਾਰੀ ਦੇ ਮਰੀਜ਼ਾਂ ਦਾ ਇਲਾਜ ਕੀਤਾ ਜਾਵੇਗਾ। ਇਸ ਮੌਕੇ ਟਰੱਸਟ ਪ੍ਰਧਾਨ ਨਰਿੰਦਰ ਸਿੰਘ, ਸਰਬਜੀਤ ਸਿੰਘ,ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਭੀਮਾ, ਕਸ਼ਮੀਰ ਸਿੰਘ, ਗੁਰਨਿੰਦਰ ਸਿੰਘ, ਗੁਰਨੇਕ ਸਿੰਘ, ਹਰਜੀਤ ਸਿੰਘ, ਸੁਖਦੀਪ ਸਿੰਘ,ਸੁਖਦੇਵ ਸਿੰਘ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਕੈਂਸਰ ਦਾ ਲੱਗਾ ਮੁਫਤ ਚੈੱਕਅੱਪ ਕੈਂਪ, ਹਜ਼ਾਰਾਂ ਲੋਕਾਂ ਨੇ ਉਠਾਇਆ ਲਾਭ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**

ਸਾਬਕਾ ਸਰਪੰਚ ਤੇ ਬਲਾਕ ਸੰਮਤੀ ਚੋਹਲਾ ਸਾਹਿਬ ਦੇ ਸਾਬਕਾ ਚੇਅਰਮੈਨ ਕੁਲਵੰਤ ਸਿੰਘ ਚੋਹਲਾ ਦੇ ਸਮੂਹ ਪਰਿਵਾਰ ਵੱਲੋਂ ਗਰਾਮ ਪੰਚਾਇਤ ਅਤੇ ਗੁਰਦੁਆਰਾ ਬਾਬਾ ਭਾਈ ਅਦਲੀ ਸਾਹਿਬ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਬਾਬਾ ਭਾਈ ਅਦਲੀ ਸਾਹਿਬ (ਅੰਦਰਲੇ) ਵਿਖੇ 24 ਅਤੇ 25 ਜਨਵਰੀ ਨੂੰ ਕੈਂਸਰ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ ਵਰਲਡ ਕੈਂਸਰ ਕੇਅਰ ਦੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਨੇ ਹਜ਼ਾਰਾਂ ਲੋਕਾਂ ਦੇ ਸਾਰੇ ਜ਼ਰੂਰੀ ਅਤੇ ਕੀਮਤੀ ਟੈਸਟ ਮੁਫਤ ਕੀਤੇ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਇਸ ਮੌਕੇ ਚੇਅਰਮੈਨ ਚੋਹਲਾ ਨੇ ਸਮੂਹ ਨਗਰ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅੱਜ 25 ਜਨਵਰੀ ਨੂੰ ਕੈਂਪ ਦੇ ਦੂਸਰੇ ਦਿਨ ਵੀ ਵਕਤ ਸਿਰ ਪੁੱਜ ਕੇ ਕੈਂਪ ਦਾ ਲਾਭ ਲੈ ਕੇ ਇਸ ਜਾਨਲੇਵਾ ਬਿਮਾਰੀ ਨੂੰ ਠੱਲ੍ਹ ਪਾਉਣ। ਉਨ੍ਹਾਂ ਦੱਸਿਆ ਇਸ ਕੈਂਪ ਵਿੱਚ ਕੈਂਸਰ ਦੇ ਸਾਰੇ ਟੈਸਟ ਮੁਫਤ ਹੋਣਗੇ।

ਕੈਂਪ ਵਿੱਚ ਚੇਅਰਮੈਨ ਚੋਹਲਾ ਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਤੋਂ ਇਲਾਵਾ ਪਹਿਲਵਾਨ ਲਖਬੀਰ ਸਿੰਘ ਸਰਪੰਚ ਚੋਹਲਾ ਸਾਹਿਬ, ਬਾਬਾ ਜਗਤਾਰ ਸਿੰਘ ਬਾਬੇ ਸ਼ਹੀਦ, ਸਵਿੰਦਰ ਸਿੰਘ ਕਾਕਾ ਪ੍ਰਧਾਨ, ਨੰਬਰਦਾਰ ਦਾਰਾ ਸਿੰਘ, ਬਲਦੇਵ ਸਿੰਘ ਫੌਜੀ, ਜਗਤਾਰ ਸਿੰਘ, ਪਰਗਟ ਸਿੰਘ, ਪਿਆਰਾ ਸਿੰਘ ਮੈਂਬਰ, ਸੁਖਜਿੰਦਰ ਸਿੰਘ ਸੋਨੂੰ, ਨਵਦੀਪ ਸਿੰਘ ਰਵੀ ਆਸਟ੍ਰੇਲੀਆ, ਸਰਪੰਚ ਮਹਿੰਦਰ ਸਿੰਘ ਚੰਬਾ ਨੇ ਸਾਰਾ ਦਿਨ ਹਾਜ਼ਰੀਆਂ ਭਰ ਕੇ ਕੈਂਪ 'ਚ ਪੁੱਜੇ ਲੋਕਾਂ ਦੀ ਸੇਵਾ ਕੀਤੀ। ਸਾਰਾ ਦਿਨ ਚਾਹ-ਪਕੌੜੇ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸੇਵਾ ਕੇਂਦਰਾਂ 'ਚ ਜ਼ੀਰੋ ਪੈਂਡੈਂਸੀ ਲਈ ਜਿੱਤਿਆ 'ਸਕੋਚ ਆਰਡਰ ਆਫ ਮੈਰਿਟ ਐਵਾਰਡ'

**ਜਲੰਧਰ (ਸ਼ੈਲੀ ਐਲਬਰਟ)**— ਡਿਪਟੀ ਕਮਿਸਨਰ ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਨੇ ਜੀਰੋ ਪੈਂਡੈਂਸੀ ਪਹੁੰਚ ਰਾਹੀਂ ਸੇਵਾਵਾਂ ਦੀ ਸਪੁਰਦਗੀ ਵਿੱਚ ਸੁਧਾਰ ਕਰਨ ਸਦਕਾ 'ਸਕੋਚ ਆਰਡਰ ਆਫ ਮੈਰਿਟ ਐਵਾਰਡ' ਪ੍ਰਾਪਤ ਕੀਤਾ ਹੈ। ਇਹ ਐਵਾਰਡ 20 ਜਨਵਰੀ ਨੂੰ ਗੁਰਸ਼ਰਨ ਧੰਜਲ (ਸਕੋਚ ਗਰੁੱਪ ਦੇ ਵਾਈਸ ਚੇਅਰਪਰਸਨ) ਵੱਲੋਂ ਇੱਕ ਵਰਚੂਅਲ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ । ਸਮੁੱਚੀ ਪ੍ਰਸ਼ਾਸਨਿਕ ਟੀਮ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸਨਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਕੋਚ ਐਵਾਰਡ ਹਰੇਕ ਉਸ ਅਧਿਕਾਰੀ/ਕਰਮਚਾਰੀ ਦਾ ਸਨਮਾਨ ਹੈ, ਜਿਨ੍ਹਾਂ ਵੱਲੋਂ ਨਿਸਚਿਤ ਸਮੇਂ ਦੇ ਅੰਦਰ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਸੁਹਿਰਦ ਅਤੇ ਮਿਸਾਲੀ ਉਪਰਾਲੇ ਕੀਤੇ ਗਏ। ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ "ਜੀਰੋ ਪੈਂਡੈਂਸੀ" ਪਹੁੰਚ ਨੂੰ ਅਪਣਾਇਆ ਗਿਆ ਹੈ, ਜਿਸ ਦੇ ਲਈ ਅੰਤਿਮ ਪ੍ਰਵਾਨਗੀ ਤੋਂ ਪਹਿਲਾਂ ਨਾਗਰਿਕ ਦਰਖਾਸਤ 'ਤੇ ਕਾਰਵਾਈ ਕਰਨ ਵਾਲੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੀ ਕਾਰਗੁਜਾਰੀ ਦੇ ਮੁਲਾਂਕਣ ਲਈ ਤਹਿਸੀਲ ਜਾਂ ਸਬ ਤਹਿਸੀਲ ਪੱਧਰ 'ਤੇ ਨੋਡਲ ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐਮ.ਆਈ.ਐਸ.) ਰਾਹੀਂ ਦਰਖਾਸਤ ਦੀ ਪ੍ਰਕਿਰਿਆ ਦੇ ਸਬੰਧ 'ਚ ਹਰ ਦਫਤਰ ਦੀ ਕਾਰਗੁਜ਼ਾਰੀ ਦੀ ਰੋਜਾਨਾ ਨਿਗਰਾਨੀ ਕੀਤੀ ਜਾਂਦੀ ਹੈ। ਜਸਪ੍ਰੀਤ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਅਰਜੀ ਲੰਬਿਤ ਪਾਈ ਜਾਂਦੀ ਹੈ ਤਾਂ ਉਹ ਤੁਰੰਤ ਸਬੰਧਤ ਅਧਿਕਾਰੀ ਨੂੰ ਭੇਜ ਦਿੱਤੀ ਜਾਂਦੀ ਹੈ। ਨੋਡਲ ਅਫਸਰਾਂ ਨੂੰ ਸੁਚੇਤ ਕੀਤਾ ਜਾਂਦਾ ਹੈ, ਜਿਨ੍ਹਾਂ ਵੱਲੋਂ ਬਿਨਾਂ ਕਿਸੇ ਦੇਰੀ ਤੋਂ ਬਿਨੈ-ਪੱਤਰਾਂ 'ਤੇ ਕਾਰਵਾਈ ਨੂੰ ਯਕੀਨੀ ਬਣਾਇਆ ਜਾਂਦਾ ਹੈ। ਡਿਪਟੀ ਕਮਿਸਨਰ ਨੇ ਦੱਸਿਆ ਕਿ ਜੀਰੋ ਪੈਂਡੈਂਸੀ ਪਹੁੰਚ ਨੂੰ ਸਬੰਧਤ ਵਿਭਾਗ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਰਮਿਆਨ ਸੂਚਨਾ ਦੇ ਦੋ-ਪੱਖੀ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪੈਂਡੈਂਸੀ ਦੀ ਪਛਾਣ ਦੇ ਨਾਲ-ਨਾਲ ਇਸ ਸਬੰਧੀ ਸੁਚੇਤ ਕਰਨ ਤੋਂ ਇਲਾਵਾ ਵਿਭਾਗਾਂ ਦੇ ਜ਼ਿਲ੍ਹਾ ਮੁਖੀਆਂ ਦੇ ਨਾਲ ਅਜਿਹੀ ਕਿਸੇ ਵੀ ਪੈਂਡੈਂਸੀ ਦੇ ਮੁੱਖ ਕਾਰਨਾਂ ਨੂੰ ਸਾਂਝਾ ਅਤੇ ਰਿਕਾਰਡ ਵੀ ਕੀਤਾ ਜਾਂਦਾ ਹੈ, ਜਿਸ ਸਦਕਾ ਵਿਭਾਗਾਂ ਰਾਹੀਂ ਢਾਂਚਾਗਤ ਰੁਕਾਵਟਾਂ ਨੂੰ ਦੂਰ ਕਰਨਾ ਯਕੀਨੀ ਬਣਦਾ ਹੈ ਤਾਂ ਜੋ ਭਵਿੱਖ ਵਿੱਚ ਸਮਾਨ ਕਾਰਨਾਂ ਕਰਕੇ ਪੈਂਡੈਂਸੀ ਹੋਣ ਤੋਂ ਰੋਕਿਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਜੀਰੋ ਪੈਂਡੈਂਸੀ ਨੂੰ ਯਕੀਨੀ ਬਣਾਉਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਨਾਲ ਹੋਰਨਾਂ ਨੂੰ ਵੀ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵਾਂਗ ਮਿਹਨਤ ਕਰਨ ਦੀ ਪ੍ਰੇਰਨਾ ਮਿਲੀ। ਉਨ੍ਹਾਂ ਅੱਗੇ ਦੱਸਿਆ ਕਿ ਸਮਾਂ-ਸੀਮਾ ਤੋਂ ਬਾਅਦ ਵੀ ਲੰਬਿਤ ਪਈਆਂ ਅਰਜ਼ੀਆਂ ਬਾਰੇ ਚਰਚਾ ਲਈ ਨਿਯਮਤ ਸਮੀਖਿਆ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਅਤੇ ਬੇਲੋੜੀ ਦੇਰੀ ਲਈ ਬਣਦੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਂਦੀ ਹੈ। ਇਸ ਤੋਂ ਇਲਾਵਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨਾਗਰਿਕਾਂ, ਜਿਨ੍ਹਾਂ ਵੱਲੋਂ ਸੇਵਾ ਕੇਂਦਰ ਦੀਆਂ ਸਹੂਲਤਾਂ ਦੀ ਪਿਛਲੇ ਸੱਤ ਦਿਨਾਂ ਦੇ ਅ ਦਰ ਵਰਤੋਂ ਕੀਤੀ ਹੈ, ਪਾਸੋਂ ਉਨ੍ਹਾਂ ਦੇ ਕੀਮਤੀ ਸੁਝਾਅ ਅਤੇ ਫੀਡਬੈਕ ਵੀ ਪ੍ਰਾਪਤ ਕੀਤੇ ਜਾਂਦੇ ਹਨ । ਜ਼ਿਕਰਯੋਗ ਹੈ ਕਿ ਜਲੰਧਰ ਸੇਵਾ ਕੇਂਦਰਾਂ ਵਿੱਚ ਅਰਜ਼ੀਆਂ ਦੀ ਸਭ ਤੋਂ ਘੱਟ ਪੈਂਡੈਂਸੀ ਅਤੇ ਲੋਕਾਂ ਨੂੰ ਨਾਗਰਿਕ-ਕੇਂਦ੍ਰਿਤ ਸੇਵਾਵਾਂ ਦੀ ਨਿਰਵਿਘਨ ਤੇ ਜਲਦ ਸਪੁਰਦਗੀ ਨੂੰ ਯਕੀਨੀ ਬਣਾਉਣ ਵਾਲਾ ਪੰਜਾਬ ਦਾ ਮੋਹਰੀ ਜ਼ਿਲ੍ਹਾ ਹੈ। ਜ਼ਿਕਰਯੋਗ ਹੈ ਕਿ 2003 ਵਿਚ ਸਥਾਪਿਤ ਕੀਤਾ ਗਿਆ ਸਕੋਚ ਐਵਾਰਡ ਉਨ੍ਹਾਂ ਲੋਕਾਂ, ਪ੍ਰਾਜੈਕਟਾਂ ਅਤੇ ਸੰਸਥਾਵਾਂ ਨੂੰ ਸਲਾਮ ਕਰਦਾ ਹੈ, ਜਿਨ੍ਹਾਂ ਵੱਲੋਂ ਭਾਰਤ ਨੂੰ ਇੱਕ ਬਿਹਤਰ ਰਾਸ਼ਟਰ ਬਣਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ। ਸਕੋਚ ਐਵਾਰਡ ਡਿਜੀਟਲ, ਵਿੱਤੀ ਅਤੇ ਸਮਾਜਿਕ ਸਮਾਵੇਸ ਵਿੱਚ ਸਭ ਤੋਂ ਵਧੀਆ ਕੋਸ਼ਿਸ਼ਾਂ ਨੂੰ ਸਲਾਹੁੰਦਾ ਹੈ। ਸਕੋਚ ਐਵਾਰਡ ਨਾ ਸਿਰਫ ਬੇਮਿਸਾਲ ਪ੍ਰਾਪਤੀਆਂ ਹਾਸਲ ਕਰਨ ਵਾਲਿਆਂ, ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ ਸਗੋਂ ਪ੍ਰੇਰਨਾਦਾਇਕ ਮਾਰਗਦਰਸ਼ਨ ਅਤੇ ਅਗਵਾਈ ਨੂੰ ਵੀ ਉਤਸ਼ਾਹਿਤ ਕਰਦਾ ਹੈ।

## ਮਾਹਲ ਨੇ ਰਾਜੇਸ਼ ਪੰਡਤ ਨਾਲ ਦੁੱਖ ਵੰਡਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਨੇ ਧਾਰੀਵਾਲ ਵਿਖੇ ਸਮਾਜ ਸੇਵੀ ਰਾਜੇਸ਼ ਪੰਡਿਤ ਦੀ ਤਾਈ ਤ੍ਰਿਪਤਾ ਰਾਣੀ ਦੀ ਕੁਝ ਦਿਨ ਪਹਿਲਾਂ ਹੋਈ ਬੇਵਕਤੀ ਮੌਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਗੁਰਦੇਵ ਸ਼ਰਮਾ, ਬੰਟੀ ਸ਼ਰਮਾ, ਮੁਕੇਸ਼ ਸੇਠ, ਆਸ਼ੂ ਪਹਿਲਵਾਨ, ਰਣਜੀਤ ਸ਼ਰਮਾ ਆਦਿ ਸਮੇਤ ਹੋਰ ਆਗੂ ਵੀ ਹਾਜ਼ਰ ਸਨ। ਇਸ ਮੌਕੇ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਤ੍ਰਿਪਤਾ ਦੇਵੀ ਕਰਮਯੋਗੀ ਸਨ, ਅਜਿਹੀ ਮਾਰਗਦਰਸ਼ਕ ਸ਼ਖਸੀਅਤ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਰਾਜੇਸ਼ ਪੰਡਿਤ ਦੇ ਪਰਿਵਾਰ ਅਤੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

25-January-PAGE-4-2.qxd 1/24/2023 9:51 PM Page 1



## ਮੋਦੀ ਦੇਸ਼ ਨੂੰ ਕਰਜ਼ਾਈ ਕਰਨ 'ਚ ਨੰਬਰ ਵੰਨ

ਮੋਦੀ ਸਰਕਾਰ ਦੌਰਾਨ ਗ਼ੈਰ ਬਰਾਬਰੀ, ਬੇਰੁਜ਼ਗਾਰੀ ਤੇ ਮਹਿੰਗਾਈ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਜਨਤਕ ਜਾਇਦਾਦਾਂ ਕੌਡੀਆਂ ਦੇ ਭਾਅ ਆਪਣੇ ਮਿੱਤਰ ਕਾਰਪੋਰੇਟਾਂ ਦੇ ਹਵਾਲੇ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਹੁਣ ਨਵਾਂ ਤੱਥ ਸਾਹਮਣੇ ਆਇਆ ਹੈ ਕਿ ਦੇਸ਼ ਨੂੰ ਕਰਜ਼ੇ ਵਿੱਚ ਡਬੋਣ ਲਈ ਵੀ ਮੋਦੀ ਸਰਕਾਰ ਵਿਸ਼ਵ ਗੁਰੂ ਬਣ ਚੁੱਕੀ ਹੈ।

ਇਹ ਸਰਕਾਰ ਜਿਸ ਤਰ੍ਹਾਂ ਕਰਜ਼ਾ ਚੁੱਕ ਕੇ ਕੰਮ ਚਲਾ ਰਹੀ ਹੈ, ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਲੋਕਾਂ ਦਾ ਰੋਮ-ਰੋਮ ਕਰਜ਼ੇ ਵਿੱਚ ਡੁੱਬ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੀਆਂ ਸਭ ਸਰਕਾਰਾਂ ਨੂੰ ਨਿੰਦਦਿਆਂ ਕਹਿੰਦੇ ਰਹਿੰਦੇ ਹਨ ਕਿ ਪਿਛਲੇ 70 ਸਾਲਾਂ ਦੌਰਾਨ ਕੋਈ ਵਿਕਾਸ ਨਹੀਂ ਹੋਇਆ, ਉਲਟਾ ਦੇਸ਼ ਕਰਜ਼ੇ ਹੇਠ ਆ ਗਿਆ ਹੈ। ਤੱਥ ਉਨ੍ਹਾਂ ਦੇ ਕਥਨਾਂ ਦੀ ਖਿੱਲੀ ਉਡਾਉਂਦੇ ਹਨ। ਜੇਕਰ ਭਾਰਤ ਸਿਰ ਕਰਜ਼ੇ ਦਾ ਹਿਸਾਬ ਕੀਤਾ ਜਾਵੇ ਤਾਂ 1947 ਤੋਂ ਲੈ ਕੇ 2014 ਦੇ 67 ਸਾਲਾਂ ਦੌਰਾਨ ਦੇਸ਼ ਸਿਰ ਕੁੱਲ ਕਰਜ਼ਾ 55.87 ਲੱਖ ਕਰੋੜ ਰੁਪਏ ਚੜ੍ਹਿਆ ਸੀ। 2014 ਵਿੱਚ ਨਰਿੰਦਰ ਦੀ ਅਗਵਾਈ ਵਿੱਚ ਭਾਜਪਾ ਦੀ ਸਰਕਾਰ ਬਣੀ ਸੀ। ਮੋਦੀ ਰਾਜ ਦੇ ਇਨ੍ਹਾਂ 9 ਸਾਲਾਂ ਦੌਰਾਨ ਭਾਰਤ ਸਿਰ ਕਰਜ਼ਾ ਵਧ ਕੇ 155.31 ਲੱਖ ਕਰੋੜ ਹੋ ਗਿਆ। ਇਹ 67 ਸਾਲਾਂ ਦੇ ਕਰਜ਼ੇ ਨਾਲੋਂ 2.77 ਗੁਣਾ ਵੱਧ ਬਣਦਾ ਹੈ। ਜੇਕਰ ਹਰ ਭਾਰਤੀ ਦੇ ਸਿਰ ਚੜ੍ਹੇ ਕਰਜ਼ੇ ਦੀ ਗੱਲ ਕੀਤੀ ਜਾਵੇ ਤਾਂ 2014 ਤੋਂ ਪਹਿਲਾਂ ਇਹ 43,124 ਰੁਪਏ ਪ੍ਰਤੀ ਵਿਅਕਤੀ ਸੀ, ਜੋ ਮੋਦੀ ਰਾਜ ਦੌਰਾਨ 1 ਲੱਖ 9 ਹਜ਼ਾਰ 373 ਰੁਪਏ ਹੋ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਨੌਂ ਸਾਲਾਂ ਦੌਰਾਨ ਪ੍ਰਤੀ ਵਿਅਕਤੀ ਕਰਜ਼ੇ ਵਿੱਚ 2.53 ਗੁਣਾ ਵਾਧਾ ਹੋ ਚੁੱਕਾ ਹੈ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਭਾਰਤ ਸਿਰ ਕਰਜ਼ਾ ਜੀ ਡੀ ਪੀ ਦੇ 83 ਪ੍ਰਤੀਸ਼ਤ ਤੱਕ ਪਹੁੰਚ ਗਿਆ, ਜੋ ਵਿਕਾਸਸ਼ੀਲ ਦੇਸ਼ਾਂ ਦੇ 64.5 ਫ਼ੀਸਦੀ ਕਰਜ਼ੇ ਤੋਂ ਕਿਤੇ ਵੱਧ ਹੈ।

ਆਕਸਫੈਮ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਸਭ ਤੋਂ ਅਮੀਰ 5 ਫ਼ੀਸਦੀ ਲੋਕਾਂ ਕੋਲ ਦੇਸ਼ ਦਾ 60 ਫ਼ੀਸਦੀ ਧਨ ਹੈ, ਜਦੋਂ ਕਿ ਹੇਠਲੀ ਅੱਧੀ ਅਬਾਦੀ ਕੋਲ ਸਿਰਫ਼ 3 ਫ਼ੀਸਦੀ ਧਨ ਹੈ। ਦੂਜੇ ਪਾਸੇ ਜੀ ਐੱਸ ਟੀ ਰਾਹੀਂ ਇਕੱਠੇ ਹੁੰਦੇ ਪੈਸੇ ਵਿੱਚੋਂ 64 ਫ਼ੀਸਦੀ ਹੇਠਲੀ 50 ਫ਼ੀਸਦੀ ਅਬਾਦੀ ਤੋਂ ਆਉਂਦੇ ਹਨ ਤੇ ਜਦੋਂ ਕਿ ਉੱਪਰਲੀ 10 ਫ਼ੀਸਦੀ ਤੋਂ 3 ਫ਼ੀਸਦੀ ਆਉਂਦੇ ਹਨ। ਸਪੱਸ਼ਟ ਹੈ ਕਿ ਉੱਪਰਲੇ ਅਮੀਰਾਂ ਪ੍ਰਤੀ ਲਿਹਾਜ਼ੂ ਰਵੱਈਏ ਕਾਰਨ ਉਨ੍ਹਾਂ ਦੀ ਦੌਲਤ ਵਧੀ ਜਾਂਦੀ ਹੈ ਤੇ ਟੈਕਸਾਂ ਦਾ ਭਾਰ ਲੋਕਾਂ ਉੱਤੇ ਵਧੀ ਜਾਂਦਾ ਹੈ। ਕਾਰਪੋਰੇਟਾਂ ਪ੍ਰਤੀ ਮਿੱਤਰਚਾਰੇ ਕਾਰਨ ਉਨ੍ਹਾਂ ਉੱਤੇ ਟੈਕਸ ਲਾਉਣ ਦੀ ਥਾਂ ਕਰਜ਼ਾ ਚੁੱਕ ਕੇ ਕੰਮ ਚਲਾਇਆ ਜਾ ਰਿਹਾ ਹੈ। ਇਸ ਸਥਿਤੀ ਉੱਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਦਿਆਂ ਲਿਖਿਆ ਸੀ, 'ਮਹਾਂਮਾਰੀ ਦੌਰਾਨ ਪ੍ਰਧਾਨ ਮੰਤਰੀ ਦੇ 'ਫੇਵਰਿਟ ਮਿੱਤਰ' ਦੀ ਦੌਲਤ 8 ਗੁਣਾ ਕਿਵੇਂ ਵਧੀ? ਇੱਕ ਸਾਲ ਵਿੱਚ ਪ੍ਰਧਾਨ ਮੰਤਰੀ ਦੇ 'ਫੇਵਰਿਟ ਮਿੱਤਰ' ਦੀ ਦੌਲਤ 46 ਫ਼ੀਸਦੀ ਕਿਵੇਂ ਵਧੀ? ਮੀਡੀਆ ਜਨਤਾ ਦਾ ਧਿਆਨ ਭਟਕਾਉਂਦਾ ਰਿਹਾ ਤੇ ਪ੍ਰਧਾਨ ਮੰਤਰੀ ਦੇ 'ਮਿੱਤਰ' ਜੇਬ ਕੱਟਦੇ ਰਹੇ। ਗ਼ਰੀਬਾਂ ਦੀ ਕਮਾਈ ਮਿੱਤਰਾਂ ਨੇ ਚੁਰਾਈ।'

ਮੋਦੀ ਨੇ 2014 ਦੀ ਲੋਕ ਸਭਾ ਚੋਣ ਮੁਹਿੰਮ ਦੌਰਾਨ ਵਾਅਦਾ ਤਾਂ ਕੀਤਾ ਸੀ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੀ ਖਾਤੇ ਵਿੱਚ 15 ਲੱਖ ਰੁਪਏ ਪਾਉਣ ਦਾ, ਪਰ ਚਾੜ੍ਹ ਦਿੱਤਾ ਸਭ ਭਾਰਤੀਆਂ ਸਿਰ 100 ਲੱਖ ਕਰੋੜ ਤੋਂ ਵੱਧ ਦਾ ਕਰਜ਼ਾ। ਜੇਕਰ ਮੋਦੀ ਸਰਕਾਰ ਇਸੇ ਰਾਹ ਤੁਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦੀ ਸਮੁੱਚੀ ਆਮਦਨ ਕਰਜ਼ੇ ਦੀਆਂ ਕਿਸ਼ਤਾਂ ਤਾਰਨ ਉੱਤੇ ਖ਼ਰਚ ਹੋਣ ਲੱਗ ਪਵੇਗੀ।

# ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦਾ ਵਿਰੋਧ ਕਿਉਂ ?



ਰਣਜੀਤ ਸਿੰਘ ਰਾਣਵਾਂ

**ਸਰਮਾਏਦਾਰਾਂ, ਕੰਪਨੀਆਂ ਦੇ ਦਬਾਅ ਹੇਠ ਆ ਕੇ ਹੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਬੁਢਾਪੇ ਦੀ ਡੰਗੋਰੀ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ 'ਤੇ ਆਨੇ-ਬਹਾਨੇ ਲਗਾ ਕੇ ਟਾਲਿਆ ਜਾ ਰਿਹਾ ਹੈ। ਕਾਰਪੋਰੇਟ ਘਰਾਣਿਆਂ ਅਤੇ ਵਿਦੇਸ਼ੀ ਕੰਪਨੀਆਂ ਦੇ ਦਬਾਅ ਕਾਰਨ ਕੇਂਦਰ ਸਰਕਾਰ ਵੱਲੋਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ ਅਤੇ ਰਾਜ ਸਰਕਾਰਾਂ ਦੇ ਜਮ੍ਹਾਂ ਅਰਬਾਂ ਰੁਪਏ ਨੂੰ ਵਾਪਸ ਕਰਨ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ। ਪੁਰਾਣੀ ਪੈਨਸ਼ਨ ਦਾ ਵਿਰੋਧ ਕਰਨ ਵਾਲੇ ਦੱਸਣ ਕਿ ਮਿਹਨਤਕਸ਼ ਵਰਗ ਦਿਨ ਪ੍ਰਤੀ ਦਿਨ ਆਰਥਕ ਤੌਰ 'ਤੇ ਕੰਗਾਲ ਕਿਉਂ ਹੋਇਆ ਅਤੇ ਮਾਇਆ ਦੇ ਅੰਬਾਰ ਕਾਰਪੋਰੇਟ ਘਰਾਣਿਆਂ ਦੇ ਘਰਾਂ ਵੱਲ ਕਿਉਂ ਲੱਗੇ ਹਨ।**

ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਅਖਬਾਰਾਂ ਅੰਦਰ ਪੁਰਾਣੀ ਪੈਨਸ਼ਨ ਪ੍ਰਣਾਲੀ ਦੀ ਬਹਾਲੀ ਦੇ ਉਭਰੇ ਹੋਏ ਮੁੱਦੇ ਨੂੰ ਮੁਲਕ ਦੇ ਅਰਥਚਾਰੇ ਲਈ ਖਤਰਨਾਕ ਹੋਣ ਦੇ ਬਿਆਨਾਂ ਦੀ ਭਰਮਾਰ ਲੱਗੀ ਪਈ ਹੈ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪ੍ਰੀਸ਼ਦ ਦੇ ਮੈਂਬਰ ਸੰਜੀਵ ਸਾਨਿਆਲ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਅਗਲੀ ਪੀੜ੍ਹੀ 'ਤੇ ਟੈਕਸਾਂ ਦਾ ਬੋਝ ਦੱਸਿਆ ਹੈ। ਭਾਜਪਾ ਦੇ ਰਾਜ ਸਭਾ ਮੈਂਬਰ ਸੁਸ਼ੀਲ ਕੁਮਾਰ ਮੋਦੀ ਨੇ ਪੁਰਾਣੀ ਪੈਨਸ਼ਨ ਬਹਾਲੀ ਨੂੰ ਬੁਰੇ ਵਿਚਾਰਾਂ ਦਾ ਸਿਰ ਚੁੱਕਣਾ ਕਿਹਾ ਹੈ। ਰਾਜ ਸਭਾ ਦੇ ਡਿਪਟੀ ਸਪੀਕਰ ਹਰੀਬੰਸ ਦਾ ਕਹਿਣਾ ਕਿ ਪੁਰਾਣੀ ਪੈਨਸ਼ਨ ਵੱਲ ਮੁੜਨਾ ਹੁਣ ਸੰਭਵ ਨਹੀਂ, ਇਹ ਤਾਂ ਇੱਥੋਂ ਤੱਕ ਵੀ ਕਹਿ ਗਿਆ ਕਿ ਮੁਲਾਜ਼ਮ ਤਾਂ ਹੁਣ ਸੇਵਾ ਮੁਕਤੀ ਉਪਰੰਤ 25-30 ਸਾਲ ਤੱਕ ਵੀ ਜਿਊਂਦੇ ਰਹਿੰਦੇ ਹਨ, ਉਹਨਾਂ ਦੇ ਮਰਨ ਤੋਂ ਬਾਅਦ ਪਤਨੀ ਜਾਂ ਪਰਵਾਰ ਦੇ ਹੋਰ ਮੈਂਬਰਾਂ ਨੂੰ ਵੀ ਪੈਨਸ਼ਨ ਦਾ ਭੁਗਤਾਨ ਹੁੰਦਾ ਰਹਿੰਦਾ ਹੈ। ਇੱਥੇ ਕਹਿਣਾ ਭੁੱਲ ਗਿਆ ਕਿ ਇਹ ਸਹੂਲਤ ਵਿਧਾਇਕਾਂ/ਲੋਕ ਸਭਾ/ਰਾਜ ਸਭਾ ਮੈਂਬਰਾਂ ਅਤੇ ਉਹਨਾਂ ਦੇ ਵਾਰਸਾਂ ਨੂੰ ਕਿਉਂ ਲਾਗੂ ਹੈ। ਅੰਗਰੇਜ਼ੀ ਅਖਬਾਰ 'ਦਾ ਟ੍ਰਿਬਿਊਨ' ਦੇ ਮੁੱਖ ਸੰਪਾਦਕ ਰਾਜੇਸ਼ ਰਾਮਾ ਚੰਦਰਨ ਦਾ ਪੁਰਾਣੀ ਪੈਨਸ਼ਨ ਲਾਗੂ ਕਰਨ ਨੂੰ 'ਕੰਮ ਚੋਰਾਂ ਨੂੰ ਇਨਾਮ ਦੇਣਾ' ਇਹ ਕਹਿਣਾ ਕਿ ਪੁਰਾਣੀ ਪੈਨਸ਼ਨ ਲਾਗੂ ਕਰਨ ਨਾਲ ਘੋਰ ਬੇਇਨਸਾਫੀ ਹੋਵੇਗੀ, ਹੁਣ ਆਰ ਬੀ ਆਈ ਵੱਲੋਂ ਵੀ ਪੁਰਾਣੀ ਪੈਨਸ਼ਨ ਨੂੰ ਦੇਸ਼ ਦੀ ਆਰਥਿਕਤਾ ਲਈ ਖਤਰਾ ਕਹਿਣਾ ਪੁਰਾਣੀ ਪੈਨਸ਼ਨ ਵਿਰੁੱਧ ਮੋਦੀ ਸਰਕਾਰ ਦੇ ਖੈਰ-ਖਵਾਹ ਅਖੌਤੀ ਅਰਥ ਸ਼ਾਸਤਰੀਆਂ/ ਏਜੰਸੀਆਂ ਦਾ ਕੂੜ ਪ੍ਰਚਾਰ ਤੋਂ ਵੱਧ ਕੁਝ ਨਹੀਂ ਹੈ।

ਕੇਂਦਰ ਦੀ ਵਾਜਪਾਈ ਸਰਕਾਰ ਵੱਲੋਂ ਦਸੰਬਰ 2003 'ਚ ਇੱਕ ਵਿਸ਼ੇਸ਼ ਆਰਡੀਨੈਂਸ ਰਾਹੀਂ ਜਬਰੀ ਲਾਗੂ ਕੀਤੀ ਕੰਟਰੀਬਿਊਟਰੀ ਪੈਨਸ਼ਨ ਸਕੀਮ ਰਾਹੀਂ ਮੁਲਾਜ਼ਮਾਂ ਤੋਂ ਪੈਨਸ਼ਨ ਦਾ ਹੱਕ ਖੋਹ ਲਿਆ ਸੀ, ਇਸ ਤੋਂ ਪਹਿਲਾਂ ਤਤਕਾਲੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਪਾਰਲੀਮੈਂਟ 'ਚ 28 ਫਰਵਰੀ 2001 ਦੇ ਬੱਜਟ ਭਾਸ਼ਣ 'ਚ ਓਲਡ ਪੈਨਸ਼ਨ ਸਕੀਮ ਦਾ ਭੋਗ ਪਾਉਣ ਬਾਰੇ ਸਪੱਸ਼ਟ ਕਰ ਦਿੱਤਾ ਸੀ, ਉਸ ਸਮੇਂ ਵੀ ਪੈਨਸ਼ਨ ਦੇਣਦਾਰੀ ਜੀ ਡੀ ਪੀ ਦੇ ਹਵਾਲੇ ਨਾਲ ਨਾ ਸਹਿਣਯੋਗ ਖਰਚੇ ਦਾ ਇਹੋ ਤਰਕ ਹੀ ਦਿੱਤਾ ਗਿਆ ਸੀ, ਜਦੋਂ ਕਿ ਤੱਥ-ਅੰਕੜਿਆਂ ਨਾਲ ਮੇਲ ਨਹੀਂ ਸੀ ਖਾਂਦੇ, ਕਿਉਂਕਿ ਜਿਸ ਮੌਕੇ ਜਨਵਰੀ 2004 ਤੋਂ ਇਹ ਐਨ ਪੀ ਐਸ ਲਾਗੂ ਕੀਤੀ ਗਈ ਸੀ, ਉਸ ਸਮੇਂ ਇਹ ਦੇਣਦਾਰੀ ਘਟ ਰਹੀ ਸੀ, ਸਾਲ 2000 - 2001 ਇਹ ਜੀ ਡੀ ਪੀ ਦਾ 01.09% ਪਰ ਸਾਲ 2004-05 'ਚ ਘੱਟ ਕੇ 00.93 ਰਹਿ ਗਈ ਸੀ, ਹੁਣ ਵੀ ਸਾਲ 2020-21 ਦੇ ਹਾਸਲ ਅੰਕੜਿਆਂ ਮੁਤਾਬਕ ਆਪਣੇ ਵਿਸ਼ਲੇਸ਼ਣ 'ਚ ਕਈ ਲੇਖਕ ਲਿਖਦੇ ਹਨ ਕਿ ਕੇਂਦਰ ਦਾ ਪੈਨਸ਼ਨ ਦੇਣਦਾਰੀ ਦਾ ਕੁੱਲ ਖਰਚਾ 190886 ਕਰੋੜ ਰੁਪਏ ਹੈ, ਕੌਮਾਂਤਰੀ ਮੁਦਰਾ ਕੋਸ਼ ਦੀ ਰਿਪੋਰਟ ਮੁਤਾਬਕ (30-11-22) ਨੂੰ ਭਾਰਤ ਦੀ ਕੁੱਲ ਜੀ ਡੀ ਪੀ ਦਾ 01% ਦੇ ਲੱਗਭੱਗ ਹੀ ਬਣਦੀ ਹੈ।

ਮੋਦੀ ਸਰਕਾਰ ਵੱਲੋਂ 2014 ਤੋਂ 2022 ਤੱਕ ਕਾਰਪੋਰੇਟ ਘਰਾਣਿਆਂ ਨੂੰ 8 ਲੱਖ ਕਰੋੜ ਦਾ ਕਰਜ਼ਾ (ਜੀ ਡੀ ਪੀ ਦਾ ਲੱਗਭੱਗ 4%) ਤੋਂ ਵੱਧ ਰਾਸ਼ੀ ਦੀ ਕਰਜ਼ਾ ਮੁਆਫੀ ਸਰਕਾਰੀ ਖਜ਼ਾਨੇ 'ਚੋਂ ਦੱਸ ਰਹੇ ਹਨ, ਕਈ ਬੁੱਧੀਜੀਵੀਆਂ ਵੱਲੋਂ ਇਹ ਰਾਸ਼ੀ 10 ਲੱਖ ਕਰੋੜ ਵੀ ਦੱਸੀ ਜਾ ਰਹੀ ਹੈ। ਹਜ਼ਾਰਾਂ ਲੱਖ ਕਰੋੜਾਂ ਦੀਆਂ ਕਰਜ਼ਾ ਮੁਆਫੀਆਂ ਖਜ਼ਾਨੇ 'ਤੇ ਬੋਝ ਕਿਉਂ ਨਹੀਂ ਜਾਪਦੀਆਂ, ਕਾਰਪੋਰੇਟ ਘਰਾਣਿਆਂ ਨੂੰ ਹਰ ਸਾਲ ਦੇ ਬੱਜਟ 'ਚ 2 ਲੱਖ ਕਰੋੜ ਰੁਪਏ ਦੀਆਂ ਟੈਕਸ ਰਿਆਇਤਾਂ ਕਿਉਂ ਨਹੀਂ ਚੁੱਭਦੀਆਂ, ਜਦੋਂਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ 17 ਦਸੰਬਰ 1981 ਨੂੰ ਦਿੱਤੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸੰਵਿਧਾਨ ਦੀ ਵਿਵਸਥਾ ਅਤੇ 1972 ਦੇ ਨਿਯਮਾਂ ਅਨੁਸਾਰ ਪੈਨਸ਼ਨ ਮੁਲਾਜ਼ਮਾਂ ਦਾ ਕਾਨੂੰਨੀ ਸੰਵਿਧਾਨਕ ਹੱਕ ਹੈ। ਮਾਨਯੋਗ ਅਦਾਲਤ ਵੱਲੋਂ ਇਹ ਵੀ ਕਿਹਾ ਸੀ ਕਿ ਪੈਨਸ਼ਨਰ ਵੱਲੋਂ ਆਪਣੀ ਜਵਾਨੀ ਦੀ ਅਵਸਥਾ 'ਚ ਕੀਤੀ ਸੇਵਾ ਬਦਲੇ ਉਸ ਨੂੰ ਸਮਾਜਿਕ ਅਤੇ ਆਰਥਿਕ ਇਨਸਾਫ ਦੇਣ ਲਈ ਬੁਢਾਪੇ ਦੀ ਡੰਗੋਰੀ ਦੱਸਿਆ ਹੈ।

ਮੋਦੀ ਸਰਕਾਰ ਦੇ ਪੈਰੋਕਾਰਾਂ ਅਤੇ ਕਾਰਪੋਰੇਟਾਂ ਦੇ ਹੱਥਠੋਕਿਆਂ ਕੋਲ ਪੁਰਾਣੀ ਪੈਨਸ਼ਨ ਵਿਰੁੱਧ ਤਾਂ ਤਰ੍ਹਾਂ-ਤਰ੍ਹਾਂ ਦੇ ਬੇਤੁਕੇ ਤਰਕ ਤੇ ਗੁੰਮਰਾਹਕੁੰਨ ਦਲੀਲਾਂ ਦੀ ਭਰਮਾਰ ਹੈ, ਪਰ 01-01-2004 ਤੋਂ ਭਰਤੀ ਮੁਲਾਜ਼ਮਾਂ ਉੱਪਰ ਜਬਰੀ ਥੋਪੀ ਗਈ ਨਵੀਂ ਪੈਨਸ਼ਨ ਯੋਜਨਾ ਦੇ ਹੱਕ 'ਚ ਕੁਝ ਵੀ ਕਹਿਣ ਲਈ ਨਹੀਂ ਹੈ। ਇਹਨਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਕਿ ਔਕਸਫੈਮ ਦੀ ਏਜੰਸੀ ਦੀ ਰਿਪੋਰਟ ਮੁਤਾਬਕ ਭਾਰਤ ਦੇ ਇੱਕ ਫੀਸਦੀ ਅਮੀਰਾਂ ਕੋਲ ਮੁਲਕ ਦੀ 40 ਫੀਸਦੀ ਦੌਲਤ ਕਿਵੇਂ ਇਕੱਠੀ ਹੋ ਗਈ। 70 ਕਰੋੜ ਤੋਂ ਜ਼ਿਆਦਾ ਲੋਕਾਂ ਦੀ ਕੁੱਲ ਸੰਮਤੀ ਤੋਂ ਜ਼ਿਆਦਾ ਸੰਮਤੀ 21 ਅਮੀਰਾਂ ਦੇ ਘਰ ਕਿਉਂ ਚਲੀ ਗਈ। ਪਿਛਲੇ ਸਾਲਾਂ ਦੌਰਾਨ ਸਰਕਾਰ ਵੱਲੋਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ 10 ਲੱਖ ਕਰੋੜ ਰੁਪਏ ਮੁਆਫ ਕਰਨ ਮੌਕੇ ਭਾਰਤ ਦੇ ਟੈਕਸ ਦੇਣ ਵਾਲੇ ਜਨ-ਸਮੂਹਾਂ ਦਾ ਖਿਆਲ ਇਹਨਾਂ ਨੂੰ ਕਿਉਂ ਨਹੀਂ ਆਇਆ। ਕੇਂਦਰ ਸਰਕਾਰ ਦੇ ਮੰਤਰੀ, ਲੋਕ ਸਭਾ, ਰਾਜ ਸਭਾ ਮੈਂਬਰ ਜੋ ਆਪਣੀਆਂ ਉਜਰਤਾਂ 'ਚੋਂ ਧੇਲਾ ਵੀ ਖਜ਼ਾਨੇ 'ਚ ਜਮ੍ਹਾਂ ਨਹੀਂ ਕਰਵਾਉਂਦੇ, ਉਹ ਵੀ ਰਿਟਾਇਰਮੈਂਟ ਉਪਰੰਤ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਵਾਂਗ ਨਿਸ਼ਚਿਤ ਲਾਭਾਂ, ਵਿਵਸਥਾ ਅਨੁਸਾਰ ਪੈਨਸ਼ਨ ਅਤੇ ਹੋਰ ਸਹੂਲਤਾਂ ਸਮੇਂ-ਸਮੇਂ ਵਾਧੇ ਸਮੇਤ ਲੈਣ ਮੌਕੇ ਦੇਸ਼ ਦੀ ਆਰਥਿਕਤਾ 'ਤੇ ਕੋਈ ਅਸਰ ਨਜ਼ਰ ਕਿਉਂ ਨਹੀਂ ਆਉਂਦਾ, ਜਦੋਂਕਿ ਪੁਰਾਣੀ ਪੈਨਸ਼ਨ ਯੋਜਨਾ ਦੌਰਾਨ ਮੁਲਾਜ਼ਮ ਆਪਣੀ ਸਰਵਿਸ ਦੌਰਾਨ ਲਗਾਤਾਰ ਜੀ ਪੀ ਐਫ ਦੇ ਰੂਪ 'ਚ ਕਟੌਤੀ ਕਰਵਾਉਂਦਾ ਹੈ, ਸਰਕਾਰੀ ਮੁਲਾਜ਼ਮ ਵੀ ਬਣਦੇ ਇਨਕਮ ਟੈਕਸ ਤੋਂ ਲੈ ਕੇ ਆਪਣੇ ਜੀਵਨ ਕਾਲ ਦੌਰਾਨ ਲੋੜੀਂਦੀਆਂ ਵਸਤਾਂ ਖਰੀਦਣ, ਮਕਾਨ ਬਣਾਉਣ ਆਦਿ ਮੌਕੇ ਬਣਦੇ ਟੈਕਸ ਵੀ ਦਿੰਦੇ ਹਨ, ਭਾਵੇਂ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ 'ਚ ਭਾਜਪਾ ਅਤੇ ਕਾਂਗਰਸ ਦੀ ਸਾਂਝ ਭਿਆਲੀ ਸੀ, ਪਰ ਬੀਤੇ ਸਮੇਂ ਕੇਂਦਰੀ ਏਜੰਸੀਆਂ ਅਤੇ ਉੱਪ ਖਜ਼ਾਨਾ ਮੰਤਰੀ ਦੇ ਪੁਰਾਣੀ ਪੈਨਸ਼ਨ ਵਿਰੋਧੀ ਬਿਆਨਾਂ ਉਪਰੰਤ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਇੱਕ ਪ੍ਰਸਿੱਧ ਅੰਗਰੇਜ਼ੀ ਅਖਬਾਰ 'ਚ ਛਪੇ ਬਿਆਨ ਰਾਹੀਂ ਇਹ ਕਹਿਣਾ ਸ਼ਲਾਘਾਯੋਗ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਸੇਵਾ-ਮੁਕਤ ਮੁਲਾਜ਼ਮਾਂ ਨੂੰ ਬੁਢਾਪੇ 'ਚ ਸਮਾਜਿਕ ਸੁਰੱਖਿਆ ਦੇਣ ਸੰਬੰਧੀ ਇੱਕ ਜ਼ਰੂਰੀ ਵਿਵਸਥਾ ਹੈ, ਉਹਨਾਂ ਕੈਗ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਨਵੀਂ ਪੈਨਸ਼ਨ ਸਕੀਮ ਮੁਲਾਜ਼ਮਾਂ ਨੂੰ ਸਮਾਜਿਕ ਸੁਰੱਖਿਆ ਦੇਣ 'ਚ ਫੇਲ੍ਹ ਹੋਈ ਹੈ। ਹੁਣ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਪੰਜਾਬ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਸੰਬੰਧੀ ਫੈਸਲੇ ਲਏ ਜਾ ਚੁੱਕੇ ਹਨ, ਜੋ ਸਲਾਹੁਣਯੋਗ ਹਨ, ਜਿਨ੍ਹਾ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕਰਨ ਉਪਰੰਤ ਮੱਤਦਾਤਾ ਨਾਲ ਕੀਤੇ ਵਾਅਦਿਆਂ ਨਾਲ ਇਨਸਾਫ ਹੋਵੇਗਾ, ਕਿਉਂਕਿ ਨਵੀਂ ਪੈਨਸ਼ਨ ਸਕੀਮ ਤਹਿਤ ਸਟੇਟ ਸ਼ੇਅਰ ਦੇ ਰੂਪ 'ਚ ਇਕੱਲੇ ਪੰਜਾਬ ਰਾਜ ਤੋਂ ਜਨਵਰੀ 2004 ਤੋਂ ਬਾਅਦ ਹੁਣ ਤੱਕ 18 ਹਜ਼ਾਰ ਕਰੋੜ ਦੀ ਰਕਮ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ ਜਾ ਚੁੱਕੀ ਹੈ ਤੇ ਹਰ ਸਾਲ 2800 ਕਰੋੜ ਰੁਪਏ ਲਗਾਤਾਰ ਕਾਰਪੋਰੇਟਾਂ ਦੇ ਹੱਥਾਂ 'ਚ ਜਾ ਰਹੇ ਹਨ। ਸਮੁੱਚੇ ਦੇਸ਼ ਦੇ ਵੱਖ-ਵੱਖ ਰਾਜਾਂ 'ਚੋਂ ਨਵੀਂ ਪੈਨਸ਼ਨ ਸਕੀਮ ਤਹਿਤ ਕਟੌਤੀ ਕੀਤੀ ਜਾ ਰਹੀ ਅਰਬਾਂ ਰੁਪਏ ਦੀ ਰਾਸ਼ੀ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਕਰਕੇ ਕਾਰਪੋਰੇਟ ਸੈਕਟਰ ਨੂੰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਗੱਲ ਹਜ਼ਮ ਨਹੀਂ ਹੋ ਰਹੀ, ਜਦੋਂਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋਣ ਨਾਲ ਨਵੀਂ ਪੈਨਸ਼ਨ ਸਕੀਮ 'ਚ ਪਾਇਆ ਜਾ ਰਿਹਾ ਸਰਕਾਰ ਦਾ 14% ਹਿੱਸਾ ਵੀ ਬੰਦ ਹੋ ਜਾਵੇਗਾ ਅਤੇ ਸਰਕਾਰੀ ਖਜ਼ਾਨੇ ਨੂੰ ਲਾਭ ਹੋਵੇਗਾ।

ਹੁਣ ਮੁਲਾਜ਼ਮਾਂ ਅਤੇ ਸਰਕਾਰਾਂ ਦਾ ਲੱਗਭਗ 24 % ਹਿੱਸਾ ਮੁਲਾਜ਼ਮਾਂ ਦੀ ਤਨਖਾਹ 'ਚੋਂ ਕੱਟ ਕੇ ਪ੍ਰਾਈਵੇਟ ਕੰਪਨੀਆਂ ਕੋਲ ਸ਼ੇਅਰ ਮਾਰਕੀਟ 'ਚ ਲਗਾਉਣ ਨਾਲ ਮੁਲਾਜ਼ਮਾਂ ਅਤੇ ਸਰਕਾਰ ਦਾ ਨੁਕਸਾਨ ਹੋ ਰਿਹਾ ਹੈ, ਜਦਕਿ ਪ੍ਰਾਈਵੇਟ ਕੰਪਨੀਆਂ ਸ਼ੇਅਰ ਮਾਰਕੀਟ 'ਚੋਂ ਮੁਨਾਫਾ ਕਮਾ ਰਹੀਆਂ ਹਨ। ਸਰਮਾਏਦਾਰਾਂ, ਕੰਪਨੀਆਂ ਦੇ ਦਬਾਅ ਹੇਠ ਆ ਕੇ ਹੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਬੁਢਾਪੇ ਦੀ ਡੰਗੋਰੀ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ 'ਤੇ ਆਨੇ-ਬਹਾਨੇ ਲਗਾ ਕੇ ਟਾਲਿਆ ਜਾ ਰਿਹਾ ਹੈ। ਕਾਰਪੋਰੇਟ ਘਰਾਣਿਆਂ ਅਤੇ ਵਿਦੇਸ਼ੀ ਕੰਪਨੀਆਂ ਦੇ ਦਬਾਅ ਕਾਰਨ ਕੇਂਦਰ ਸਰਕਾਰ ਵੱਲੋਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ ਅਤੇ ਰਾਜ ਸਰਕਾਰਾਂ ਦੇ ਜਮ੍ਹਾਂ ਅਰਬਾਂ ਰੁਪਏ ਨੂੰ ਵਾਪਸ ਕਰਨ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ, ਨਵੀਂ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ ਨੂੰ ਸੇਵਾ-ਮੁਕਤ ਹੋਣ ਉਪਰੰਤ ਉਹਨਾਂ ਦੇ ਸ਼ੇਅਰ ਮਾਰਕਿਟ 'ਚ ਲਾਏ ਫੰਡ ਅਨੁਸਾਰ 3000 ਜਾਂ 4000 ਰੁਪਏ ਮਹੀਨੇ ਦੇ ਲੱਗਭੱਗ ਹੀ ਪੈਨਸ਼ਨ ਮਿਲਦੀ ਹੈ, ਜਿਸ ਨਾਲ ਮੁਲਾਜ਼ਮਾਂ ਦਾ ਬੁਢਾਪੇ ਦਾ ਭਵਿੱਖ ਧੁੰਦਲਾ ਹੋ ਰਿਹਾ ਹੈ, ਕਾਰਪੋਰੇਟ ਪੱਖੀ ਦਲਾਲਾਂ ਤੋਂ ਪੁੱਛਿਆ ਜਾਣਾ ਬਣਦਾ ਹੈ ਕਿ ਕੋਵਿਡ-19 ਦੀ ਮਹਾਂਮਾਰੀ ਦੌਰਾਨ ਮਿਹਨਤਕਸ਼ ਵਰਗ ਦੀ ਮੰਦੜੀ ਹਾਲਤ ਅਤੇ ਭਾਰਤ ਦੇ ਅਰਬਪਤੀਆਂ ਦੀ ਕਮਾਈ 'ਚ 121 ਫੀਸਦੀ ਹੋਇਆ ਵਾਧਾ ਜੋ ਰਿਪੋਰਟਾਂ ਅਨੁਸਾਰ ਹਰ ਦਿਨ ਦਾ 3608 ਕਰੋੜ ਰੁਪਏ ਬਣਦਾ ਹੈ, ਉਸ ਬਾਰੇ ਕੋਈ ਟਿੱਪਣੀ ਕਿਉਂ ਨਹੀਂ ? ਇਸ ਲਈ ਦੇਸ਼ ਦੇ ਸਮੂਹ ਮਿਹਨਤਕਸ਼ ਵਰਗ ਅਤੇ ਦੇਸ਼ ਹਮਾਇਤੀਆਂ ਨੂੰ ਲਾਮਬੰਦ ਹੋ ਆਪਣੇ ਸਾਰੇ ਮੱਤਭੇਦ ਭੁਲਾ ਕੇ ਇਕੱਠੇ ਹੋਣ ਦੀ ਲੋੜ ਹੈ ਅਤੇ ਸਾਲ 2024 'ਚ ਆ ਰਹੀਆਂ ਲੋਕ ਸਭਾ ਚੋਣਾਂ 'ਚ ਅਜਿਹੀਆਂ ਲੋਕ ਤੇ ਦੇਸ਼ ਵਿਰੋਧੀ ਰਾਜਨੀਤਕ ਪਾਰਟੀਆਂ ਦਾ ਡਟਵਾਂ ਵਿਰੋਧ ਕਰਨ ਦੀ ਲੋੜ ਹੈ, ਕਿਉਂਕਿ ਦੇਸ਼ ਦੀ ਆਰਥਿਕਤਾ ਨੂੰ ਵਿਗਾੜਨ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਦਾ ਅੰਬਰ ਛੂਹਣ, ਨਸ਼ਾਖੋਰੀ ਅਤੇ ਗਰੀਬ -ਅਮੀਰ ਵਿੱਚ ਵਧ ਰਹੇ ਆਰਥਿਕ ਪਾੜੇ ਦੀਆਂ ਜ਼ੁੰਮੇਵਾਰ, ਪੁਰਾਣੀ ਪੈਨਸ਼ਨ ਸਕੀਮ ਅਤੇ ਕੁਝ ਲੋਕ ਪੱਖੀ ਸਕੀਮਾਂ ਨਹੀਂ ਰਾਜ ਕਰਤਾ ਹੁਕਮਰਾਨਾਂ ਵੱਲੋਂ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਦੇਸ਼ ਵਿਰੋਧੀ, ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਹਨ। ਇਸ ਲਈ ਪੁਰਾਣੀ ਪੈਨਸ਼ਨ ਦਾ ਵਿਰੋਧ ਕਰਨ ਵਾਲੇ ਦੱਸਣ ਕਿ ਮਿਹਨਤਕਸ਼ ਵਰਗ ਦਿਨ ਪ੍ਰਤੀ ਦਿਨ ਆਰਥਿਕ ਤੌਰ 'ਤੇ ਕੰਗਾਲ ਕਿਉਂ ਹੋਇਆ ਅਤੇ ਮਾਇਆ ਦੇ ਅੰਬਾਰ ਕਾਰਪੋਰੇਟ ਘਰਾਣਿਆਂ ਦੇ ਘਰਾਂ ਵੱਲ ਕਿਉਂ ਲੱਗੇ ਹਨ।

*#ਸੰਪਰਕ : 94631-67295*

# ਡੇਰਾ ਮੁਖੀ ਨੂੰ ਵਾਰ-ਵਾਰ ਕਿਉਂ ਮਿਲ ਰਹੀ ਹੈ ਪੈਰੋਲ



ਸੁਰਜੀਤ ਸਿੰਘ

ਸਿਰਸਾ ਦੇ ਸੱਚਾ ਸੌਦਾ ਡੇਰਾ ਮੁਖੀ ਰਾਮ ਰਹੀਮ ਨੂੰ ਦੁਬਾਰਾ ਫੇਰ ਮਿਲੀ 40 ਦਿਨਾਂ ਦੀ ਪੈਰੋਲ ਅੱਜਕੱਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਬੁੱਧੀਜੀਵੀਆਂ, ਆਮ ਲੋਕਾਂ ਅਤੇ ਸਿੱਖ ਜਥੇਬੰਦੀਆਂ ਇਸ ਗੱਲ 'ਤੇ ਹੈਰਾਨ ਹਨ ਕਿ ਇੱਕ ਵਿਅਕਤੀ, ਜੋ ਅਦਾਲਤ ਵੱਲੋਂ ਬਲਾਤਕਾਰ ਅਤੇ ਹੱਤਿਆ ਦਾ ਸੰਗੀਨ ਦੋਸ਼ੀ ਹੋਣ ਕਾਰਨ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ, ਉਸ ਨੂੰ ਵਾਰ-ਵਾਰ ਸਿਆਸੀ ਕਾਰਨਾਂ ਕਰਕੇ ਪੈਰੋਲ ਕਿਉਂ ਦਿੱਤੀ ਜਾ ਰਹੀ ਹੈ। ਸਿਰਸਾ ਡੇਰਾ ਮੁਖੀ ਰਾਮ ਰਹੀਮ ਆਪਣੇ ਹੀ ਡੇਰੇ ਦੀਆਂ ਔਰਤਾਂ ਦਾ ਬਲਾਤਕਾਰ ਕਰਨ ਅਤੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੀ ਹੱਤਿਆ ਦੇ ਦੋਸ਼ ਹੇਠ ਹਰਿਆਣਾ ਦੀ ਸੁਨਾਰੀਆ ਜੇਲ 'ਚ ਬੰਦ ਹੈ। ਉਸ ਦੇ ਖਿਲਾਫ ਇਹਨਾਂ ਦੋਸ਼ਾਂ ਹੇਠ ਕਈ ਸਾਲ ਮੁਕੱਦਮਾ ਚੱਲਿਆ। ਸਜ਼ਾ ਹੋਣ ਵਿਚ ਦੇਰੀ ਹੁੰਦੀ ਗਈ। ਅਖੀਰ ਸਾਲ 2017 ਵਿਚ ਪੰਚਕੂਲਾ ਦੀ ਸੀ ਬੀ ਆਈ ਦੀ ਮਾਣਯੋਗ ਅਦਾਲਤ ਨੇ ਉਸ ਨੂੰ ਸਜ਼ਾ ਸੁਣਾਈ। ਰਾਮ ਰਹੀਮ, ਜੋ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨ ਤੋਂ ਉੱਪਰ ਸਮਝਦਾ ਸੀ, ਉਹ ਅਦਾਲਤ ਸਾਹਮਣੇ ਰਹਿਮ ਦੀ ਦੁਹਾਈ ਦੇਣ ਲੱਗਾ ਅਤੇ ਅਦਾਲਤ ਸਾਹਮਣੇ ਵਾਸਤੇ ਪਾਉਣ ਲੱਗਾ ਕਿ ਦੇਖੋ ਜੀ ਉਹ ਬਹੁਤ ਲੋਕ ਭਲਾਈ ਦੇ ਕੰਮ ਕਰਦਾ ਹੈ। ਸਕੂਲ ਚਲਾਉਂਦਾ ਹੈ, ਹਸਪਤਾਲ ਚਲਾਉਂਦਾ, ਕੁਦਰਤੀ ਆਫਤਾਂ ਸਮੇਂ ਪੀੜਤਾਂ ਦੀ ਉਹਨਾਂ ਦਾ ਡੇਰਾ ਬਹੁਤ ਮਦਦ ਕਰਦਾ ਹੈ, ਪਰ ਅਦਾਲਤ ਨੇ ਉਸ ਦੀ ਇੱਕ ਨਾ ਸੁਣੀ ਅਤੇ ਕਾਨੂੰਨ ਮੁਤਾਬਕ ਆਪਣਾ ਫੈਸਲਾ ਸੁਣਾ ਦਿੱਤਾ। ਸਜ਼ਾ ਵਾਲੇ ਦਿਨ ਅਦਾਲਤੀ ਫੈਸਲੇ 'ਤੇ ਪ੍ਰਭਾਵ ਪਾਉਣ ਲਈ ਡੇਰਾ ਮੁਖੀ ਨੇ ਪੰਚਕੁਲਾ 'ਚ ਵੱਡੀ ਗਿਣਤੀ 'ਚ ਆਪਣੇ ਪ੍ਰੇਮੀ ਇਕੱਠੇ ਕਰ ਲਏ। ਸਜ਼ਾ ਸੁਣਾਏ ਜਾਣ ਤੋਂ ਬਾਅਦ ਵਿਆਪਕ ਹਿੰਸਾ ਹੋਈ। ਬਹੁਤ ਸਾਰੀ ਸਰਕਾਰੀ ਅਤੇ ਨਿੱਜੀ ਸੰਪਤੀ ਨੂੰ ਨੁਕਸਾਨ ਪਹੁੰਚਿਆ। ਮੌਤਾਂ ਵੀ ਹੋਈਆਂ। ਮੀਡੀਆ ਦੀਆਂ ਗੱਡੀਆਂ ਵੀ ਸਾੜ ਦਿੱਤੀਆਂ ਗਈਆਂ। ਪੁਲਸ ਨੇ ਸਾੜ-ਫੂਕ ਦੇ ਦੋਸ਼ ਵਿਚ ਬਹੁਤ ਸਾਰੇ ਲੋਕਾਂ 'ਤੇ ਕੇਸ ਵੀ ਦਰਜ ਕੀਤੇ, ਪਰ ਹਿੰਸਾ ਕਰਨ ਦੇ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀਂ ਮਿਲੀ, ਬਲਕਿ ਉਹ ਬਾਇੱਜ਼ਤ ਬਰੀ ਹੋ ਗਏ। ਇਸ ਨਾਲ ਰਾਮ ਰਹੀਮ ਦੇ ਹੱਕ ਵਿਚ ਹੁੱਲੜਬਾਜ਼ੀ ਕਰਨ ਵਾਲੇ ਅਨਸਰਾਂ ਨੂੰ ਹੋਰ ਹੱਲਾਸ਼ੇਰੀ ਮਿਲ ਗਈ। ਇਸ ਸਾਰੇ ਡਰਾਮੇ ਤੋਂ ਬਾਅਦ ਇਹ ਸਾਬਤ ਹੋ ਗਿਆ ਕਿ ਅਜਿਹਾ ਡਰਾਮਾ ਕਾਨੂੰਨ 'ਤੇ ਪ੍ਰਭਾਵ ਪਾਉਣ ਤੇ ਕੇਸ ਨੂੰ ਕਮਜ਼ੋਰ ਕਰਨ ਲਈ ਰਚਿਆ ਗਿਆ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿਰਸਾ ਮੁਖੀ ਇੱਕ ਪ੍ਰਭਾਵਸ਼ਾਲੀ ਬੰਦਾ ਰਿਹਾ ਹੈ। ਇਸ ਨੇ ਸਮੇਂ-ਸਮੇਂ 'ਤੇ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਹੋਣ ਵਾਲੀਆਂ ਚੋਣਾਂ ਨੂੰ ਪ੍ਰਭਾਵਤ ਕੀਤਾ ਹੈ। ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਦੋਵੇਂ ਹੱਥ ਜੋੜ ਕੇ ਬਹੁਤ ਹੀ ਨਿਮਾਣੇ ਬਣ ਕੇ ਡੇਰਾ ਮੁਖੀ ਸਾਹਮਣੇ ਡੰਡੌਤ ਕਰਦੇ ਰਹੇ ਹਨ। ਡੇਰੇ ਵੱਲੋਂ ਐਨ ਚੋਣਾਂ ਤੋਂ ਪਹਿਲਾਂ ਇਹ ਫਰਮਾਨ ਜਾਰੀ ਹੁੰਦਾ ਹੈ ਕਿ ਉਸ ਦੇ ਪ੍ਰੇਮੀ ਵੋਟਾਂ ਲਈ ਕਿਸ ਪਾਰਟੀ ਦੇ ਹੱਕ 'ਚ ਭੁਗਤਣਗੇ। ਜ਼ਿਆਦਾਤਰ ਅਨਪੜ੍ਹ ਲਾਣਾ ਬਿਨਾਂ ਸੋਚੇ-ਸਮਝੇ ਡੇਰੇ ਦੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਹੈ। ਅਜਿਹੇ ਫਰਮਾਨਾਂ ਨੇ ਕਈ ਵਾਰੀ ਪਾਰਟੀਆਂ ਦੀ ਜਿੱਤ-ਹਾਰ ਨੂੰ ਵੀ ਪ੍ਰਭਾਵਤ ਕੀਤਾ ਹੈ।

ਡੇਰਾ ਮੁਖੀ ਜਿੱਥੇ ਹੱਤਿਆ ਅਤੇ ਬਲਾਤਕਾਰ ਦਾ ਦੋਸ਼ੀ ਹੈ, ਉੱਥੇ ਡੇਰਾ ਪ੍ਰੇਮੀਆਂ 'ਤੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਵੀ ਲੱਗ ਰਹੇ ਹਨ। ਬੇਅਦਬੀ ਦੀਆਂ ਇਹਨਾਂ ਘਟਨਾਵਾਂ ਨੇ ਸਿੱਖ ਫਿਰਕੇ ਦੇ ਹਿਰਦੇ ਧੁਰ ਅੰਦਰ ਤੱਕ ਵਲੂੰਧਰ ਦਿੱਤੇ ਹਨ। ਇਹ ਘਟਨਾਵਾਂ ਬੇਸ਼ੱਕ ਸਾਲ 2015 ਦੀਆਂ ਹਨ, ਪਰ ਬੇਅਦਬੀ ਕਾਰਨ ਸਿੱਖਾਂ ਦੇ ਜ਼ਖਮ ਅਜੇ ਅੱਲੇ ਹੀ ਹਨ। ਸਿੱਖ ਫਿਰਕਾ ਇਹ ਬਿਲਕੁੱਲ ਵੀ ਨਹੀਂ ਚਾਹੁੰਦਾ ਕਿ ਡੇਰਾ ਮੁਖੀ ਪੈਰੋਲ 'ਤੇ ਬਾਹਰ ਆਵੇ ਅਤੇ ਉਹ ਆਪਣੀਆਂ ਪਹਿਲਾਂ ਵਰਗੀਆਂ ਮਨਮਾਨੀਆਂ ਕਰੇ। ਬੇਅਦਬੀ ਦੀਆਂ ਇਹਨਾਂ ਘਟਨਾਵਾਂ ਨੇ ਜਿੱਥੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਹੈ, ਉੱਥੇ ਪੰਜਾਬ ਦੇ ਸਿਆਸੀ ਮਾਹੌਲ ਨੂੰ ਵੀ ਪ੍ਰਭਾਵਤ ਕੀਤਾ ਹੈ। ਇਹਨਾਂ ਘਟਨਾਵਾਂ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਮੱਥੇ 'ਤੇ ਅਜਿਹਾ ਕਲੰਕ ਲੱਗ ਗਿਆ ਹੈ ਕਿ ਇਸ ਨੂੰ ਨੇੜ ਭਵਿੱਖ 'ਚ ਮਿਟਾਉਣਾ ਮੁਸ਼ਕਲ ਹੈ। ਅਕਾਲੀ ਦਲ ਇਸ ਮੁੱਦੇ 'ਤੇ ਪੰਜਾਬ ਦੀ ਸੱਤਾ ਤੋਂ ਹੱਥ ਧੋਅ ਬੈਠਾ। ਬੇਅਦਬੀ ਦੇ ਦੋਸ਼ੀਆਂ ਨੂੰ ਇੱਕ ਮਹੀਨੇ ਅੰਦਰ ਸਜ਼ਾ ਦੁਆਉਣ ਦੇ ਭਰੋਸੇ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਸੱਤਾ 'ਚ ਆਈ, ਪਰ ਉਸ ਨੇ ਪੰਜ ਸਾਲ ਲਾਰਿਆਂ ਵਿਚ ਹੀ ਕੱਢ ਦਿੱਤੇ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲੀ। ਸਿੱਖ ਸੰਗਤਾਂ ਜਿੱਥੇ ਅਕਾਲੀ ਦਲ ਤੋਂ ਖਫਾ ਸਨ, ਉੱਥੇ ਕਾਂਗਰਸ ਨੂੰ ਵੀ ਬੇਅਦਬੀ ਵਰਗੇ ਸੰਗੀਨ ਅਤੇ ਨਾਜ਼ੁਕ ਮੁੱਦੇ ਨੂੰ ਅਣਗੌਲਿਆ ਕਰਨ ਦਾ ਖਮਿਆਜ਼ਾ ਭੁਗਤਣਾ ਪਿਆ। ਸਿੱਖ ਸੰਗਤਾਂ ਰਾਮ ਰਹੀਮ ਦੇ ਦਸਮ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਕੇ ਉਹਨਾ ਵਰਗੇ ਬਾਣੇ ਪਾਉਣ ਤੋਂ ਤਾਂ ਦੁਖੀ ਸੀ ਹੀ, ਰਹਿੰਦੀ-ਖੂੰਹਦੀ ਕਸਰ ਅਕਾਲੀ ਸਰਕਾਰ ਨੇ ਉਸ ਨੂੰ ਮੁਆਫੀ ਦੇ ਕੇ ਅਤੇ ਅਖਬਾਰਾਂ ਵਿਚ ਮੁਆਫੀ ਦੇ ਮਹਿੰਗੇ ਇਸ਼ਤਿਹਾਰ ਦੇ ਕੇ ਪੂਰੀ ਕਰ ਦਿੱਤੀ। ਜਦੋਂ ਲੋਕ ਅਕਾਲੀ ਦਲ ਅਤੇ ਹੋਰ ਪਾਰਟੀ ਦੇ ਆਗੂਆਂ ਦੇ ਡੇਰਾ ਸਿਰਸਾ ਵਿਚ ਡੰਡੌਤ ਕਰਨ ਤੋਂ ਨਰਾਜ਼ ਸਨ, ਤਾਂ ਇਸ ਦੇ ਬਾਵਜੂਦ ਸੱਤਾ ਦੇ ਭੁੱਖੇ ਸਿਆਸੀ ਲੋਕ ਵੋਟਾਂ ਲਈ ਡੇਰਾ ਮੁਖੀ ਦੀ ਡੰਡੌਤ ਕਰਨੋਂ ਨਾ ਟਲੇ।

ਡੇਰਾ ਮੁਖੀ ਜਦੋਂ ਜੇਲ੍ਹ ਅੰਦਰ ਬੰਦ ਹੋ ਗਿਆ ਤਾਂ ਉਸ ਨੇ ਜੇਲ੍ਹ ਵਿਚ ਰਹਿੰਦਿਆਂ ਸੁਵਿਧਾਵਾਂ ਲੈਣ ਲਈ ਸੱਤਾ ਵਿਚ ਆਉਣ ਵਾਲੀ ਸੰਭਾਵੀ ਸਿਆਸੀ ਪਾਰਟੀਆਂ ਦੇ ਹੱਕ ਵਿਚ ਚੋਣਾਂ ਵਿਚ ਵੋਟਾਂ ਪਾਉਣ ਦੇ ਫਤਵੇ ਦਿੱਤੇ। ਪੰਜਾਬ ਵਿਧਾਨ ਸਭਾ ਦੀਆਂ ਸਾਲ 2022 ਵਿਚ ਹੋਈਆਂ ਚੋਣਾਂ ਵਿਚ ਵੀ ਉਸ ਨੇ ਇੱਕ ਪਾਰਟੀ ਵਿਸ਼ੇਸ਼ ਦੇ ਹੱਕ ਵਿਚ ਆਪਣੇ ਪ੍ਰੇਮੀਆਂ ਨੂੰ ਵੋਟਾਂ ਪਾਉਣ ਦਾ ਫਤਵਾ ਦਿੱਤਾ, ਪਰ ਚੰਗੀ ਗੱਲ ਇਹ ਰਹੀ ਕਿ ਇਸ ਵਾਰ ਪ੍ਰੇਮੀਆਂ ਨੇ ਡੇਰਾ ਮੁਖੀ ਦੇ ਫਤਵੇ ਵੱਲ ਬਹੁਤੀ ਤਵੱਜੋ ਨਾ ਦਿੱਤੀ। ਲਿਹਾਜ਼ਾ ਡੰਡੌਤ ਕਰਨ ਵਾਲੀ ਪਾਰਟੀ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਡੇਰਾ ਮੁਖੀ ਹਰਿਆਣਾ ਦੀ ਸੁਨਾਰੀਆਂ ਜੇਲ੍ਹ ਵਿਚ ਬੰਦ ਹੈ ਅਤੇ ਉਸ ਕੋਲ ਵੋਟਾਂ ਦਾ ਇਕ ਵੱਡਾ ਭੰਡਾਰ ਹੈ। ਜ਼ਿਆਦਾਤਰ ਗਰੀਬ ਤਬਕੇ ਦੇ ਅਨਪੜ੍ਹ ਲੋਕ ਉਸ ਦੇ ਅਨੁਯਾਈ ਹਨ। ਉਹਨਾਂ ਲਈ ਡੇਰੇ ਦਾ ਫਰਮਾਨ ਇਲਾਹੀ ਫਰਮਾਨ ਹੈ। ਡੇਰੇ ਦੇ ਫਰਮਾਨ ਦੀ ਅਵੱਗਿਆ ਉਹਨਾਂ ਲਈ 'ਪਿਤਾ ਜੀ' ਨੂੰ ਨਰਾਜ਼ ਕਰਨਾ ਹੈ, ਜੋ ਕਿ ਉਹ ਕਿਸੇ ਕੀਮਤ 'ਤੇ ਨਹੀਂ ਕਰ ਸਕਦੇ।

ਪਿਛਲੇ ਸਮੇਂ ਦੌਰਾਨ ਜਦੋਂ ਵੀ ਹਰਿਆਣਾ ਵਿਚ ਵੋਟਾਂ ਆਈਆਂ ਹਨ, ਤਾਂ ਹਰਿਆਣਾ ਦੀ ਸਰਕਾਰ ਨੂੰ ਇੱਕ ਅਪਰਾਧੀ ਦਾ ਚਾਲ-ਚੱਲਣ ਸਾਫ-ਸੁਥਰਾ ਨਜ਼ਰ ਆਉਣ ਲੱਗ ਪਿਆ ਅਤੇ ਅਮਨ-ਕਾਨੂੰਨ ਨੂੰ ਕੋਈ ਖਤਰਾ ਨਾ ਹੋਣ ਦੇ ਗਲਬੇ ਹੇਠ ਉਸ ਨੂੰ ਪੈਰੋਲ ਦੇ ਦਿੱਤੀ ਗਈ। ਜੇਲ੍ਹ ਤੋਂ ਬਾਹਰ ਆ ਕੇ ਉਸ ਨੇ ਮਨ ਮਾਫਿਕ ਸਰਕਾਰ ਦੀ ਮਦਦ ਕੀਤੀ। ਉਸ ਨੇ ਕਦੀ ਖੇਤੀ ਕਰਨ ਵਾਸਤੇ ਅਤੇ ਕਦੀ ਕੋਈ ਡੇਰੇ ਦਾ ਫੰਕਸ਼ਨ ਕਰਨ ਵਾਸਤੇ ਸਰਕਾਰ ਤੋਂ ਪੈਰੋਲ ਮੰਗੀ। ਅਜੇ ਦੋ ਮਹੀਨੇ ਪਹਿਲਾਂ ਹੀ ਉਸ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਹੁਣ ਫੇਰ ਉਸ ਨੂੰ 25 ਜਨਵਰੀ ਨੂੰ ਸਾਬਕਾ ਡੇਰਾ ਮੁਖੀ ਸ਼ਾਹ ਸਤਨਾਮ ਸਿੰਘ ਦਾ ਜਨਮ ਦਿਵਸ ਮਨਾਉਣ ਲਈ 40 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਰੋਹਤਕ ਦੇ ਜ਼ਿਲ੍ਹਾ ਕਮਿਸ਼ਨਰ ਸੰਜੀਵ ਵਰਮਾ ਨੇ ਕਿਹਾ ਹੈ ਕਿ ਪੈਰੋਲ ਕਾਨੂੰਨ ਮੁਤਾਬਕ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵੀ ਉਹ ਪਿਛਲੇ ਸਾਲ 40 ਦਿਨਾਂ ਦੀ ਪੈਰੋਲ, 21 ਦਿਨ ਦੀ ਫਰਲੋ ਅਤੇ ਇਕ ਮਹੀਨੇ ਦੀ ਪੈਰੋਲ ਮਾਣ ਚੁੱਕਿਆ ਹੈ। ਹਰਿਆਣਾ ਦੇ ਜੇਲ੍ਹ ਐਕਟ ਅਨੁਸਾਰ ਇਕ ਕੈਦੀ ਨੂੰ ਉਸ ਦੇ ਚੰਗੇ ਚਾਲ-ਚੱਲਣ ਕਾਰਨ ਇੱਕ ਸਾਲ ਦੌਰਾਨ 10 ਹਫਤਿਆਂ ਦੀ ਪੈਰੋਲ ਦੋ ਭਾਗਾਂ ਵਿਚ ਦਿੱਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਆਮ ਕੈਦੀਆਂ ਨੂੰ ਇਹ ਪੈਰੋਲ ਐਨੀ ਅਸਾਨੀ ਨਾਲ ਨਹੀਂ ਮਿਲਦੀ, ਜਿੰਨੀ ਅਸਾਨੀ ਤੇ ਵਾਰ-ਵਾਰ ਰਾਮ ਰਹੀਮ ਨੂੰ ਮਿਲ ਜਾਂਦੀ ਹੈ। ਚੰਗੇ ਚਾਲ-ਚੱਲਣ ਵਾਲੇ ਕੈਦੀਆਂ ਨੂੰ ਘਰ ਦੇ ਜ਼ਰੂਰੀ ਕੰਮਾਂ ਲਈ ਪੈਰੋਲ ਲੈਣ ਵਾਸਤੇ ਬਹੁਤ ਤਰੱਦਦ ਕਰਨੇ ਪੈਂਦੇ ਹਨ। ਸਿੱਖ ਭਾਈਚਾਰੇ ਦੇ ਲੋਕ ਵਾਰ-ਵਾਰ ਮਿਲਦੀ ਪੈਰੋਲ ਤੋਂ ਬਹੁਤ ਖਫਾ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਇੱਕ ਅਪਰਾਧੀ ਨੂੰ ਇਸ ਢੰਗ ਨਾਲ ਛੇਤੀ-ਛੇਤੀ ਪੈਰੋਲ ਮਿਲਦੀ ਰਹੇ ਅਤੇ ਜੇਲ੍ਹ 'ਚ ਉਸ ਨੂੰ ਸਰਕਾਰ ਦੀ ਸ਼ਹਿ ਤੇ ਸਾਰੀਆਂ ਸਹੂਲਤਾਂ ਮਿਲਦੀਆਂ ਰਹਿਣ ਤਾਂ ਫਿਰ ਕੈਦ ਕਾਹਦੀ ਹੋਈ।

*# ਸੰਪਰਕ-98154-61301*

## ਪਾਠਕ ਸੱਥ

### ਮੰਦਭਾਗਾ ਫੈਸਲਾ

ਗਣਤੰਤਰ ਦਿਵਸ ਦੇ ਮੌਕੇ ਪੰਜਾਬ ਦੀ ਝਾਕੀ ਨੂੰ ਨਾ ਸ਼ਾਮਲ ਕਰਨ ਵਾਲਾ ਫੈਸਲਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਨਿਰਾਸ਼ਾਜਨਕ ਅਤੇ ਮੰਦਭਾਗਾ ਫੈਸਲਾ ਹੈ। ਅੰਗਰੇਜ਼ ਹਕੂਮਤ ਦੁਆਰਾ ਪਾਈਆਂ ਹੋਈਆਂ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਦੇਸ਼ ਨੂੰ ਮੁਕਤ ਕਰਵਾਉਣ ਲਈ ਪੰਜਾਬ ਦੇ ਸੂਰਬੀਰ ਯੋਧਿਆਂ ਨੇ ਵਧ ਚੜ੍ਹ ਕੇ ਜੇਲ੍ਹਾਂ ਕੱਟੀਆਂ, ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮੇ, ਆਪਣੇ ਲਹੂ ਦੇ ਨਾਲ ਅਜ਼ਾਦ ਭਾਰਤ ਦੇ ਸੁਪਨੇ ਨੂੰ ਸਾਕਾਰ ਕੀਤਾ, ਪਰ ਕੇਂਦਰ ਸਰਕਾਰ ਦਾ ਆਇਆ ਫੈਸਲਾ ਸ਼ਹੀਦਾਂ ਦੀ ਕੁਰਬਾਨੀ ਨੂੰ ਦਾਗ ਲਾਉਣ ਦਾ ਕੰਮ ਕਰ ਰਿਹਾ ਹੈ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਅਜ਼ਾਦੀ ਦੇ ਸੰਗਰਾਮ ਵਿੱਚ ਅਜਿਹੀ ਕੋਈ ਲਹਿਰ ਜਾਂ ਅੰਦੋਲਨ ਨਹੀਂ, ਜਿਸ 'ਚ ਪੰਜਾਬੀਆਂ ਨੇ ਸ਼ਮੂਲੀਅਤ ਨਾ ਕੀਤੀ ਹੋਵੇ।

ਜਿਹੜੇ ਪੰਜਾਬੀਆਂ ਦੀਆਂ ਲਾਸਾਨੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਤੋਂ ਅਣਜਾਣ ਹਨ, ਉਹ ਇੱਕ ਵਾਰ ਇਤਿਹਾਸ ਪੜ੍ਹਨ ਦੀ ਖੇਚਲ ਜ਼ਰੂਰ ਕਰਨ। ਕੇਂਦਰ ਸਰਕਾਰ ਨੂੰ ਆਪਣੇ ਲਏ ਹੋਏ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੀਆਂ ਹੋਈਆਂ ਆਸਥਾਵਾਂ ਅਤੇ ਦਿੱਤੀਆਂ ਕੁਰਬਾਨੀਆਂ ਦਾ ਸਵਾਲ ਹੈ, ਜਿਸ ਦਾ ਦੇਣਾ ਦੇਸ਼ ਕਦੇ ਵੀ ਨਹੀਂ ਦੇ ਸਕਦਾ।

**- ਰਜਵਿੰਦਰ ਪਾਲ ਸ਼ਰਮਾ**
ਮੋਬਾਇਲ 70873-67969

25-JAN-PAGE-5.qxd 1/24/2023 9:39 PM Page 1



# ਵਕੀਲ ਨਾਲ ਤਕਰਾਰ ਦੌਰਾਨ ਸੇਵਾਦਾਰ ਨੇ ਤਹਿਸੀਲ 'ਚ ਚਲਾਈ ਗੋਲੀ

## ਬਸੀ ਪਠਾਣਾਂ ਪੁਲਸ ਵੱਲੋਂ ਮਾਮਲਾ ਦਰਜ

**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬਸੀ ਪਠਾਣਾਂ ਤਹਿਸੀਲ ਕੰਪਲੈਕਸ 'ਚ ਤਾਇਨਾਤ ਇੱਕ ਸੇਵਾਦਾਰ ਵੱਲੋਂ ਕਥਿਤ ਤੌਰ 'ਤੇ ਸ਼ਰਾਬ ਦੇ ਨਸ਼ੇ 'ਚ ਇੱਕ ਵਕੀਲ ਨੂੰ ਧਮਕਾਉਣ ਤੇ ਦਫ਼ਤਰ 'ਚ ਗੋਲੀ ਚਲਾਉਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਦੇ ਤਹਿਸੀਲ ਕੰਪਲੈਕਸ 'ਚ ਵਕੀਲ ਵਜੋਂ ਪ੍ਰੈਕਟਿਸ ਕਰਦੇ ਐਡਵੋਕੇਟ ਰਾਕੇਸ਼ ਕੁਮਾਰ ਵਾਸੀ ਪਿੰਡ ਚੁੰਨੀ ਖੁਰਦ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਬਹਾਦਰ ਸਿੰਘ ਵਾਸੀ ਪਮੌਰ, ਜੋ ਕਿ ਤਹਿਸੀਲ 'ਚ ਸੇਵਾਦਾਰ ਵਜੋਂ ਨੌਕਰੀ ਕਰਦਾ ਹੈ, ਨੇ ਬੀਤੇ ਕੱਲ੍ਹ ਸ਼ਾਮ ਸਵਾ ਚਾਰ ਵਜੇ ਦੇ ਕਰੀਬ ਉਸ ਨੂੰ ਘੇਰ ਲਿਆ, ਜਿਸ ਨੇ ਡੱਬ 'ਚੋਂ ਪਿਸਟਲ ਕੱਢ ਕੇ ਗਾਲੀ-ਗਲੋਚ ਕਰਦੇ ਹੋਏ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਜਿਸ ਤੋਂ ਉਸ ਨੂੰ ਦਿਨੇਸ਼ ਕੁਮਾਰ ਨਾਮਕ ਵਿਅਕਤੀ ਨੇ ਛੁਡਵਾਇਆ। ਇਸ ਤੋਂ ਬਾਅਦ ਬਹਾਦਰ ਸਿੰਘ ਕਾਨੂੰਗੋ ਦਫਤਰ ਅੰਦਰ ਚਲਾ ਗਿਆ, ਜਿੱਥੇ ਜਾ ਕੇ ਉਸ ਨੇ ਆਪਣੀ ਪਿਸਟਲ ਨਾਲ ਗੋਲੀ ਚਲਾ ਦਿੱਤੀ। ਰਾਕੇਸ਼ ਕੁਮਾਰ ਦੀ ਸ਼ਿਕਾਇਤ 'ਤੇ ਥਾਣਾ ਬਸੀ ਪਠਾਣਾਂ ਵਿਖੇ ਬਹਾਦਰ ਸਿੰਘ ਅ/ਧ 336,341,506 ਆਈ.ਪੀ.ਸੀ. ਤੇ ਅਸਲਾ ਐਕਟ ਦੀ ਧਾਰਾ 27/54/59 ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਬਸੀ ਪਠਾਣਾਂ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਮੁੱਢਲੀ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਬਹਾਦਰ ਸਿੰਘ ਤਹਿਸੀਲ 'ਚ ਪੱਕੇ ਸੇਵਾਦਾਰ ਵਜੋਂ ਤਾਇਨਾਤ ਹੈ ਤੇ ਨਾਲ ਹੀ ਉਹ ਪਿੰਡ ਪਮੌਰ ਦਾ ਨੰਬਰਦਾਰ ਵੀ ਹੈ, ਦੇ ਪਿੰਡ ਦੀਆਂ ਕੁੜੀਆਂ ਜੋ ਕਿ ਵਕੀਲ ਰਕੇਸ਼ ਕੁਮਾਰ ਦੀਆਂ ਕਲਾਇੰਟ ਸਨ, ਦੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਉਸ ਵੱਲੋਂ ਸ਼ਰਾਬ ਦੇ ਨਸ਼ੇ 'ਚ ਵਕੀਲ ਰਕੇਸ਼ ਕੁਮਾਰ ਨਾਲ ਤਹਿਸੀਲ ਕੰਪਲੈਕਸ 'ਚ ਉਸ ਦੀ ਤਕਰਾਰ ਹੋਈ, ਜਿਸ ਦੌਰਾਨ ਉਸ ਵੱਲੋਂ ਵਕੀਲ ਨੂੰ ਲਾਇਸੰਸੀ ਪਿਸਤਲ ਕੱਢ ਕੇ ਧਮਕਾਇਆ ਗਿਆ। ਡੀ.ਐੱਸ.ਪੀ. ਨੇ ਦੱਸਿਆ ਕਿ ਵਕੀਲ ਨਾਲ ਤਕਰਾਰ ਉਪਰੰਤ ਬਹਾਦਰ ਸਿੰਘ ਤਹਿਸੀਲ ਕੰਪਲੈਕਸ 'ਚ ਹੀ ਸਥਿਤ ਕਾਨੂੰਗੋ ਦੇ ਦਫਤਰ 'ਚ ਚਲਾ ਗਿਆ, ਜਿੱਥੇ ਕਾਨੂੰਗੋ, ਪਟਵਾਰੀ ਤੇ ਇੱਕ ਹੋਰ ਸੇਵਾਦਾਰ ਕੰਮ ਕਰ ਰਹੇ ਸਨ ਤੇ ਉੱਥੇ ਜਾ ਕੇ ਬਹਾਦਰ ਸਿੰਘ ਲੋਡ ਹੋਏ ਆਪਣੇ ਲਾਇਸੰਸੀ ਪਿਸਟਲ ਨੂੰ ਅਨਲੋਡ ਕਰਨ ਦੀ ਕੋਸ਼ਿਸ਼ ਕਰਨ ਲੱਗਾ, ਜਿਸ ਦੌਰਾਨ ਉਸ ਤੋਂ ਗੋਲੀ ਚੱਲ ਗਈ ਤੇ ਉਹ ਆਪਣੇ ਹਥਿਆਰ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਬਹਾਦਰ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਐੱਨ ਐੱਮ ਸੀ ਆਪਣੀ ਖੁਦ-ਮੁਖਤਿਆਰੀ ਨੂੰ ਕਾਇਮ ਰੱਖੇ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐੱਸ ਭਾਟੀਆ/ਕਥੂਰੀਆ)**

ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਨੇ ਮੀਡੀਆ ਦੇ ਇੱਕ ਹਿੱਸੇ ਵਿੱਚ ਪ੍ਰਕਾਸ਼ਤ ਇੱਕ ਰਿਪੋਰਟ 'ਤੇ ਨਿਰਾਸ਼ਾ ਜ਼ਾਹਰ ਕੀਤੀ ਹੈ ਕਿ ਐੱਨ.ਐੱਮ.ਸੀ. ਨੇ ਦੇਸ਼ ਦੇ ਮੈਡੀਕਲ ਕਾਲਜਾਂ ਨੂੰ ਇੱਕ ਸਰਕੂਲਰ ਜਾਰੀ ਕੀਤਾ ਹੈ ਤਾਂ ਜੋ ਵਿਵਾਦਪ ਪ੍ਰਚਾਰ ਕੀਤਾ ਜਾ ਸਕੇ ਅਤੇ ਮੈਡੀਕਲ ਵਿਦਿਆਰਥੀਆਂ ਲਈ ਇਸ ਵਿੱਚ ਭਾਗ ਲੈਣ ਦਾ ਪ੍ਰਬੰਧ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ 27 ਜਨਵਰੀ 2023 ਨੂੰ "ਪ੍ਰੀਕਸ਼ਾ ਪੇ ਚਰਚਾ" ਪ੍ਰੋਗਰਾਮ ਜਿੱਥੇ ਪ੍ਰਧਾਨ ਮੰਤਰੀ ਵਿਦਿਆਰਥੀਆਂ ਨਾਲ ਗੱਲਬਾਤ ਕਰਨਗੇ ਤੇ ਪ੍ਰੀਖਿਆ ਦੇ ਦਬਾਅ ਨਾਲ ਨਜਿੱਠਣ ਦੇ ਤਰੀਕੇ ਬਾਰੇ ਸੁਝਾਅ ਦੇਣਗੇ।

ਡਾ. ਐੱਸ ਐੱਸ ਸੂਦਨ ਪ੍ਰਧਾਨ ਆਈ.ਡੀ.ਪੀ.ਡੀ. ਨੇ ਕਿਹਾ ਕਿ ਐੱਨ.ਐੱਮ.ਸੀ. ਮੈਡੀਕਲ ਪਾਠਕ੍ਰਮ ਨੂੰ ਨਜ਼ਰ ਅੰਦਾਜ਼ ਕਰਨ, ਮੈਡੀਕਲ ਸਿੱਖਿਆ ਨੂੰ ਸੁਚਾਰੂ ਬਣਾਉਣ ਤੇ ਦੇਸ਼ ਵਿੱਚ ਇੱਕ ਦੀ ਸਿਹਤ ਨੂੰ ਉਤਸ਼ਾਹਤ ਕਰਨ ਲਈ ਇੱਕ ਰੈਗੂਲੇਟਰੀ ਸੰਸਥਾ ਹੈ। ਸਰੀਰ ਦੀ ਖੁਦਮੁਖਤਿਆਰੀ ਹੈ। ਇਸ ਲਈ ਮੈਡੀਕਲ ਕਾਲਜਾਂ ਨੂੰ ਅਜਿਹਾ ਸਰਕੂਲਰ ਭੇਜਣਾ ਇਹ ਪ੍ਰਭਾਵ ਦਿੰਦਾ ਹੈ ਕਿ ਐੱਨ.ਐੱਮ.ਸੀ. ਦੀ ਸੰਸਥਾ ਸਰਕਾਰੀ ਪ੍ਰਚਾਰ ਤੰਤਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ, ਇਸ ਤਰ੍ਹਾਂ ਦੇਸ਼ ਵਿੱਚ ਮੈਡੀਕਲ ਸਿੱਖਿਆ ਤੇ ਸਿਹਤ ਸੰਭਾਲ ਨੂੰ ਉਤਸ਼ਾਹਤ ਕਰਨ ਲਈ ਇੱਕ ਖੁਦ-ਮੁਖਤਿਆਰ ਸੰਸਥਾ ਹੋਣ ਦੇ ਉਦੇਸ਼ ਨੂੰ ਨਕਾਰ ਰਹੀ ਹੈ।

ਡਾ. ਅਰੁਣ ਮਿੱਤਰਾ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਵਿਦਿਆਰਥੀਆਂ, ਖਾਸ ਕਰਕੇ ਮੈਡੀਕਲ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਤਣਾਅ ਨਾਲ ਕਿਵੇਂ ਨਜਿੱਠਣਾ ਹੈ, ਦੀ ਸਲਾਹ ਦੇਣਾ ਇੱਕ ਬਹੁਤ ਹੀ ਵਿਸ਼ੇਸ਼ ਕੰਮ ਹੈ ਤੇ ਇਹ ਪ੍ਰਚਾਰ ਦੀਆਂ ਚਾਲਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਕੋਈ ਵੀ ਗਲਤ ਜਾਣਕਾਰੀ ਤੇ ਗਲਤ ਦਿਸ਼ਾ ਇਸ ਦੀ ਬਜਾਏ ਉਲਟ ਹੋ ਸਕਦੀ ਹੈ।

ਜਨਰਲ ਸਕੱਤਰ ਡਾ. ਸ਼ਕੀਲ ਉਰ ਰਹਿਮਾਨ ਨੇ ਕਿਹਾ ਕਿ ਉਨ੍ਹਾਂ ਨੇ ਚੇਅਰਮੈਨ ਐੱਨ. ਐੱਮ. ਸੀ. ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸਰਕੂਲਰ ਨੂੰ ਵਾਪਸ ਲੈਣ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਉਕਤ ਸਮਾਗਮ ਦੇਖਣ ਦੀ ਆਜ਼ਾਦੀ ਛੱਡ ਦੇਣ। ਐੱਨ.ਐੱਮ.ਸੀ. ਇਸ ਦੀ ਬਜਾਏ ਬਰੇਲੀ ਦੇ ਇੱਕ ਮੈਡੀਕਲ ਕਾਲਜ ਦੇ 12 ਮੈਡੀਕਲ ਵਿਦਿਆਰਥੀਆਂ ਦੀਆਂ ਰਹੱਸਮਈ ਮੌਤਾਂ ਵਰਗੇ ਮੁੱਦਿਆਂ ਦੀ ਜਾਂਚ ਅਤੇ ਨਿਗਰਾਨੀ ਕਰ ਸਕਦੀ ਹੈ। ਇਸ ਨੂੰ ਚਿਕਿਤਸਾ ਦੇ ਖੇਤਰ ਵਿੱਚ ਆਧੁਨਿਕ ਵਿਗਿਆਨਕ ਵਿਕਾਸ ਦੇ ਅਨੁਸਾਰ ਮੈਡੀਕਲ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ।

# ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਪੱਬਾਂ-ਭਾਰ : ਕਾਕਾ ਬਰਾੜ

## ਪਿੰਡ ਹਰਾਜ ਵਿਖੇ ਕਾਸਕੋ ਕਟ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ



ਟੂਰਨਾਮੈਂਟ ਦੌਰਾਨ ਖਿਡਾਰੀਆਂ ਨਾਲ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਤੇ ਹੋਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਨਜ਼ਦੀਕੀ ਪਿੰਡ ਹਰਾਜ ਵਿਖੇ ਧੰਨ-ਧੰਨ ਬਾਬਾ ਹੀਰਾ ਲਾਲ ਜੀ ਦੀ ਯਾਦ 'ਚ 14ਵਾਂ ਕਾਸਕੋ ਕਟ ਟੂਰਨਾਮੈਂਟ ਸਮੂਹ ਨਗਰ ਨਿਵਾਸੀ, ਸਮੂਹ ਕਮੇਟੀ ਮੈਂਬਰ ਤੇ ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ 'ਚ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਸੰਧੂ ਲੁਬਾਣਿਆਂਵਾਲੀ, ਵਾਈਸ ਪ੍ਰਧਾਨ ਸ਼ਮਸੇਰ ਸਿੰਘ ਵੜਿੰਗ, ਧਰਮਜੀਤ ਸਿੰਘ ਵੜਿੰਗ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਰਾਜੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਨ ਉਪਰੰਤ ਆਪਣੇ ਸੰਬੋਧਨ ਵਿੱਚ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਸੂਬਾ ਸਰਕਾਰ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਬੈਨਰ ਹੇਠ ਸੂਬੇ ਭਰ 'ਚ ਵੱਖ ਵੱਖ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਹਜ਼ਾਰਾਂ ਬੱਚਿਆਂ ਨੇ ਭਾਗ ਲਿਆ ਤੇ ਮੈਡਲ ਜਿੱਤੇ। ਉਨ੍ਹਾਂ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦੇਣ ਦੀ ਅਪੀਲ ਕੀਤੀ, ਕਿਉਂਕਿ ਜਿੱਥੇ ਪੜ੍ਹਾਈ ਨਾਲ ਮਾਨਸਿਕ ਵਿਕਾਸ ਹੁੰਦਾ ਹੈ, ਉੱਥੇ ਹੀ ਖੇਡਾਂ ਨਾਲ ਸਰੀਰਕ ਵਿਕਾਸ ਹੁੰਦਾ ਹੈ। ਉਨ੍ਹਾ ਵਿਸ਼ਵਾਸ ਦੁਆਇਆ ਕਿ ਅਗਲੀ ਵਾਰੀ ਵੱਡੇ ਪੱਧਰ 'ਤੇ ਇਹ ਟੂਰਨਾਮੈਂਟ ਕਰਵਾਇਆ ਜਾਵੇਗਾ। ਇਸ ਦੌਰਾਨ ਟੂਰਨਾਮੈਂਟ ਪ੍ਰਬੰਧਕਾਂ ਨੂੰ ਆਪਣੇ ਵੱਲੋਂ 5100 ਰੁਪਏ ਦੀ ਰਾਸ਼ੀ ਵੀ ਭੇਟ ਕੀਤੀ। ਟੂਰਨਾਮੈਂਟ ਦੌਰਾਨ ਜੇਤੂਆਂ ਖਿਡਾਰੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਆ ਗਿਆ। ਇਸ ਸੁਖਦੀਪ ਸਿੰਘ, ਲਾਡੀ ਹੇਅਰ, ਸੁਖਪਾਲ ਸਿੰਘ ਪਾਲ, ਬਲਕਰਨ ਸਿੰਘ, ਰਮਨਦੀਪ ਸਿੰਘ, ਜਸਕਰਨ ਸਿੰਘ, ਹਰਪ੍ਰੀਤ ਸਿੰਘ, ਆਫਤਾਬ ਅਲੀ, ਸ਼ਮਸੇਰ ਸਿੰਘ, ਰਾਜਦੀਪ ਸਿੰਘ, ਤਲਵਿੰਦਰ ਸਿੰਘ, ਅਮੋਲਕ ਸਿੰਘ, ਬਲਜੀਤ ਸਿੰਘ, ਬਾਈ ਸਿੰਘ, ਇਕਬਾਲ ਸਿੰਘ ਆਦਿ ਹਾਜ਼ਰ ਸਨ

# ਜੰਗਲਾਤ ਵਰਕਰਜ਼ ਯੂਨੀਅਨ ਵੱਲੋਂ ਧਰਨਾ 6 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੰਗਲਾਤ ਵਰਕਰਜ਼ ਯੂਨੀਅਨ ਵੱਲੋਂ ਫੀਲਡ ਵਰਕਰਾਂ ਦੀਆਂ ਮੰਗਾਂ ਸਬੰਧੀ ਵਣਪਾਲ ਫਿਰੋਜ਼ਪੁਰ ਦੇ ਦਫ਼ਤਰ ਸਾਹਮਣੇ 6 ਫਰਵਰੀ ਨੂੰ ਧਰਨਾ ਦਿੱਤਾ ਜਾਵੇਗਾ। ਇਸ ਸਬੰਧੀ ਇੱਕ ਮੀਟਿੰਗ ਸਰਕਲ ਪ੍ਰਧਾਨ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਫਿਰੋਜ਼ਪੁਰ ਵਿਖੇ ਹੋਈ। ਇਸ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸਰਕਲ ਜਨਰਲ ਸਕੱਤਰ ਗੁਰਵੀਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਜੱਥੇਬੰਦੀ ਦਾ ਇੱਕ ਵਫਦ ਫੀਲਡ ਵਰਕਰਾਂ ਦੀਆਂ ਮੰਗਾਂ ਸਬੰਧੀ ਸਟੇਟ ਜਨਰਲ ਸਕੱਤਰ ਜਗਸੀਰ ਸਿੰਘ ਸੀਰਾ ਦੀ ਅਗਵਾਈ ਹੇਠ ਮੰਗਾਂ ਸੰਬੰਧੀ ਵਣਪਾਲ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ।ਵਣਪਾਲ ਨੇ ਸਰਕਲ ਫਿਰੋਜ਼ਪੁਰ ਦੇ ਵਰਕਰਾਂ ਦੀ ਸੀਨਿਆਰਤਾ ਸੂਚੀ ਦੇਣ ਤੋਂ ਸਾਫ ਇਨਕਾਰ ਕਰਦਿਆਂ ਵਰਕਰਾਂ ਦੀਆਂ ਬਾਕੀ ਮੰਗਾਂ 'ਤੇ ਵੀ ਟਾਲਮਟੋਲ ਕੀਤੀ, ਜਿਸ 'ਤੇ ਆਗੂਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਵਰਕਰਾਂ ਦੀਆਂ ਮੰਗਾਂ ਸਬੰਧੀ 6 ਫਰਵਰੀ ਨੂੰ ਵਣਪਾਲ ਸਰਕਲ ਦੇ ਦਫ਼ਤਰ ਸਾਹਮਣੇ ਲਗਾਤਾਰ ਧਰਨਾ ਦਿੱਤਾ ਜਾਵੇਗਾ।ਮੀਟਿੰਗ ਵਿੱਚ ਨਿਸ਼ਾਨ ਸਿੰਘ, ਮਿਹਰ ਸਿੰਘ, ਬਲਬੀਰ ਸਿੰਘ ਗੋਖੀਵਾਲਾ, ਮੁਖਤਿਆਰ ਸਿੰਘ, ਰਾਧੇ ਸ਼ਿਆਮ, ਚਮਕੌਰ ਸਿੰਘ, ਜਸਵਿੰਦਰ ਸਿੰਘ, ਸੂਰਤ ਸਿੰਘ, ਰਾਜ ਸਿੰਘ, ਮੇਜਰ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਮਾਡਰਨ ਕਾਲਜ ਬੀਰ ਕਲਾਂ ਵਿਖੇ ਬਾਲੜੀ ਦਿਵਸ ਮੌਕੇ ਸੈਮੀਨਾਰ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਹੇਠ ਰਾਸ਼ਟਰੀ ਬਾਲੜੀ ਦਿਵਸ ਮੌਕੇ ਇੱਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਸਭ ਤੋਂ ਪਹਿਲਾਂ ਪ੍ਰਿੰਸੀਪਲ ਨੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਇਸ ਦਿਨ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤ ਵਿੱਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਆਬਾਦੀ ਘੱਟ ਹੈ, ਜਿਸ ਦਾ ਕਾਰਨ ਹੈ ਕਿ ਲੜਕਿਆਂ ਨੂੰ ਵੱਧ ਤਵੱਜੋਂ ਦਿੱਤੀ ਹੈ, ਪਰ ਹੁਣ ਲੋਕ ਸੂਝਵਾਨ ਹੋ ਗਏ ਹਨ ਤੇ ਜਿਸ ਦੇ ਚੱਲਦੇ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਮੌਕੇ ਦਿੱਤੇ ਜਾ ਰਹੇ ਹਨ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਨੇ ਕਿਹਾ ਕਿ ਸੰਸਥਾ ਵੱਲੋਂ ਲੜਕੀਆਂ ਦੀ ਪੜ੍ਹਾਈ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਸੈਮੀਨਾਰ ਤੇ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ, ਤਾਂ ਜੋ ਲੜਕੀਆਂ ਅੱਗੇ ਵਧ ਸਕਣ। ਇਸ ਮੌਕੇ ਵਿਦਿਆਰਥੀਆਂ ਨੇ ਲਿੰਗ ਭੇਦਭਾਵ ਨੂੰ ਖਤਮ ਕਰਨ ਦਾ ਪ੍ਰਣ ਵੀ ਕੀਤਾ।

### ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ


**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਮਲੋਟ-ਡੱਬਵਾਲੀ ਰੋਡ 'ਤੇ ਹੋਏ ਭਿਆਨਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮਲੋਟ ਦੋ ਨੌਜਵਾਨ ਆਪਣੀ ਐਕਟਿਵਾ ਸਕੂਟਰੀ 'ਤੇ ਅਬੁੱਲਖੁਰਾਣਾ ਵੱਲ ਜਾ ਰਹੇ ਸੀ ਤਾਂ ਸਾਹਮਣੇ ਤੋਂ ਆ ਰਹੀ ਤੇਜ਼ ਰਫ਼ਤਾਰ ਕਾਰ ਨੇ ਫੇਟ ਮਾਰ ਦਿੱਤੀ। ਇਸ ਹਾਦਸੇ ਦੌਰਾਨ ਦੋਵੇਂ ਨੌਜਵਾਨ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਮਲੋਟ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਇਨ੍ਹਾਂ ਦੋਵੇਂ ਨੌਜਵਾਨਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਹ ਦੋਵੇਂ ਨੌਜਵਾਨ ਸਰਕਾਰੀ ਇਮਾਰਤਾਂ ਦੀ ਉਸਾਰੀ ਵਿੱਚ ਠੇਕੇਦਾਰ ਦੇ ਅਧੀਨ ਕੰਮ ਕਰਦੇ ਸਨ ਤੇ ਸਰਦੂਲਗੜ੍ਹ ਨੇੜਲੇ ਪਿੰਡ ਕਾਨਿਆਂਵਾਲੀ ਦੇ ਰਹਿਣ ਵਾਲੇ ਸਨ ਅਤੇ ਨੌਜਵਾਨਾਂ ਦੀ ਪਛਾਣ ਗੁਲਾਬ ਰਾਮ ਤੇ ਕਾਲਾ ਰਾਮ ਵਜੋਂ ਹੋਈ ਹੈ।

### ਐੱਸ.ਡੀ.ਐੱਮ. ਲਹਿਰਾਉਣਗੇ ਤਿਰੰਗਾ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਦਾਣਾ ਮੰਡੀ ਵਿਖੇ ਗਣਤੰਤਰ ਦਿਵਸ ਸਮਾਰੋਹ 26 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਐੱਸ.ਡੀ.ਐੱਮ. ਕੰਵਰਜੀਤ ਸਿੰਘ ਪਹੁੰਚ ਕੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਵੱਖ ਵੱਖ ਸਕੂਲਾਂ ਤੇ ਕਾਲਜ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ।

# 'ਚਾਈਨਾ ਡੋਰ' ਦੀ ਵਰਤੋਂ ਨਾ ਕਰਨ ਸੰਬੰਧੀ ਕੀਤਾ ਜਾਗਰੂਕ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੈਡਮ ਡਾਕਟਰ ਰਾਜਵਿੰਦਰ ਕੌਰ ਵੱਲੋਂ 'ਚਾਈਨਾ ਡੋਰ' ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾ ਕਿਹਾ ਕਿ ਸਾਨੂੰ ਸੁਚੇਤ ਹੋ ਕੇ ਸਮਾਜ ਵਿੱਚ ਵਿਚਰਨਾ ਚਾਹੀਦਾ ਹੈ ਤੇ ਅਜਿਹੀਆਂ ਚੀਜ਼ਾਂ ਦੀ ਵਰਤੋਂ ਕਦੇ ਨਾ ਕਰੋ, ਜੋ ਮਨੁੱਖਤਾ ਲਈ ਘਾਤਕ ਸਿੱਧ ਹੋਣ। ਪ੍ਰਿੰਸੀਪਲ ਮੈਡਮ ਨੇ ਕਿਹਾ ਕਿ ਸਾਨੂੰ ਚਾਇਨਾ ਡੋਰ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਤੇ ਇਸ ਦੀ ਵਰਤੋਂ ਮੁਕੰਮਲ ਤੌਰ 'ਤੇ ਬੰਦ ਕਰਨੀ ਚਾਹੀਦੀ ਹੈ, ਤਾਂ ਜੋ ਸਮਾਜ ਨੂੰ ਸੁਰੱਖਿਅਤ ਜੀਵਨ ਦੇ ਸਕੀਏ। ਇਸ ਮੌਕੇ ਵਿਦਿਆਰਥੀਆਂ ਨੇ ਸਹੁੰ ਚੁੱਕੀ ਤੇ ਕਿਹਾ ਕਿ ਅਸੀਂ ਮਨੁੱਖਤਾ ਪਸ਼ੂ-ਪੰਛੀਆਂ ਦੇ ਜੀਵਨ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਕਦੇ ਵੀ ਚਾਈਨਾ ਡੋਰ ਦੀ ਵਰਤੋਂ ਨਹੀਂ ਕਰਾਂਗੇ ਅਤੇ ਨਾ ਹੀ ਆਪਣੇ ਆਸ-ਪਾਸ ਕਰਨ ਦਿਆਂਗੇ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਦੇ ਮੈਂਬਰ ਸ਼ਾਮਲ ਸਨ।



# ਪਾਵਰਕਾਮ ਦੇ ਪੈਨਸ਼ਨਰਾਂ ਨੂੰ ਵੱਡੀ ਰਾਹਤ, ਡਿਵੈੱਲਪਮੈਂਟ ਟੈਕਸ ਕੱਟਣਾ ਹੋਇਆ ਬੰਦ



**ਮੋਗਾ (ਅਮਰਜੀਤ ਬੱਬਰੀ)**

ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਰਜਿ: ਪੰਜਾਬ ਸ਼ਹਿਰੀ ਤੇ ਸਬਰਬਨ ਮੰਡਲ ਦੀ ਹੰਗਾਮੀ ਮੀਟਿੰਗ ਜਥੇਬੰਦੀ ਦੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਦੀ ਪ੍ਰਧਾਨਗੀ ਹੇਠ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਵਿਖੇ ਹੋਈ।

ਅਮਰੀਕ ਸਿੰਘ ਮਸੀਤਾਂ ਨੇ ਦੱਸਿਆ ਕਿ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਜੋ 21/07/22ਤੋ ਹੋਂਦ ਵਿੱਚ ਆਈ ਸੀ ਤੇ ਇਸ ਥੋੜ੍ਹੇ ਜਿਹੇ ਸਮੇਂ ਵਿੱਚ ਮਿਤੀ 16/11/22 ਦੀ ਮੀਟਿੰਗ ਵਿੱਚ ਪਾਵਰਕੌਮ ਦੀ ਮੈਨੇਜਮੈਂਟ ਵਲੋਂ ਕੱਟਿਆ ਜਾਂਦਾ ਜਜ਼ੀਆ ਟੈਕਸ ਬੰਦ ਨਾ ਕਰਨ 'ਤੇ ਯੂਨੀਅਨ ਵੱਲੋਂ ਵਾਕਆਊਟ ਕਰਦੇ ਹੋਏ ਮੈਨੇਜਮੈਂਟ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਉਸੇ ਹੀ ਦਿਨ ਅਗਲੇ ਸੰਘਰਸ ਦਾ ਐਲਾਨ ਕਰਦਿਆਂ 06/12/22/ ਨੂੰ ਹੈੱਡ ਆਫ਼ਿਸ ਪਟਿਆਲਾ ਵਿਖੇ ਲੀਡਰਸ਼ਿਪ ਵੱਲੋਂ ਕਾਲੇ ਚੋਲੇ ਪਾ ਕੇ ਪ੍ਰਦਰਸ਼ਨ ਕੀਤਾ ਗਿਆ। 20/11/22 ਨੂੰ ਫੈਮਿਲੀ ਪੈਨਸ਼ਨਰਾਂ ਦਾ ਟੈਕਸ ਕਟੌਤੀ ਨਾ ਕਰਨ ਲਈ ਵਿੱਤ ਮੰਤਰੀ ਨੂੰ ਮਾਸ ਡੈਪੂਟੇਸ਼ਨ 'ਤੇ ਮਿਲਨ ਦਾ ਫੈਸਲਾ ਕੀਤਾ। ਮੰਡਲ ਪੱਧਰ 'ਤੇ ਮੰਗ ਪੱਤਰ ਮੈਨੇਜਮੈਂਟ ਨੂੰ ਦਿਤੇ ਗਏ । ਅਖੀਰ 10/09/22 ਨੂੰ 58 ਤੋਂ 60 ਸਾਲ ਦੇ ਪੈਨਸ਼ਨਰ ਦਾ ਇਹ ਟੈਕਸ ਕੱਟਣਾ ਬੰਦ ਕਰਨ ਦਾ ਫ਼ੈਸਲਾ ਲਿਆ। ਜਥੇਬੰਦੀ ਦੀ ਮੰਗ ਸੀ ਕਿ ਸਾਰੇ ਹੀ ਪੈਨਸ਼ਨਰ ਦੀ ਕਟੌਤੀ ਬੰਦ ਕੀਤੀ ਜਾਵੇ। 10/01/23 ਦੀ ਪੰਜਾਬ ਤੇ ਯੂਟੀ ਫਰੰਟ ਦੀ ਲੁਧਿਆਣਾ ਮੀਟਿੰਗ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਚੇਅਰਮੈਨ ਪਾਵਰਕੌਮ ਨੂੰ ਪੱਤਰ ਲਿਖਿਆ ਜਾਏ ਤੇ ਰਣਜੀਤ ਸਿੰਘ ਰਾਣਵਾਂ ਦੇ ਦਸਤਕਾ ਹੇਠ ਪਾਵਰ ਮੈਨੇਜਮੈਂਟ ਨੂੰ ਪੱਤਰ ਲਿਖਿਆ ਗਿਆ, ਇਸ ਦੀ ਕਾਪੀ ਪਾਵਰਕਾਮ ਅਤੇ ਟਰਾਂਸਕੋ ਯੂਨੀਅਨ ਨੂੰ ਭੇਜੀ ਗਈ।

ਅਖੌਤੀ ਪਾਵਰਕੌਮ ਐਸੋਸੀਏਸ਼ਨ ਵੱਲੋਂ ਮੁਲਾਜ਼ਮਾਂ ਦੇ ਸਾਂਝੇ ਪਲੇਟਫਾਰਮ ਉਪਰ ਪਾਵਰਕੌਮ ਤੇ ਟਰਾਸਕੋ ਪੈਨਸ਼ਨਰ ਯੂਨੀਅਨ ਨੂੰ ਇਗਨੋਰ ਕਰਦਿਆਂ ਸਾਂਝੇ ਸੰਘਰਸ਼ਾਂ ਨੂੰ ਲੜਨ ਦੀ ਬਜਾਏ ਸੰਘਰਸ਼ਾਂ ਵਿਚੋਂ ਭਗੌੜੀ ਹੋਈ ਹੈ, ਇਸੇ ਹੀ ਕਾਰਨਾਂ ਕਰਕੇ ਸਾਲ 2011 ਤੋਂ ਕੰਮ ਕਰਦੀ ਇਹ ਐਸੋਸੀਏਸ਼ਨ ਪੈਨਸ਼ਨਰ ਨੂੰ ਕੋਈ ਵੀ ਲਾਭ ਨਹੀਂ ਦੁਆ ਸਕੀ। ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਜਥੇਬੰਦੀ ਦੀ ਐਜੀਟੇਸ਼ਨ ਕਾਰਨ ਅਖੀਰ ਮੈਨੇਜਮੈਂਟ ਵੱਲੋਂ ਟੈਲੀਫੋਨ ਮੈਸੇਜ ਰਾਹੀਂ ਪੰਜਾਬ ਦੀਆਂ ਸਮੁੱਚੀਆਂ ਡਵੀਜ਼ਨਾਂ ਨੂੰ ਹੁਕਮ ਕੀਤਾ ਕਿ ਸਾਰੇ ਹੀ ਪੈਨਸ਼ਨਰ ਦਾ ਕੱਟਿਆ ਜਾਂਦਾ ਡਿਵੈਲਪਮੈਂਟ ਟੈਕਸ ਬੰਦ ਕੀਤਾ ਜਾਵੇ ਤਾਂ ਪੈਨਸ਼ਨਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਜਥੇਬੰਦੀ ਵਲੋਂ ਫ਼ੈਸਲਾ ਲਿਆ ਗਿਆ ਹੈ ਕਿ 19/04/2018 ਤੋਂ ਕੱਟਿਆ ਜਾਂਦਾ ਡਿਵੈਲਪਮੈਂਟ ਟੈਕਸ ਵਿਆਜ ਸਹਿਤ ਲੈ ਕੇ ਦਿੱਤਾ ਜਾਵੇਗਾ। ਪੰਜਾਬ ਦੇ ਸਮੁੱਚੇ ਪੈਨਸ਼ਨਰਾਂ ਵੱਲੋਂ ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ ਵੱਲੋਂ ਦਿੱਤੇ ਸੰਘਰਸ਼ 29 ਜਨਵਰੀ ਨੂੰ ਸੰਗਰੂਰ ਦੇ ਦਫ਼ਤਰ ਸਾਹਮਣੇ ਦਿੱਤੇ ਜਾ ਰਹੇ ਸੂਬਾਈ ਧਰਨੇ ਤੇ ਪ੍ਰਦਰਸ਼ਨ ਵਿੱਚ ਪੈਨਸ਼ਨਰਾਂ ਦੀ ਵੱਡੀ ਸ਼ਮੂਲੀਅਤ ਕਰਾਈ ਜਾਵੇਗੀ।

ਮੀਟਿੰਗ ਵਿੱਚ ਅਮਰੀਕ ਸਿੰਘ ਮਸੀਤਾਂ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ਼ ਯੂਨੀਅਨ, ਗੁਰਮੇਲ ਸਿੰਘ ਨਾਹਰ ਸਕੱਤਰ, ਸਵਰਨਜੀਤ ਸਿੰਘ, ਬਾਊ ਪਿਰੀਏਵਰਤ ਜੀ, ਗੁਰਮੀਤ ਸਿੰਘ ਧਾਲੀਵਾਲ, ਮਲਕੀਤ ਸਿੰਘ ਆਦਿ ਆਗੂ ਹਾਜ਼ਰ ਹੋਏ।

# ਪਲਸ ਪ੍ਰਸ਼ਾਸਨ ਵੱਲੋਂ ਮਸਲੇ ਹੱਲ ਕਰਨ ਦੇ ਭਰੋਸੇ ਮਗਰੋਂ ਧਰਨਾ ਮੁਲਤਵੀ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਦੋ ਦਿਨ ਪਹਿਲਾਂ ਕਿਸੇ ਮਸਲੇ ਨੂੰ ਲੈ ਕੇ ਥਾਣਾ ਮਮਦੋਟ ਗਏ ਕਿਸਾਨ ਆਗੂਆਂ ਨਾਲ ਥਾਣੇਦਾਰ ਵੱਲੋਂ ਭੱਦਾ ਵਿਹਾਰ ਕਰਨ ਦੇ ਰੋਸ ਵਜੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਕਿਸਾਨ ਹਾਲੇ ਇਕੱਠ ਹੀ ਹੋ ਰਹੇ ਸਨ ਕਿ ਥਾਣੇ ਦੇ ਮੁੱਖ ਮੁਨਸ਼ੀ ਤੇ ਹੋਰ ਅਧਿਕਾਰੀਆਂ ਵੱਲੋਂ ਕਿਸਾਨਾਂ ਨਾਲ ਦਾਣਾ ਮੰਡੀ ਮਮਦੋਟ ਵਿਖੇ ਮਿਲ ਕੇ 28 ਜਨਵਰੀ ਨੂੰ ਸਾਰੇ ਮਸਲਿਆਂ ਦਾ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ, ਜਿਸ ਮਗਰੋਂ ਜਥੇਬੰਦੀ ਨੇ 28 ਜਨਵਰੀ ਤੱਕ ਧਰਨਾ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਗੁਰਭੇਜ ਸਿੰਘ ਟਿੱਬੀ ਨੇ ਦੱਸਿਆ ਕਿ ਉਹ ਦੋ ਦਿਨ ਪਹਿਲਾਂ ਪਿੰਡ ਰਾਉਕੇ ਹਿਠਾੜ ਦੀ ਇੱਕ ਔਰਤ, ਜੋ ਕਿ ਖੁਦ ਇੱਕ ਪੁਲਸ ਮੁਲਾਜ਼ਮ ਦੀ ਪਤਨੀ ਹੈ, ਉਸ ਨਾਲ ਉਸ ਦੇ ਜਮੀਨੀ ਮਸਲੇ ਸਬੰਧੀ ਮਿਲਣ ਲਈ ਗਏ ਤਾਂ ਥਾਣੇਦਾਰ ਗੁਰਚਰਨ ਸਿੰਘ ਵੱਲੋਂ ਉਸ ਔਰਤ ਤੇ ਆਗੂਆਂ ਨਾਲ ਬਹੁਤ ਭੱਦਾ ਵਿਹਾਰ ਕੀਤਾ ਗਿਆ ਸੀ, ਜਿਸ ਦੇ ਰੋਸ ਵਜੋਂ ਜਥੇਬੰਦੀ ਨੇ ਅੱਜ ਦਾ ਧਰਨਾ ਉਲੀਕਿਆ ਸੀ, ਪਰ ਪ੍ਰਸ਼ਾਸਨ ਨੇ ਮਾਫੀ ਮੰਗਵਾਉਣ ਤੇ ਬਾਕੀ ਸਾਰੇ ਮਸਲੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾ ਕਿਹਾ ਕਿ ਜਥੇਬੰਦੀ ਵੱਲੋਂ 26 ਜਨਵਰੀ ਨੂੰ ਜੀਂਦ ਰੈਲੀ ਦੀਆਂ ਤਿਆਰੀਆਂ ਕੀਤੀਆਂ ਜਾ ਰਹੀ ਹਨ, ਤਾਂ ਜੋ ਵੱਡੀ ਗਿਣਤੀ ਕਿਸਾਨਾਂ ਦੀ ਸ਼ਮੂਲੀਅਤ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ 28 ਜਨਵਰੀ ਤੱਕ ਮਸਲੇ ਹੱਲ ਨਾ ਕੀਤੇ ਗਏ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ, ਬਲਾਕ ਪ੍ਰਧਾਨ ਗੁਰਭੇਜ ਸਿੰਘ ਟਿੱਬੀ ਕਲਾਂ, ਕੁਲਦੀਪ ਸਿੰਘ ਰੋਡੇਵਾਲਾ, ਗੁਰਚਰਨ ਸਿੰਘ ਬਾਰੇਕੇ, ਵਿਕਰਮ ਬਾਰੇਕੇ, ਕੁਲਵੰਤ ਸਿੰਘ ਹਬੀਬ ਕੇ, ਸਾਬ ਸਿੰਘ ਫੱਤੂਵਾਲਾ, ਸੁਖਦੇਵ ਸਿੰਘ ਹਜਾਰਾ ਤੇ ਇਕਾਈ ਆਗੂ ਅਮਰਿੰਦਰ ਸਿੰਘ, ਪਰਮਜੀਤ ਸਿੰਘ, ਹਰਜਿੰਦਰ ਸਿੰਘ, ਰੇਸ਼ਮ ਸਿੰਘ, ਬਖਸ਼ੀਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਤੇ ਕਿਸਾਨ ਹਾਜ਼ਰ ਸਨ।

# ਐੱਨ ਆਰ ਆਈ ਰੂਪ ਸਿੰਘ ਨੂੰ ਗਣਤੰਤਰ ਦਿਵਸ 'ਚ ਸ਼ਾਮਲ ਹੋਣ ਦਾ ਐੱਸ ਡੀ ਐੱਮ ਵੱਲੋਂ ਸੱਦਾ

■ ਕੈਬਨਿਟ ਮੰਤਰੀ ਧਾਲੀਵਾਲ ਨੂੰ ਮਿਲ ਕੇ ਐੱਨ ਆਰ ਆਈਜ਼ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵੀ ਕਰਵਾਉਣਗੇ ਜਾਣੂ



ਰੂਪ ਸਿੰਘ ਸੰਧੂ

**ਜ਼ੀਰਾ (ਨਰਿੰਦਰ ਅਨੇਜਾ)**

ਐੱਨ ਆਰ ਆਈ ਰੂਪ ਸਿੰਘ ਸੰਧੂ ਝਤਰਾ ਨੂੰ ਐੱਸ ਡੀ ਐੱਮ ਜ਼ੀਰਾ ਵੱਲੋਂ ਗਣਤੰਤਰ ਦਿਵਸ ਮੌਕੇ ਸਥਾਨਕ ਸ਼ਹਿਰ 'ਚ ਕਰਵਾਏ ਜਾ ਰਹੇ ਸਮਾਮਮ 'ਚ ਸ਼ਾਮਲ ਹੋਣ ਸਬੰਧੀ ਸੱਦਾ ਪੱਤਰ ਮਿਲਣ 'ਤੇ ਉਹ ਆਪਣੇ ਖੁਸ਼ਨਸੀਬ ਸਮਝਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਨ। ਐੱਨ ਆਰ ਆਈ ਰੂਪ ਸਿੰਘ ਸੰਧੂ ਝਤਰਾ ਨੇ ਦੱਸਿਆ ਕਿ ਭਾਵੇਂ ਉਹ ਅਮਰੀਕਾ ਵਿੱਚ ਪੂਰੀ ਤਰ੍ਹਾਂ ਸੈਟਲ ਹੋ ਚੁੱਕੇ ਹਨ, ਪਰ ਉਨ੍ਹਾਂ ਦੀ ਰੂਹ ਪੰਜਾਬ ਵਿੱਚ ਵਸਦੀ ਹੈ। ਪਿੰਡ ਵਿੱਚ ਗੁੱਲੀਡੰਡਾ ਖੇਡਣਾ, ਬਾਂਟੇ ਖੇਡਣਾ, ਪਿੰਡ ਦੀਆਂ ਸੱਥਾਂ ਵਿੱਚ ਤਾਸ਼ ਖੇਡਣਾ ਤੇ ਜ਼ੀਰਾ ਵਾਸੀਆਂ ਦਾ ਪਿਆਰ ਭੁਲਾਇਆ ਵੀ ਨ੍ਹੀਂ ਭੁੱਲਦਾ। ਰੂਪ ਸਿੰਘ ਸੰਧੂ ਨੇ ਕਿਹਾ ਕਿ ਜਿੰਨਾ ਚਿਰ ਉਹ ਹਰ ਸਾਲ ਪੰਜਾਬ ਆ ਨਹੀਂ ਜਾਂਦੇ, ਉਨਾ ਚਿਰ ਉਨ੍ਹਾਂ ਦੇ ਮਨ ਨੂੰ ਸਕੂਨ ਨਹੀਂ ਮਿਲਦਾ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਪਿਤਾ ਜੀ ਦਾ ਸੁਪਨਾ ਸੀ ਕਿ ਉਨ੍ਹਾਂ ਦਾ ਪੁੱਤਰ ਬਾਹਰ ਅਮਰੀਕਾ ਸੈਟਲ ਹੋਵੇ ਤੇ ਉਨ੍ਹਾਂ ਦੀਆਂ ਦੁਆਵਾਂ ਸਦਕਾ ਅੱਜ ਮੈਂ ਅਮਰੀਕਾ 'ਚ ਪੂਰੀ ਤਰ੍ਹਾਂ ਸੈਟਲ ਹਾਂ। ਉਨ੍ਹਾ ਆਖਿਆ ਕਿ ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੁੰਦਾ ਹੈ ਕਿ ਉਸ ਦਾ ਪੁੱਤਰ ਅਮਰੀਕਾ ਵਿੱਚ ਸੈਟਲ ਹੋ ਗਿਆ ਤੇ ਉਸ ਨੇ ਉਥੇ ਤਰੱਕੀ ਵੀ ਬਹੁਤ ਕਰ ਲਈ, ਪਰ ਉਸ ਦੇ ਪਿਤਾ ਜੀ ਇਹ ਸਭ ਕੁਝ ਦੇਖਣ ਲਈ ਅੱਜ ਦੁਨੀਆ ਵਿੱਚ ਨਹੀਂ ਰਹੇ। ਉਨ੍ਹਾ ਨੇ ਫੋਨ ਉਪਰ ਦੱਸਿਆ ਕਿ ਮੈਨੂੰ ਐੱਸ ਡੀ ਐੱਮ ਸਾਹਿਬ ਵੱਲੋਂ ਸੱਦਾ ਪੱਤਰ ਮਿਲ ਗਿਆ ਹੈ। ਉਹ ਪੰਜਾਬ ਦੀ ਧਰਤੀ ਨੂੰ ਸਿਜਦਾ ਕਰਨ ਲਈ ਤੇ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ ਲਈ 25 ਜਨਵਰੀ ਨੂੰ ਅਮਰੀਕਾ ਤੋਂ ਪੰਜਾਬ ਆ ਰਹੇ ਹਨ। ਉਨ੍ਹਾ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪੰਜਾਬ ਦੇ ਐੱਨ ਆਰ ਆਈਜ਼ ਮਾਮਲਿਆਂ ਬਾਰੇ ਮੰਤਰੀ ਸ੍ਰ. ਕੁਲਦੀਪ ਸਿੰਘ ਧਾਲੀਵਾਲ ਨੂੰ ਨਿੱਜੀ ਤੌਰ 'ਤੇ ਮਿਲ ਕੇ ਐੱਨ ਆਰ ਆਈਜ਼ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਜਾਣੂ ਕਰਵਾਉਣਗੇ। ਉਨ੍ਹਾ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਸਬੰਧੀ ਵਿੱਢੀ ਮੁਹਿਮ, ਜਿਸ ਤਹਿਤ ਵੱਡੇ ਮਗਰਮੱਛ ਕਾਬੂ ਕੀਤੇ ਗਏ ਹਨ, ਉਸ ਦੀ ਭਰਪੂਰ ਸ਼ਲਾਘਾ ਕੀਤੀ।

# ਬੱਸ ਸੇਵਾ ਦੀ ਬਹਾਲੀ ਲਈ ਐੱਸ ਡੀ ਐੱਮ ਦਫਤਰ ਦੇ ਘੇਰਾਓ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਜ਼ਿਲ੍ਹੇ ਦੇ ਦੋ ਬਲਾਕਾਂ ਝੁਨੀਰ ਤੇ ਸਰਦੂਲਗੜ੍ਹ ਦੇ 4 ਰੂਟਾਂ ਦੇ ਬੰਦ ਨੂੰ ਮੁੜ ਬਹਾਲ ਕਰਵਾਉਣ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਨੇ ਐੱਸ ਡੀ ਐੱਮ ਦਫਤਰ ਸਰਦੂਲਗੜ੍ਹ ਦੇ ਘਿਰਾਓ ਦਾ ਐਲਾਨ ਕੀਤਾ ਹੈ। ਇਸ ਮੌਕੇ ਪੱਤਰਕਾਰਾਂ ਨੂੰ ਮੁਖਾਤਿਬ ਹੁੰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਦੱਸਿਆ ਕਿ ਪੀ ਆਰ ਟੀ ਸੀ ਵੱਲੋਂ 4 ਰੂਟਾਂ ਕ੍ਰਮਵਾਰ ਮਾਨਸਾ ਤੋਂ ਤਲਵੰਡੀ ਸਾਬੋ ਵਾਇਆ ਝੁਨੀਰ, ਤਲਵੰਡੀ ਸਾਬੋ ਤੋਂ ਬੁਢਲਾਡਾ ਵਾਇਆ ਰਾਮਾਨੰਦੀ, ਮਾਨਸਾ ਤੋਂ ਸਰਦੂਲਗੜ੍ਹ ਵਾਇਆ ਮੀਰਪੁਰ, ਮਾਨਸਾ ਤੋਂ ਡਿੰਗ ਰੋਡ ਵਾਇਆ ਭਲਾਈਕੇ ਨੂੰ ਬੰਦ ਕੀਤਾ ਹੋਇਆ ਹੈ, ਜਿਸ ਕਾਰਨ ਸਵਾਰੀਆਂ ਤੇ ਸਕੂਲੀ ਬੱਚਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮਜਬੂਰਨ ਬੱਚਿਆਂ ਨੂੰ ਪੈਦਲ ਸਕੂਲ ਜਾਣਾ ਪੈਂਦਾ ਹੈ। ਉਨ੍ਹਾ ਕਿਹਾ ਕਿ ਭਾਵੇਂ ਸਰਕਾਰ ਬਦਲਾਅ ਦੇ ਵੱਡੇ-ਵੱਡੇ ਦਾਅਵੇ ਪੇਸ਼ ਕਰ ਰਹੀ ਹੈ, ਪਰ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਜਨਤਾ ਆਮ ਆਵਾਜਾਈ ਸਹੂਲਤਾਂ ਤੋਂ ਵਾਂਝੀ ਹੈ। ਉਨ੍ਹਾ ਕਿਹਾ ਕਿ ਪਿਛਲੇ ਕਰੀਬ ਛੇ ਮਹੀਨਿਆਂ ਤੋਂ ਇਸ ਸੰਬੰਧੀ ਐੱਸ ਡੀ ਐੱਮ ਸਰਦੂਲਗੜ੍ਹ ਨਾਲ ਵਾਰ-ਵਾਰ ਰਾਬਤਾ ਕੀਤਾ ਜਾ ਚੁੱਕਾ ਹੈ, ਪਰ ਉਨ੍ਹਾਂ ਵੱਲੋਂ ਕੋਈ ਭਰੋਸੇਯੋਗ ਜਵਾਬ ਨਾ ਮਿਲਣ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ 31 ਜਨਵਰੀ ਨੂੰ ਐੱਸ ਡੀ ਐੱਮ ਦਫਤਰ ਸਰਦੂਲਗੜ੍ਹ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਹਰਮੀਤ ਸਿੰਘ ਝੰਡਾ ਕਲਾਂ, ਗੁਰਚਰਨ ਸਿੰਘ ਉੱਲਕ ਬਲਾਕ ਪ੍ਰਧਾਨ ਝੁਨੀਰ, ਬਲਵੀਰ ਸਿੰਘ ਝੰਡੂਕੇ ਬਲਾਕ ਸਰਦੂਲਗੜ੍ਹ ਕਨਵੀਨਰ, ਬਿੰਦਰ ਸਿੰਘ ਭੰਮੇ ਖੁਰਦ ਤੇ ਰਣਜੀਤ ਸਿੰਘ ਬੁਰਜ ਆਦਿ ਮੌਜੂਦ ਰਹੇ।

# ਬੰਦੀ ਸਿੱਖਾਂ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰਹੇਗਾ : ਲਹਿਰਾ, ਸਿੱਧੂ

## 26 ਨੂੰ ਚੰਡੀਗੜ੍ਹ ਵਿਖੇ ਕੌਮੀ ਇਨਸਾਫ ਮੋਰਚੇ 'ਚ ਪਹੁੰਚਣ ਦੀ ਅਪੀਲ



**ਮੱਖੂ (ਰਛਪਾਲ ਸਿੰਘ ਸੰਧੂ)**

ਕੌਮੀ ਇਨਸਾਫ ਮੋਰਚੇ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖਤ ਕਾਨੂੰਨ ਬਣਾਉਣ ਲਈ ਚੰਡੀਗੜ੍ਹ ਵਿਖੇ ਲਗਾਏ ਹੋਏ ਪੱਕੇ ਮੋਰਚੇ ਵਿੱਚ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕੌਮੀ ਇਨਸਾਫ ਮੋਰਚੇ ਵਿੱਚ ਕਿਸਾਨਾਂ ਦੇ ਕਾਫਲੇ ਨਾਲ ਪਹੁੰਚੇ ਹੋਏ ਭਾਰਤੀ ਕਿਸਾਨ ਯੂਨੀਅਨ ਪੰਜਾਬ ਤਹਿਸੀਲ ਜ਼ੀਰਾ ਦੇ ਪ੍ਰਧਾਨ ਪ੍ਰਗਟ ਸਿੰਘ ਲਹਿਰਾ ਤੇ ਮੀਤ ਪ੍ਰਧਾਨ ਡਾ. ਬਲਵੰਤ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਤੇ ਹੋਰ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਵਿਰੁੱਧ ਸਖਤ ਕਾਨੂੰਨ ਬਣਾ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ। ਪ੍ਰਗਟ ਸਿੰਘ ਲਹਿਰਾ ਤੇ ਡਾ. ਬਲਵੰਤ ਸਿੰਘ ਸਿੱਧੂ ਨੇ ਸਮੂਹ ਪੰਜਾਬ ਵਾਸੀਆਂ ਨੂੰ 26 ਜਨਵਰੀ ਨੂੰ ਚੰਡੀਗੜ੍ਹ ਵਿਖੇ ਕੌਮੀ ਇਨਸਾਫ ਮੋਰਚੇ ਵਿੱਚ ਜ਼ਰੂਰ ਪਹੁੰਚਣ ਦੀ ਅਪੀਲ ਕੀਤੀ ਤੇ ਕਿਹਾ ਕਿ ਜਦ ਤੱਕ ਬੰਦੀ ਸਿੱਖਾਂ ਦੀ ਰਿਹਾਈ ਨਹੀਂ ਹੁੰਦੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਨਹੀਂ ਹੁੰਦੀਆਂ, ਉਸ ਵਕਤ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਨਰਿੰਦਰ ਸਿੰਘ ਸੀਹਾਂ ਪਾੜੀ, ਰਾਜ ਬਾਠ ਬੰਬ, ਜੋਗਿੰਦਰ ਸਿੰਘ ਸਭਰਾ, ਸ਼ਿੰਦਰਪਾਲ ਸਿੰਘ ਲਹਿਰਾ, ਬਲਦੇਵ ਸਿੰਘ ਵਾਈਆ, ਮਲਕੀਤ ਸਿੰਘ, ਜੁਗਰਾਜ ਸਿੰਘ ਲਹਿਰਾ, ਨਸੀਬ ਸਿੰਘ ਗੱਟਾ ਬਾਦਸ਼ਾਹ, ਗੁਰਵਿੰਦਰ ਸਿੰਘ ਬਾਹਰਵਾਲੀ, ਗੁਰਲਾਲ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਸੰਗਰੂਰ ਦੇ ਫਰਜ਼ੀ ਫਾਇਨਾਂਸਰ ਖਿਲਾਫ ਫਰਵਰੀ ਦੇ ਦੂਜੇ ਹਫਤੇ ਲੱਗੇਗਾ ਮੋਰਚਾ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਸੰਗਰੂਰ ਦੇ ਬਨਾਸਰ ਬਾਗ ਵਿਖੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਆਗੂ ਲਖਵੀਰ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਇਲਾਕੇ ਦੇ ਸਤਾਏ ਵੱਖ ਵੱਖ ਪਿੰਡਾਂ ਦੇ ਲੋਕਾਂ ਦੀ ਮੀਟਿੰਗ ਕੀਤੀ ਗਈ ਤੇ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਫਰਵਰੀ ਦੇ ਦੂਜੇ ਹਫਤੇ ਫਰਜ਼ੀ ਫਾਇਨਾਂਸਰ ਲੱਖਪੱਤ ਰਾਏ ਦੇ ਘਰ ਅੱਗੇ ਮੋਰਚਾ ਲਗਾਇਆ ਜਾਵੇਗਾ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਆਗੂ ਲਖਵੀਰ ਸਿੰਘ ਲੌਂਗੋਵਾਲ ਤੇ ਸਤਗੁਰ ਸਿੰਘ ਤੂੰਗਾਂ ਨੇ ਕਿਹਾ ਕਿ ਇਹ ਫਾਇਨਾਂਸਰ ਗਰੀਬ ਲੋਕ, ਜਿਨ੍ਹਾਂ ਨੂੰ ਕਿਸੇ ਵੀ ਬੈਂਕ ਜਾਂ ਸੁਸਾਇਟੀ 'ਚੋਂ ਕੋਈ ਵੀ ਕਰਜ਼ਾ ਨਹੀਂ ਮਿਲਦਾ ਤਾਂ ਇਹ ਲੋਕ ਆਪਣੀ ਮਜਬੂਰੀ 'ਚ ਕਰਜ਼ਾ ਲੈਂਦੇ ਹਨ, ਜੋ ਕਿ ਉਪਰੋਕਤ ਫਾਇਨਾਂਸਰ ਲੋਕਾਂ ਨੂੰ ਮੋਟੇ ਵਿਆਜ 'ਤੇ ਪੈਸੇ ਦੇ ਕੇ ਉਨ੍ਹਾਂ ਤੋਂ ਚਾਰ-ਚਾਰ, ਪੰਜ-ਪੰਜ ਖਾਲੀ ਚੈੱਕ ਲੈ ਲੈਂਦਾ ਹੈ, ਜੋ ਕਿ ਬਾਅਦ ਵਿੱਚ ਲੋਕਾਂ ਵੱਲੋਂ ਕਈ ਕਈ ਗੁਣਾਂ ਪੈਸੇ ਮੋੜਨ ਦੇ ਬਾਵਜੂਦ ਉਨ੍ਹਾਂ ਤੋਂ ਲਏ ਗਏ ਖਾਲੀ ਚੈੱਕਾਂ 'ਤੇ ਮੋਟੇ ਪੈਸੇ ਭਰ ਕੇ ਕੋਰਟ ਵਿੱਚ ਲਗਾ ਦਿੱਤੇ ਜਾਂਦੇ ਹਨ, ਜਿਸ ਕੋਲ ਕੋਈ ਵੀ ਫਾਇਨਾਂਸਰ ਦਾ ਕੋਈ ਸਰਟੀਫਿਕੇਟ ਨਹੀਂ ਹੈ। ਇਸ ਕਾਰਨ ਪਿਛਲੇ ਸਮੇਂ ਫਰਜ਼ੀ ਫਾਇਨਾਂਸਰ ਨੂੰ ਲੋਕਾਂ ਵੱਲੋਂ ਕੀਤੇ ਸੰਘਰਸ਼ ਸਦਕਾ ਜੇਲ੍ਹ ਵੀ ਜਾਣਾ ਪਿਆ, ਪਰ ਨਾ ਤਾਂ ਐਕਟ ਤੇ ਨਾ ਹੀ 420 ਦਾ ਪਰਚਾ ਦਰਜ ਕੀਤਾ ਗਿਆ, ਨਾ ਹੀ ਲੋਕਾਂ ਤੋਂ ਲਏ ਗਏ ਖਾਲੀ ਚੈੱਕ ਵਾਪਸ ਕੀਤੇ ਗਏ। ਪੀੜਤ ਲੋਕਾਂ ਵੱਲੋਂ ਉਕਤ ਫਾਈਨਾਂਸਰ ਖਿਲਾਫ 420 ਦਾ ਪਰਚਾ ਦਰਜ ਕਰਵਾਉਣ ਤੇ ਲੋਕਾਂ ਤੋਂ ਲਏ ਗਏ ਖਾਲੀ ਚੈੱਕ ਵਾਪਸ ਕਰਵਉਣ ਲਈ ਲੱਖਪੱਤ ਰਾਏ ਦੇ ਘਰ ਅੱਗੇ ਮੋਰਚਾ ਲਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੀਆਂ ਪਿੰਡਾਂ ਅੰਦਰ ਤਿਆਰੀ ਲਈ ਮੀਟਿੰਗਾਂ, ਰੈਲੀਆਂ ਕੀਤੀਆਂ ਜਾਣਗੀਆਂ। ਹੋਰਨਾਂ ਤੋਂ ਇਲਾਵਾ ਹਾਕਮ ਸਿੰਘ, ਪਵਨ ਕੁਮਾਰ, ਸੰਦੀਪ ਖਾਂ, ਅਵਤਾਰ ਸਿੰਘ, ਜਸਵੀਰ ਕੌਰ ਆਦਿ ਹਾਜ਼ਰ ਸਨ।

# ਖੂਨੀ ਡੋਰ ਦੀ ਵਿਕਰੀ 'ਤੇ ਸਪਲਾਈ ਨੂੰ ਨਾ ਰੋਕ ਪਾਉਣਾ ਸਰਕਾਰ ਦੀ ਨਕਾਮੀ : ਡੱਲੇਵਾਲ

**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੇ ਸੀਨੀਅਰ ਆਗੂ ਤੇ ਸੂਬਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸਰਕਾਰ ਹਰ ਸਾਲ ਕਹਿੰਦੀ ਹੈ ਕਿ ਚਾਈਨਾ ਡੋਰ ਮਨੁੱਖੀ ਜ਼ਿੰਦਗੀਆਂ ਤੇ ਜੀਵ-ਜੰਤੂਆਂ ਲਈ ਬਹੁਤ ਖਤਰਨਾਕ ਹੈ, ਇਸ ਲਈ ਸਰਕਾਰ ਨੇ ਇਹ ਸਖਤੀ ਨਾਲ ਬੈਨ ਕੀਤੀ ਹੋਈ ਹੈ ਤਾਂ ਫਿਰ ਇਹ ਡੋਰ ਅਸਾਨੀ ਨਾਲ ਉਪਲੱਬਧ ਕਿਵੇਂ ਹੈ। ਜੇਕਰ ਇਹ ਏਥੇ ਹੀ ਬਣਦੀ ਹੈ ਤਾਂ ਫੇਰ ਸਰਕਾਰ ਇਸ ਨੂੰ ਬਣਾਉਣ ਵਾਲਿਆਂ ਉੱਪਰ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੀ? ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਇਸ ਖੂਨੀ ਡੋਰ ਨਾਲ ਰੋਜ਼ਾਨਾ ਬੱਚੇ ਤੇ ਜੀਵ-ਜੰਤੂ ਸ਼ਿਕਾਰ ਹੋ ਰਹੇ ਹਨ ਅਤੇ ਕੀਮਤੀ ਜਾਨਾਂ ਜਾ ਰਹੀਆਂ ਹਨ ਤੇ ਇਸ ਲਈ ਜਿੱਥੇ ਵੀ ਇਸ ਖੂਨੀ ਡੋਰ ਨਾਲ ਕੋਈ ਘਟਨਾ ਹੁੰਦੀ ਹੈ, ਉਸ ਦੇ ਲਈ ਉਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਤੇ ਸੰਬੰਧਤ ਥਾਣਾ ਮੁਖੀ ਵੀ ਉਸ ਘਟਨਾ ਦੇ ਲਈ ਦੋਸ਼ੀ ਹੈ, ਕਿਉਂਕਿ ਪ੍ਰਸ਼ਾਸਨ ਦੀ ਨਾਕਾਮੀ ਕਾਰਨ ਹੀ ਇਹ ਹਵਾ ਵਿੱਚ ਮੌਤ ਵੰਡਣ ਵਾਲੀ ਡੋਰ ਉੱਡ ਰਹੀ ਹੈ, ਜਿਸ ਕਾਰਨ ਸੜਕ ਉੱਪਰ ਜਾਂਦੇ ਹੋਏ ਰਾਹਗੀਰਾਂ ਲਈ ਹਰ ਸਮੇਂ ਮੌਤ ਦਾ ਖੌਅ ਬਣਿਆ ਰਹਿੰਦਾ ਹੈ। ਅਣਗਿਣਤ ਘਟਨਾਵਾਂ ਤੇ ਸਰਕਾਰੀ ਕਤਲ ਹੋ ਰਹੇ ਹਨ, ਜਿਸ ਦੇ ਲਈ ਚਾਈਨਾ ਡੋਰ ਵੇਚਣ ਵਾਲੇ ਤੇ ਚਾਈਨਾ ਡੋਰ ਨਾਲ ਪਤੰਗ ਉਡਾਉਣ ਵਾਲੇ ਵਿਅਕਤੀ ਵੀ ਜ਼ਿੰਮੇਵਾਰ ਹਨ, ਇਸ ਲਈ ਚਾਈਨਾ ਡੋਰ ਨਾਲ ਪਤੰਗਬਾਜ਼ੀ ਕਰਨ ਵਾਲਾ ਚਾਹੇ ਕੋਈ ਵੱਡਾ ਹੈ ਜਾਂ ਛੋਟਾ ਹੈ, ਉਸ ਉੱਪਰ ਵੀ ਪੁਲਸ ਰਿਪੋਰਟ ਦਰਜ ਹੋਣੀ ਚਾਹੀਦੀ ਹੈ। ਡੱਲੇਵਾਲ ਨੇ ਕਿਹਾ ਕਿ ਉਹ ਪੰਜਾਬ ਪੁਲਸ ਦੇ ਸਾਰੇ ਅਫਸਰ ਸਾਹਿਬਾਨ ਨੂੰ ਅਪੀਲ ਕਰਦੇ ਹਨ ਕਿ ਇਸ ਖੂਨੀ ਡੋਰ ਨੂੰ ਕੰਟਰੋਲ ਕਰਨ ਲਈ ਸਖਤੀ ਨਾਲ ਪੇਸ਼ ਆਉਣ ਤੇ ਉਨ੍ਹਾਂ ਮਾਪਿਆਂ ਨੂੰ ਵੀ ਸ਼ਰਮ ਆਉਣੀ ਚਾਹੀਦੀ ਹੈ, ਜੋ ਖੁਦ ਬੱਚਿਆਂ ਨਾਲ ਜਾ ਕੇ ਇਹ ਖੂਨੀ ਚਾਈਨਾ ਡੋਰ ਲੈ ਕੇ ਦੇ ਰਹੇ ਹਨ। ਡੱਲੇਵਾਲ ਨੇ ਕਿਹਾ ਕਿ ਉਨ੍ਹਾਂ ਮਾਪਿਆਂ ਨੂੰ ਅਕਲ ਉਸ ਸਮੇਂ ਆਵੇਗੀ, ਜਦੋਂ ਇਹ ਘਟਨਾ ਉਨ੍ਹਾਂ ਦੇ ਆਪਣੇ ਧੀ-ਪੁੱਤ ਨਾਲ ਹੋਵੇਗੀ।

# 114 ਸਿਖਲਾਈ ਪ੍ਰਾਪਤ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ



**ਮਮਦੋਟ/ਫਿਰੋਜ਼ਪੁਰ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ/ਅਸ਼ੋਕ ਸ਼ਰਮਾ)**-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਅਧੀਨ ਸਰਹੱਦੀ ਪਿੰਡ ਰੁਹੇਲਾ ਹਾਜੀ ਵਿਖੇ ਐਡਵੋਕੇਟ ਰਜਨੀਸ਼ ਦਹੀਆ ਤੇ ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਹਰਚੰਦ ਸਿੰਘ ਗਿੱਲ ਨੇ ਪਿੰਡ ਰੁਹੇਲਾ ਹਾਜੀ ਵਿਖੇ ਸਿਖਲਾਈ ਪ੍ਰਾਪਤ ਲੜਕੀਆਂ ਨੂੰ ਬੀ.ਏ.ਡੀ.ਪੀ ਤਹਿਤ ਗੁਰੂ ਨਾਨਕ ਐਜੂਕੇਸ਼ਨ ਵੈਲਫੇਅਰ ਚੈਰੀਟੇਬਲ ਸੁਸਾਇਟੀ ਵੱਲੋਂ ਸਿਖਲਾਈ ਪ੍ਰਾਪਤ ਲੜਕੀਆਂ ਨੂੰ ਸਰਟੀਫਿਕੇਟ ਤੇ 114 ਸਿਲਾਈ ਮਸ਼ੀਨਾਂ ਵੰਡੀਆਂ। ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਕਿਹਾ ਕਿ ਸਿਖਲਾਈ ਪ੍ਰਾਪਤ ਲੜਕੀਆਂ ਹੁਨਰਮੰਦ ਹੋ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋ ਕੇ ਆਪਣਾ ਤੇ ਆਪਣੇ ਪਰਵਾਰ ਦਾ ਗੁਜ਼ਾਰਾ ਕਰ ਸਕਣਗੀਆਂ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਆ ਨੇ ਸਿਲਾਈ ਟੀਚਰ ਮੈਡਮ ਅਮਨਪ੍ਰੀਤ ਕੌਰ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਰਹੱਦੀ ਪਿੰਡਾਂ ਦੀਆਂ ਲੜਕੀਆਂ ਨੂੰ ਸਿਖਾ ਕੇ ਹੁਨਰਮੰਦ ਬਣਾਇਆ।

ਇਸ ਮੌਕੇ ਸੰਜੀਵ ਕੁਮਾਰ ਮੈਣੀ ਅੰਕੜਾ ਵਿਭਾਗ, ਡਾ. ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ, ਮੇਜਰ ਸਿੰਘ ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਬਲਵਿੰਦਰ ਸਿੰਘ ਲੱਡੂ ਹਜ਼ਾਰਾ ਸਿੰਘ ਵਾਲਾ, ਬਲਵਿੰਦਰ ਸਿੰਘ ਰਾਉਕੇ, ਬਲਰਾਜ ਸਿੰਘ ਸੰਧੂ, ਗੁਰਨਾਮ ਸਿੰਘ ਸਰਕਲ ਪ੍ਰਧਾਨ, ਡਾ ਹਰਜਿੰਦਰ ਸਿੰਘ ਸਿੰਧੀ, ਦਲਜੀਤ ਸਿੰਘ ਉਪ ਪ੍ਰਧਾਨ ਨਗਰ ਪੰਚਾਇਤ, ਸੰਜੀਵ ਕੁਮਾਰ ਧਵਨ, ਐਮ ਸੀ ਬਲਵਿੰਦਰ ਸਿੰਘ ਸੇਠਾ ਵਾਲਾ, ਬਲਾਕ ਪ੍ਰਧਾਨ ਬਲਵੀਰ ਸਿੰਘ ਫੱਤੇਵਾਲਾ ਹਿਠਾੜ, ਸਾਬਕਾ ਐਮ ਸੀ ਸ਼ਿੰਗਾਰਾ ਸਿੰਘ ਸਾਹਨ ਕੇ, ਸਰਪੰਚ ਨਿਸ਼ਾਨ ਸਿੰਘ ਸ਼ਹਿਰੀਆ, ਗੁਰਮੀਤ ਸਿੰਘ ਹੀਰਾ ਸੇਠਾ ਵਾਲਾ, ਡਾ. ਸੁਖਵਿੰਦਰ ਸਿੰਘ ਮਮਦੋਟ, ਸਰਕਲ ਪ੍ਰਧਾਨ ਪਰਮਜੀਤ ਸਿੰਘ ਨਿਹਾਲਾ ਕਿਲਚਾ, ਮਾਸਟਰ ਹਰਜਿੰਦਰ ਸਿੰਘ ਹਜਾਰਾ, ਮਾਸਟਰ ਜਸਦੇਵ ਸਿੰਘ ਗੰਦੂ ਕਿਲਚਾ, ਸਰਪੰਚ ਰੂਪ ਸਿੰਘ ਰੁਹੇਲਾ ਹਾਜੀ, ਸਰਪੰਚ ਗੁਰਨਾਮ ਸਿੰਘ ਸਾਵਨ ਸਿੰਘ ਵਾਲਾ ਤੇ ਸਿਖਲਾਈ ਟੀਚਰ ਮੈਡਮ ਅਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਵੱਲੋਂ ਸੋਹਣੇ ਵਾਲਾ 'ਚ ਨੁੱਕੜ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਸੋਹਣੇ ਵਾਲਾ ਵਿਖੇ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਇਕਾਈ ਪ੍ਰਧਾਨ ਅਮ੍ਰਿਤਪਾਲ ਸਿੰਘ ਮੈਂਬਰ ਪੰਚਾਇਤ ਨੇ ਕੀਤੀ। ਇਸ ਮੀਟਿੰਗ ਵਿੱਚ ਮਜ਼ਦੂਰ ਮਰਦ ਔਰਤਾਂ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਨੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਵੱਡੀ ਗਿਣਤੀ ਵਿੱਚ ਦਾਣਾ ਮੰਡੀ ਮਲੋਟ ਪਹੁੰਚਣ ਤਾਂ ਕਿ ਮੰਤਰੀ ਬੀਬੀ ਬਲਜੀਤ ਕੌਰ ਦੇ ਘਰ ਵੱਲ ਮਾਰਚ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਹੋ ਸਕੇ। ਉਨ੍ਹਾਂ ਕਿਹਾ ਕਿ 9 ਫਰਵਰੀ ਨੂੰ ਮੰਤਰੀ ਬੀਬੀ ਬਲਜੀਤ ਕੌਰ ਦੇ ਘਰ ਵੱਲ ਮਜ਼ਦੂਰ ਜਥੇਬੰਦੀਆਂ ਵੱਲੋਂ ਰੋਹ ਭਰਪੂਰ ਮਾਰਚ ਕਰਕੇ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗਰੀਬ ਦਲਿਤ ਮਜ਼ਦੂਰਾਂ ਨੂੰ ਉੱਕਾ ਹੀ ਨਜ਼ਰ ਅੰਦਾਜ਼ ਕੀਤਾ ਹੋਇਆ ਤੇ ਪੰਜਾਬ ਪੱਧਰ 'ਤੇ ਵੱਡੇ ਮੋਰਚੇ ਲਾਉਣ ਬਾਅਦ ਦੋ ਵਾਰ ਮੀਟਿੰਗ ਦਾ ਸਮਾਂ ਦੇ ਕੇ ਵੀ ਮੁੱਖ ਮੰਤਰੀ ਮੀਟਿੰਗ ਤੋਂ ਭਜਦੇ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਵਿਸ਼ਾਲ ਧਰਨਾ ਪ੍ਰਦਰਸ਼ਨ ਕਰਕੇ ਮੰਗ ਪੱਤਰ ਸੌਂਪੇ ਜਾਣਗੇ। ਜੇਕਰ ਫਿਰ ਵੀ ਸਰਕਾਰ ਨੇ ਸੰਜੀਦਗੀ ਨਾ ਦਿਖਾਈ ਤਾਂ ਮਜ਼ਦੂਰ ਜਥੇਬੰਦੀਆਂ ਵੱਡਾ ਐਕਸ਼ਨ ਕਰਨ ਲਈ ਮਜਬੂਰ ਹੋਣਗੀਆਂ। ਉਨ੍ਹਾ ਕਿਹਾ ਕਿ ਮਜ਼ਦੂਰ ਜਥੇਬੰਦੀਆਂ ਵੱਲੋਂ 9 ਫਰਵਰੀ ਤੱਕ ਪਿੰਡ ਪਿੰਡ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਹੇਗਾ।

## ਮੁਢਲਾ ਸਿਹਤ ਕੇਂਦਰ ਜੰਡਿਆਲਾ ਨੂੰ 'ਆਮ ਆਦਮੀ ਕਲੀਨਿਕ' 'ਚ ਤਬਦੀਲ ਕਰਨ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ



ਨੂਰਮਹਿਲ: (ਬਾਲੀ) : ਮੁਢਲਾ ਸਿਹਤ ਕੇਂਦਰ ਜੰਡਿਆਲਾ ਦਾ ਦਰਜਾ ਵਧਾਉਣ ਦੀ ਬਜਾਏ ਘਟਾ ਕੇ 'ਆਮ ਆਦਮੀ ਕਲੀਨਿਕ' 'ਚ ਤਬਦੀਲ ਕਰਨ ਦੇ ਵਿਰੋਧ 'ਚ ਇਲਾਕਾ ਨਿਵਾਸੀਆਂ ਨੇ ਅੱਜ ਸਿਹਤ ਕੇਂਦਰ ਦੇ ਬਾਹਰ ਜ਼ਬਰਦਸਤ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਲਿਖਤੀ ਰੂਪ ਵਿਚ ਵਿਰੋਧ-ਪੱਤਰ ਦਿੱਤੇ ਜਾਣ ਦੇ ਬਾਵਜੂਦ ਕੋਈ ਹਿਲਜੁਲ ਨਾ ਹੋਣਾ ਸਰਕਾਰ ਪਾਸੋਂ ਹਕੀਕਤ ਛੁਪਾ ਕੇ ਸਰਕਾਰ ਦੀ ਕਿਰਕਰੀ ਕਰਵਾਉਣ ਦੀ ਚਾਲ ਹੈ। ਬੀਤੇ ਦਿਨ ਜੰਡਿਆਲਾ ਅਤੇ ਆਸਪਾਸ ਦੇ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਦਾ ਇਕੱਠ ਜੰਡਿਆਲਾ ਲੋਕ ਭਲਾਈ ਮੰਚ ਦੇ ਮੀਟਿੰਗ ਹਾਲ ਵਿੱਚ ਹੋਇਆ, ਜਿਸ ਵਿੱਚ ਗਰਾਮ ਪੰਚਾਇਤ ਜੰਡਿਆਲਾ ਦੇ ਜਨਰਲ ਇਜਲਾਸ ਵਿੱਚ ਵੱਖਰੀ ਤਿਆਰ ਬਿਲਡਿੰਗ ਦੇਣ ਦਾ ਮਤਾ ਭੇਜੇ ਜਾਣ ਦੇ ਬਾਜੂਦ ਸਰਕਾਰ ਵੱਲੋਂ ਮੁਢਲਾ ਸਿਹਤ ਕੇਂਦਰ ਜੰਡਿਆਲਾ ਦੀ ਮੁੱਖ ਇਮਾਰਤ ਵਿੱਚ ਚੱਲ ਰਹੀ ਓ ਪੀ ਡੀ ਬੰਦ ਕਰਕੇ ਮੁਹੱਲਾ ਕਲੀਨਿਕ ਦਾ ਬੋਰਡ ਲਾਉਣ ਦਾ ਨੋਟਿਸ ਲਿਆ ਗਿਆ। ਇਸ ਸੰਬੰਧੀ ਸਿਹਤ ਮਹਿਕਮੇ ਦੇ ਜ਼ਿਲ੍ਹਾ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਨੂੰ ਇਤਰਾਜ਼ ਪੱਤਰ ਸੌਂਪੇ ਗਏ ਪਰ ਕਿਸੇ ਨੇ ਵੀ ਲੋਕਾਂ ਦੀ ਗੱਲ ਸੁਣਨ ਦਾ ਯਤਨ ਨਹੀਂ ਕੀਤਾ। ਰੋਸ ਵਜੋਂ ਅੱਜ ਲੋਕਾਂ ਨੇ ਮੁਢਲਾ ਸਿਹਤ ਕੇਂਦਰ ਜੰਡਿਆਲਾ ਦੇ ਬਾਹਰ ਪ੍ਰਦਰਸ਼ਨ ਕੀਤਾ। ਹਾਜ਼ਰ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਪਿੰਡ-ਪਿੰਡ ਸਿਹਤ ਸਹੂਲਤਾਂ ਪਹੁੰਚਾਉਣ ਦੀ ਨੀਤੀ ਦੀ ਸ਼ਲਾਘਾ ਕੀਤੀ ਪਰ ਪਹਿਲਾਂ ਤੋਂ ਚੱਲ ਰਹੇ ਪ੍ਰਾਇਮਰੀ ਹੈਲਥ ਸੈਂਟਰਾਂ ਦੀਆਂ ਇਮਾਰਤਾਂ ਵਿੱਚ 'ਮੁਹੱਲਾ ਕਲੀਨਿਕ' ਖੋਲ੍ਹਣ ਦਾ ਵਿਰੋਧ ਕੀਤਾ। ਰੋਸ ਧਰਨੇ ਵਿੱਚ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ ਚੱਲ ਰਹੇ 10 ਬੈੱਡ ਦੇ ਹਸਪਤਾਲ ਨੂੰ 'ਮੁਹੱਲਾ ਕਲੀਨਿਕ' ਵਿੱਚ ਤਬਦੀਲ ਕਰਨ ਦਾ ਫੈਸਲਾ ਨਾ ਬਦਲਿਆ ਗਿਆ ਤਾਂ 27 ਜਨਵਰੀ ਨੂੰ ਇਸ 'ਮੁਹੱਲਾ ਕਲੀਨਿਕ' ਦਾ ਉਦਘਾਟਨ ਨਹੀਂ ਕਰਨ ਦਿੱਤਾ ਜਾਵੇਗਾ। ਇਸ ਸੰਬੰਧੀ 21 ਮੈਂਬਰੀ "ਮੁਢਲਾ ਸਿਹਤ ਕੇਂਦਰ ਬਚਾਓ ਸੰਘਰਸ਼ ਕਮੇਟੀ" ਬਣਾਈ ਗਈ ਜੋ ਲੋਕਾਂ ਦੀ ਸਲਾਹ ਨਾਲ ਅਗਲਾ ਪ੍ਰੋਗਰਾਮ ਉਲੀਕੇਗੀ।

## ਘਰ 'ਚ ਨੌਕਰ ਰੱਖਣ ਤੋਂ ਪਹਿਲਾਂ ਥਾਣੇ 'ਚ ਸੂਚਨਾ ਜ਼ਰੂਰੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਕਾਰਜਕਾਰੀ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਪੁਲਸ, ਅੰਮ੍ਰਿਤਸਰ ਸ਼ਹਿਰ, ਪਰਮਿੰਦਰ ਸਿੰਘ ਭੰਡਾਲ, ਪੀਪੀਐੱਸ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਨਿਮਨ ਹਸਤਾਖਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆਂ ਅਧੀਨ ਮੁਕੰਮਲ ਤੌਰ 'ਤੇ ਪਾਬੰਦੀ ਲਗਾਉਂਦਾ ਹਾਂ ਕਿ ਕੋਈ ਵੀ ਵਿਅਕਤੀ/ਪਰਿਵਾਰ ਆਪਣੇ ਘਰੇਲੂ ਕੰਮ ਲਈ ਨੌਕਰ ਰੱਖਣ ਤੋਂ ਪਹਿਲਾਂ ਉਸ ਦੀ ਪੱਕੀ ਰਿਹਾਇਸ਼ ਸਬੰਧੀ ਸਾਰੇ ਕਾਗਜ਼ਾਤ ਜਿਵੇਂ ਕਿ ਨਾਮ, ਪਤਾ, ਥਾਣਾ, ਫੋਟੋ ਸਮੇਤ ਮੋਬਾਇਲ ਨੰਬਰ ਸਬੰਧੀ ਥਾਣੇ ਨੂੰ ਮੁਹੱਈਆ ਕਰਵਾਏਗਾ ਅਤੇ ਸਬੰਧਤ ਮੁੱਖ ਅਫ਼ਸਰ ਥਾਣਾ ਉਸ ਵਿਅਕਤੀ ਦੀ ਪੁਲਸ ਵੈਰੀਫਿਕੇਸ਼ਨ ਉਸਦੀ ਪੱਕੀ ਰਿਹਾਇਸ਼ ਦੇ ਥਾਣੇ ਤੋਂ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ। ਇਹ ਹੁਕਮ ਇੱਕਤਰਫਾ ਪਾਸ ਕੀਤਾ ਜਾਂਦਾ ਹੈ। ਇਹ ਹੁਕਮ 23 ਮਾਰਚ 2023 ਤੱਕ ਲਾਗੂ ਰਹੇਗਾ।

## ਬੀਕੇਟੀ ਟਾਇਰਜ਼ ਨੇ 'ਮੁਸਕਰਾਏਗਾ ਇੰਡੀਆ' ਨਾਲ ਦਿੱਤੀ ਸਲਾਮੀ

ਚੰਡੀਗੜ੍ਹ : ਆਫ-ਹਾਈਵੇ ਟਾਇਰ ਖੇਤਰ ਵਿੱਚ ਮਸ਼ਹੂਰ ਭਾਰਤੀ ਬਹੁਰਾਸ਼ਟਰੀ ਕੰਪਨੀ ਬਾਲਕ੍ਰਿਸ਼ਨ ਇੰਡਸਟ੍ਰੀਜ਼ ਲਿਮਟਿਡ, (ਬੀਕੇਟੀ) ਨੇ ਗਣਤੰਤਰ ਦਿਵਸ ਮੌਕੇ ਇੱਕ ਉਤਸ਼ਾਹਜਨਕ ਗੀਤ 'ਮੁਸਕਰਾਏਗਾ ਇੰਡੀਆ' ਜਾਰੀ ਕੀਤਾ ਹੈ। ਇਹ ਗੀਤ ਅਰਥਵਿਵਸਥਾ ਦਾ ਆਕਾਰ ਪ੍ਰਦਾਨ ਕਰਦਾ ਹੈ। ਇਹ ਗੀਤ ਉਸ ਮਹੱਤਵਪੂਰਨ ਭੂਮਿਕਾ ਬਾਰੇ ਹੈ ਜੋ ਭਾਰਤੀ ਸੈਨਿਕ ਰਾਸ਼ਟਰ ਦੀ ਮਜ਼ਬੂਤੀ ਲਈ ਥੰਮ੍ਹ ਬਣ ਕੇ ਸਰਹੱਦਾਂ 'ਤੇ ਨਿਭਾਉਂਦੇ ਹਨ। ਜੇ ਜਸਟ ਮਿਊਜ਼ਿਕ ਨੇ 'ਮੁਸਕਰਾਏ ਇੰਡੀਆ' ਨੂੰ ਤਿਆਰ ਕੀਤਾ ਹੈ, ਜੋ ਕਿਸਾਨ ਅਤੇ ਲਿਵਿੰਗਜ਼ ਕੇਅਰ ਨੂੰ ਸਲਾਮ ਕਰਦੇ ਹਨ।

ਫੌਜੀ ਵੀਰਾਂ ਨੇ ਸਾਡੀਆਂ ਸਰਹੱਦਾਂ ਦੀ ਰਾਖੀ ਕਰਨ ਦੇ ਨਾਲ-ਨਾਲ ਸਾਡੀ ਜ਼ਮੀਨ 'ਤੇ ਖੇਤੀ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਬੀਕੇਟੀ 'ਮੁਸਕਰਾਏ ਇੰਡੀਆ' ਗੀਤ ਦੇ ਜ਼ਰੀਏ ਦੇਸ਼ ਨੂੰ ਸਲਾਮ ਕਰਦੇ ਹਨ। 'ਮੁਸਕਰਾਏਗਾ ਇੰਡੀਆ' ਸਾਡੀ ਪੂਰੀ ਕੰਪਨੀ ਦੀ ਗੱਲ ਹੈ ਕਿ ਲੋਕ ਕੌਂਸਲਰ ਹੈ, ਜੋ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ।


### ਉੱਤਰ ਰੇਲਵੇ
### ਈ-ਨੀਲਾਮੀ

G20 | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਵਾਰਾ ਮੰਡਲ ਦੇ ਵੱਖ-ਵੱਖ ਸਟੇਸ਼ਨਾਂ ਉਤੇ ਰੇਲ ਕੋਚ ਰੇਸਟੋਰੇਂਟ ਦਾ ਠੇਕਾ ਪੰਜ ਸਾਲ ਦੇ ਲਈ ਅਲਾਟਮੈਂਟ ਕਰਨ ਲਈ ਈ-ਨੀਲਾਮੀ ਮੰਗ ਕੀਤਾ ਜਾਂਦਾ ਹੈ।

| SN | Asset No. | Lot No. | Name of Stations | Date & Time of Auction |
|---|---|---|---|---|
| 1 | MSS-FZR-JAT-RCR-23-23-1 | EAFZR-MIS23-4 | ਜੰਮੂ ਤਵੀ | 03.02.2023 at 11.30 Hrs. |
| 2 | MSS-FZR-JUC-RCR-20-22-1 | EAFZR-MIS23-4 | ਜਲੰਧਰ ਸਿਟੀ | 03.02.2023 at 11.30 Hrs. |

ਪੂਰੀ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in ਉਤੇ ਉਪਲਬਧ ਹੈ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 258/23


### ਆਮ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਮੇਰੇ ਪਲਾਟ ਨੰ. 398, ਲੰਬਾਈ 75 ਫੁੱਟ, ਚੌੜਾਈ 30 ਫੁੱਟ ਕੁੱਲ ਰਕਬਾ 250 ਵਰਗ ਗਜ਼, ਖਸਰਾ ਨੰ. 58//15, ਮਿੰਨ ਖੇਵਟ ਖਤੌਨੀ ਨੰ. 139/307 ਜਮ੍ਹਾਂਬੰਦੀ ਸਾਲ 2008/2009 ਵਾਕਿਆ ਰਕਬਾ ਪੰਡੋਰੀ ਵੜੈਚ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਅਬਾਦੀ ਐੱਸ ਜੀ ਇਨਕਲੇਵ ਫੇਜ਼-1, ਪੁੱਡਾ ਤੋਂ ਮਨਜ਼ੂਰਸ਼ੁਦਾ ਕਾਲੋਨੀ, ਜਿਸ ਦਾ ਲਾਇਸੈਂਸ ਨੰਬਰ ਐੱਲ ਡੀ ਸੀ 2004/141 ਮਿਤੀ 24-8-2004 ਅਨੁਸਾਰ ਮਿਲ ਚੁੱਕਾ ਹੈ ਤੇ ਮੇਰੀ ਮਾਲਕੀ ਰਾਹੀਂ ਬੈਨਾਮਾ ਤਸਦੀਕੀ ਮਿਤੀ 6-6-2007 ਵਸੀਕਾ ਨੰ. 3472, ਵਹੀ ਨੰ. 1, ਜਿਲਦ ਨੰ. 2938 ਸਫਾ ਨੰ. 22/23 ਤੇ ਮਿਤੀ 6-6-2007 ਨੂੰ ਦਰਜ ਤਸਦੀਕੀ ਸਬ-ਰਜਿਸਟਰਾਰ ਅੰਮ੍ਰਿਤਸਰ ਅਨੁਸਾਰ ਖਰੀਦ ਕੀਤੀ ਹੋਈ ਹੈ, ਦੇ ਦਸਤਾਵੇਜ਼ ਕਿਤੇ ਗੁੰਮ ਹੋ ਗਏ ਹਨ, ਜਿਸ ਦੀ ਮੈਂ ਪੁਲਸ ਸ਼ਿਕਾਇਤ ਬੱਸ ਸਟੈਂਡ ਪੁਲਸ ਸਟੇਸ਼ਨ ਬਟਾਲਾ ਵਿਖੇ ਐੱਸ ਆਰ ਨੰ. 302664/2022 ਮਿਤੀ 30-12-2022 ਅਧੀਨ ਦਰਜ ਕਰਵਾਈ ਹੋਈ ਹੈ। ਜੇਕਰ ਮੇਰੇ ਉਕਤ ਪਲਾਟ ਦੇ ਦਸਤਾਵੇਜ਼ ਕਿਸੇ ਨੂੰ ਮਿਲਣ ਤਾਂ ਮੇਰੇ ਪਤੇ 'ਤੇ ਸੂਚਿਤ ਕਰੋ।

**Before the District Consumer Disputes Redressal Commission, SCO No. 100, Adjoing Hotel PR Residency, Block-B, Ranjit Aveue, Amritsar**

CC No. 605 of 2022

Sh. Gladson Balbir Hans S/o Balbir Masih Flat No. 201, Bhimani Plaza, Preetam Near Hanuman Temple, Upparpalli, Rajendranagar, Rangareddi Andhra Pradesh at Amritsar C/o Balbir Masih S/o Sh. Tara Masih, H. No. 480, Kirpal Colony Tung Bala, Majitha Road, Amritsar ... Complainat

Versus 1. M/s S.K. Vikas Producer Company Ltd., through its Chairman/President/Director/Authorized Officer Regd. Office Mauja Sabji Mandi, Kami Road Sonepat. Service also Branch office 72-73 Railway Link Road, Amritsar, Phone No. 0183-5014515, 2. Sh. Malook Singh Uppal M/s S.K. Vikas Producer Company Ltd. R/o H.No. 95, NRI Colony, Loharka Road, Amritsar also at: Vill. Fatoobhila Near Chawinda Devi, Tehsil & Distt. Amritsar ....Opposite Parties

Whereas it has been proved to the satisfaction of this Commission that opposite Parties No.1 & 2 named above cannot be served by ordinary process and was. therefore, ordered to be served through substituted service. Notice is being issued to the above named opposite party No. 1 & 2 to appear before this Commission either personally or through duly authorized agent/counsel on 25.1.2023 failing which ex-parte proceedings shall be heard against the above named opposite parties. No. 1& 2

Issued on this 20th day of December 2022
(Jagdishwar Kumar Chopra) President,
Distt. Consumer Disputes Redressal Commission, Amritsar.
Dec/Asr/30/23 Date 10/1/23

**Before the District Consumer Disputes Redressal Commission, SCO No. 100, Adjoing Hotel PR Residency, Block-B, Ranjit Aveue, Amritsar**

CC No. 606 of 2022

Smt. Amanpreet Kaur W/o Gladson Balbir Hans Flat No. 201, Bhimani Plaza, Preetam Near Hanuman Temple, Upparpalli, Rajendranagar, Rangareddi Andhra Pradesh at Amritsar C/o Balbir Masih S/o Sh. Tara Masih, H. No. 480, Kirpal Colony Tung Bala, Majitha Road, Amritsar ... Complainat

Versus 1. M/s S.K. Vikas Producer Company Ltd., through its Chairman/President/Director/Authorized Officer Regd. Office Mauja Sabji Mandi, Kami Road Sonepat. Service also Branch office 72-73 Railway Link Road, Amritsar, Phone No. 0183-5014515 2. Sh. Malook Singh Uppal M/s S.K. Vikas Producer Company Ltd. R/o H.No. 95, NRI Colony, Loharka Road, Amritsar also at: Vill. Fatoobhila Near Chawinda Devi, Tehsil & Distt. Amritsar ....Opposite Parties

Whereas it has been proved to the satisfaction of this Commission that opposite Parties No.1 & 2 named above cannot be served by ordinary process and was. therefore, ordered to be served through substituted service. Notice is being issued to the above named opposite party No. 1 & 2 to appear before this Commission either personally or through duly authorized agent/counsel on 25.1.2023 failing which ex-parte proceedings shall be heard against the above named opposite parties. No. 1& 2

Issued on this 20th day of December 2022
(Jagdishwar Kumar Chopra) President,
Distt. Consumer Disputes Redressal Commission, Amritsar.
Dec/Asr/25/23 Date 10/1/23

**Before the District Consumer Disputes Redressal Commission, SCO No. 100, Adjoining Hotel P.R. Residency, Block B, Ranjit Avenue, Amritsar**

CC No. 542 of 2022

Sh. Joy Balbir Hans S/o Balbir Masih, H.No. 480, Kirpal Colony, Tung Bala, Majitha Road, Amritsar. ............Complainant

Versus : 1. M/s. Sarvotam Hi-Tech Infra Developers Ltd. through its MD/CEO/ Authorized Officer, 1-2, Deep Complex, Opp. Doaba Automobiles, Court Road, Amritsar sevices also at 72-73, Railway Link Road, Amritsar. Phone No. 0183-5014545. 2. Sh. Malook Singh Uppal CMD/Partner M/s. Sarvotam Hi-Tech Infra Developers Ltd., R/o House No. 95, NRI Colony, Loharka Road, Amritsar. Service also at- Village Fatoobhila Near Chawinda Devi, Tehsil and Distt. Amritsar. 3. Sh. Jagjit Singh Director of M/s. Sarvotam Hi Tech Infra Developers Ltd. R/o V.P.O. Varpal Kalan, Tehsil and Distt. Amritsar. 4. Gurpreet Singh Uppal Director of M/s. Sarvotam Hi Tech Infra Developers Ltd. Village Fatubhilla, District Amritsar. 5. Mr. Patras Chhabra Marketing Manager M/s. Sarvotam Hi Tech Infra Developers Ltd. R/o Gali No.1, Near Polispoint, Rattan Singh Chowk, Fatehgarh Churian Road, Amritsar. M.-98882746823 ....Opposite parties

Whereas it has been proved to the satisfaction of this Commission that opposite Parties No.1 to 4 named above cannot be served by ordinary process and was. therefore, ordered to be served through substituted service. Notice is being issued to the above named opposite party No. 1 to 4 to appear before this Commission either personally or through duly authorized agent/counsel on 25.1.2023 failing which ex-parte proceedings shall be heard against the above named opposite parties. No. 1 to 4.

Issued on this 20th day of December 2022
(Jagdishwar Kumar Chopra) President
Distt. Consumer Disputes Redressal Commission, Amritsar.
Dec/Asr/36/23 Date 10/1/23

**Before the District Consumer Disputes Redressal Commission, SCO No. 100, Adjoining Hotel P.R. Residency, Block B, Ranjit Avenue, Amritsar**

CC No. 541 of 2022

Sh. Balbir Masih S/o Tara Masih, H.No. 480, Kirpal Colony, Tung Bala, Majitha Road, Amritsar. ............Complainant

Versus : 1. M/s. Sarvotam Hi-Tech Infra Developers Ltd. through its MD/CEO/ Authorized Officer, 1-2, Deep Complex, Opp. Doaba Automobiles, Court Road, Amritsar sevices also at 72-73, Railway Link Road, Amritsar. Phone No. 0183-5014545. 2. Sh. Malook Singh Uppal CMD/Partner M/s. Sarvotam Hi-Tech Infra Developers Ltd., R/o House No. 95, NRI Colony, Loharka Road, Amritsar. Service also at- Village Fatoobhila Near Chawinda Devi, Tehsil and Distt. Amritsar. 3. Sh. Jagjit Singh Director of M/s. Sarvotam Hi Tech Infra Developers Ltd. R/o V.P.O. Varpal Kalan, Tehsil and Distt. Amritsar. 4. Gurpreet Singh Uppal Director of M/s. Sarvotam Hi Tech Infra Developers Ltd. Village Fatubhilla, District Amritsar. 5. Mr. Patras Chhabra Marketing Manager M/s. Sarvotam Hi Tech Infra Developers Ltd. R/o Gali No.1, Near Polispoint, Rattan Singh Chowk, Fatehgarh Churian Road, Amritsar. M.-98882746823 ....Opposite parties

Whereas it has been proved to the satisfaction of this Commission that opposite Parties No.1 to 4 named above cannot be served by ordinary process and was. therefore, ordered to be served through substituted service. Notice is being issued to the above named opposite party No. 1 to 4 to appear before this Commission either personally or through duly authorized agent/counsel on 25.1.2023 failing which ex-parte proceedings shall be heard against the above named opposite parties. No. 1 to 4.

Issued on this 20th day of December 2022
(Jagdishwar Kumar Chopra) President
Distt. Consumer Disputes Redressal Commission, Amritsar.
Dec/Asr/26/23 Date 10/1/23

**Before the District Consumer Disputes Redressal Commission, SCO No. 100, Adjoining Hotel P.R. Residency, Block B, Ranjit Avenue, Amritsar**

CC No. 538 of 2022

Smt. Seema W/o Sh. Balbir Masih H.No. 480, Kirpal Colony, Tungbala Majitha Road, Amritsar. ............Complainant

Versus : 1. M/s. Sarvotam Hi-Tech Infra Developers Ltd. through its MD/CEO/ Authorized Officer, 1-2, Deep Complex, Opp. Doaba Automobiles, Court Road, Amritsar sevices also at 72-73, Railway Link Road, Amritsar. Phone No. 0183-5014545. 2. Sh. Malook Singh Uppal CMD/Partner M/s. Sarvotam Hi-Tech Infra Developers Ltd., R/o House No. 95, NRI Colony, Loharka Road, Amritsar. Service also at- Village Fatoobhila Near Chawinda Devi, Tehsil and Distt. Amritsar. 3. Sh. Jagjit Singh Director of M/s. Sarvotam Hi Tech Infra Developers Ltd. R/o V.P.O. Varpal Kalan, Tehsil and Distt. Amritsar. 4. Gurpreet Singh Uppal Director of M/s. Sarvotam Hi Tech Infra Developers Ltd. Village Fatubhilla, District Amritsar. 5. Mr. Patras Chhabra Marketing Manager M/s. Sarvotam Hi Tech Infra Developers Ltd. R/o Gali No.1, Near Polispoint, Rattan Singh Chowk, Fatehgarh Churian Road, Amritsar. M.-98882746823 ....Opposite parties

Whereas it has been proved to the satisfaction of this Commission that opposite Parties No.1 to 4 named above cannot be served by ordinary process and was. therefore, ordered to be served through substituted service. Notice is being issued to the above named opposite party No. 1 to 4 to appear before this Commission either personally or through duly authorized agent/counsel on 25.1.2023 failing which ex-parte proceedings shall be heard against the above named opposite parties. No. 1 to 4.

Issued on this 20th day of December 2022
(Jagdishwar Kumar Chopra) President
Distt. Consumer Disputes Redressal Commission, Amritsar.
Dec/Asr/27/23 Date 10/1/23

### ਆਮ ਸੂਚਨਾ

ਮੈਂ ਤਰਸੇਮ ਕੁਮਾਰ ਪੁੱਤਰ ਸ੍ਰੀ ਪੂਰਨ ਚੰਦ ਵਾਸੀ 10 ਬੀ ਬੀ ਇਨਕਲੇਵ ਝਬਾਲ ਰੋਡ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰੇ ਮਕਾਨ ਬਰ ਪਲਾਟ ਨੰਬਰ 82 ਬੀ ਜਿਸਦਾ ਖਸਰਾ ਨੰਬਰ 3789/836 ਤੇ 862/121 ਮਿੰਨ, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ ਨੰਬਰ 108 ਅਬਾਦੀ ਗੁਰਬਖਸ਼ ਨਗਰ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਮਾਲਕੀ ਮੇਰੀ ਹੈ, ਜਿਸ ਦੇ ਪੁਰਾਣੇ ਦੇ ਬੈਨਾਮਾਜਾਤ ਨੰਬਰ (1) ਬੈਨਾਮਾ ਤਸਦੀਕ ਮਿਤੀ 18-6-1981 ਦਸਤਾਵੇਜ਼ ਨੰਬਰ 7123 ਬਹੀ ਨੰਬਰ 1, ਜਿਲਦ ਨੰਬਰ 894 ਸਫਾ ਨੰਬਰ 78 ਦਰਜ ਮਿਤੀ 18-6-1981 ਜਿਸਦੀ ਨਕਲ ਜਾਇਦ ਬਹੀ ਨੰਬਰ 1, ਜਿਲਦ ਨੰਬਰ 3238 ਸਫਾ ਨੰਬਰ 16/17 ਪਰ ਚਸਪਾ ਹੈ, ਨੰਬਰ (2) ਬੈਨਾਮਾ ਤਸਦੀਕ ਮਿਤੀ 16-6-1981 ਦਸਾਤਵੇਜ਼ ਨੰਬਰ 6941 ਬਹੀ ਨੰਬਰ 1 ਜਿਲਦ ਨੰਬਰ 894 ਸਫਾ ਨੰਬਰ 33 ਦਰਜ ਮਿਤੀ 16-6-1981 ਜਿਸ ਦੀ ਨਕਲ ਜਾਇਦ ਬਹੀ ਨੰਬਰ 1 ਜਿਲਦ ਨੰਬਰ 3235 ਸਫਾ ਨੰਬਰ 59 ਪਰ ਚਸਪਾ ਜੋ ਕਿ ਗੁੰਮ ਹੋ ਚੁੱਕੀ ਹੈ।

### Court Notice

In the Court of Sh. Amandeep Singh Ghuman
Civil Judge (Junior Division)-8, Jalandhar.
CNR No. PBJL02-005469-2022
Next Date : 27.1.2023
Yarun Khera Alias Varun Khera
Versus
General Public

Suit for grant of decree of declaration as prayed for.

Publication issued to : General Public, Jalandhar

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.1.2023 at 10.00 a.m.

For details logon to https://highcourtchd.gov.in/?trs=district notice&district=Jalandhar.

Civil Judge (Junior Division)-8, Jalandhar.
Dated, this day of 21.1.2023

### Court Notice

In the Court of Ms. Amita Singh
Principal Judge, Family Court, Mansa.
CNR No. PBMN01-002553-2022
Next Date : 21.3.2023
Sarabjit Kaur
Versus
Gurpal Singh

Pauper allowed now being registered as civil suit.

Publication issued to : Gurpal Singh Father Darshan Singh Vill. Kanakwal Chahlan Distt. Mansa now resident of Near Nanaksar Gurdwara Sahib Near Bhagat Singh Colony, Barnala Distt. Barnala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.3.2023 at 10.00 a.m.

For details logon to https://highcourtchd.gov.in/?trs=district notice&district=Mansa

Principal Judge, Family Court, Mansa.
Dated, this day of 21.1.2023

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ।

ਮਿਸਲ ਨੰ: 21/ਐੱਨ ਟੀ, ਰਕਬਾ ਪਿੰਡ : ਲੰਗੜੋਆ, ਕਿਸਮ : ਤਕਸੀਮ

ਦਾਇਰ ਮਿਤੀ : 7.10.2022,

ਪੇਸ਼ੀ ਮਿਤੀ : 31.1.2023

ਅਨੁਵਾਨ ਮੁਕੱਦਮਾ : ਪਰਮਿੰਦਰ ਰਾਜ ਸਿੰਘ ਬਨਾਮ ਰਣਜੀਤ ਸਿੰਘ ਵਗੈਰਾ

1. ਪਰਮਿੰਦਰ ਰਾਜ ਸਿੰਘ ਪੁੱਤਰ ਹਰਬੰਸ ਸਿੰਘ ਪਿੰਡ ਲੰਗੜੋਆ ਤਹਿ: ਨਵਾਂਸ਼ਹਿਰ

ਫਰੀਕ ਅੱਵਲ

ਬਨਾਮ-1. ਰਣਜੀਤ ਸਿੰਘ ਪੁੱਤਰ ਹਰਬੰਸ ਸਿੰਘ 2. ਬਲਵੀਰ ਕੌਰ ਵਿਧਵਾ ਦਿਲਜੀਤ ਸਿੰਘ 3. ਗੁਰਪ੍ਰੀਤ ਕੌਰ ਵਿਧਵਾ ਦਲਵੀਰ ਸਿੰਘ 4. ਗੁਰਬੀਰ ਸਿੰਘ ਪੁੱਤਰ ਦਲਬੀਰ ਸਿੰਘ 5. ਗੁਰਕਰਨ ਸਿੰਘ ਪੁੱਤਰ ਦਲਬੀਰ ਸਿੰਘ 5. ਗਿਆਨ ਕੌਰ ਵਿਧਵਾ ਸੋਮ ਨਾਥ ਸਿੰਘ ਸਾਰੇ ਵਾਸੀਆਨ ਪਿੰਡ ਲੰਗੜੋਆ 7. ਸੈਂਟਰਲ ਕੋਆਪ੍ਰੇਟਿਵ ਬੈਂਕ ਬਰਾਂਚ ਲੰਗੜੋਆ 8. ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐੱਨ ਐੱਚ 344 ਏ) 9. ਮਲਟੀਪਰਪਜ਼ ਕੋਆਪ੍ਰੇਟਿਵ ਸੁਸਾਇਟੀ ਬਰਾਂਚ ਲੰਗੜੋਆ। ਫਰੀਕ ਦੋਇਮ

ਦਰਖਾਸਤ ਤਕਸੀਮ ਅਰਾਜੀ ਵਾਕਿਆ ਰਕਬਾ 37 ਕਨਾਲ 4 ਮਰਲੇ ਖਾਤਾ ਨੰ: 315/293, 740 ਖਤੌਨੀ ਨੰ: 333 ਅਤੇ 6 ਕਨਾਲ 4 ਮਰਲੇ ਖਾਤਾ ਨੰ: 318/296 ਖਤੌਨੀ ਨੰ: 336 ਜਮ੍ਹਾਂਬੰਦੀ ਸਾਲ 2015-2016 ਤਹਿ: ਨਵਾਂਸ਼ਹਿਰ।

ਇਸ ਅਦਾਲਤ ਨੂੰ ਯਕੀਨ ਹੋ ਗਿਆ ਹੈ ਕਿ ਹੇਠ ਲਿਖੇ ਉੱਤਰਵਾਦੀਆਂ ਵਿੱਚੋਂ ਕੁਝ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਕਰਵਾਈ ਜਾ ਸਕਦੀ ਹੈ। ਇਸ ਲਈ ਇਸ ਨੋਟਿਸ ਰਾਹੀਂ ਇਹਨਾਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਕੇਸ ਵਿੱਚ ਆਪਣਾ ਪੱਖ ਅਗਲੀ ਤਰੀਖ ਪੇਸ਼ੀ ਮਿਤੀ 31.1.2023 ਨੂੰ ਬਾਅਦ ਦੁਪਹਿਰ 3.00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਰੱਖ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਪੱਖ ਨਹੀਂ ਸੁਣਿਆ ਜਾਵੇਗਾ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।
ਨੰ: 532/ਆਰ-2/ਮਿਤੀ : 12.1.2023

### Court Notice

In the Court of Ms. Vibha Rana, Judicial Magistrate Ist Class, Amritsar.
CNR No. PBAS030092512019
Next Date : 10.3.2023

M/s Rawalpindi Electric Works O/s Hall Gate, Amritsar through its Partner Tarun Anand S/o Late J.L. Anand. Complainant

Versus

M/s J & G Sales

U/S 138 Negotiable Instruments Act

Notice to : 1. M/s J & G Sales Corp. through its Prop. Rupinder Kaur 2. Rupinder Kaur both having address at 52, Transport Nagar, Jalandhar-144001 also address at 115/E, Guru Nanak Pura West, Bharat Nagar, Chugitti, Jalandhar-144009, 98155-83082 Accused

Whereas complaint has been made before me that above said accused has committed (or) suspected to have committed the offence punishable under section 138 of Negotiable Instruments Act and it has been returned to warrant of arrest thereupon issued that the said accused cannot be found and whereas it has been shown to my satisfaction that the said accused has absconded (or is concealing himself to avoid the service of the said warrant)

Proclamation is hereby made that the said accused is required to appear before this Court (or before me) to answer the said complaint on 10.3.2023

For details logon to https://highcourtchd.gov.in/ ?trs=district_notice&district=amritsar.

Judicial Magistrate Ist Class, Amritsar.

## ਕਲਾਸੀਫਾਈਡ ਇਸ਼ਤਿਹਾਰ

### Public Notice

I, Balwinder Singh S/o Charanjit Singh R/o Vill & PO Dihana Tehsil Garhshankar Distt. Hoshiarpur Punjab India declare that spell of my father & mother's has been wrongly written as Charnjit Singh - Parmjit Kaur in my passport. But my father & mother's correct name is in all documents Charanjit Singh - Paramjit Kaur. Concerned Note. (HITESH)

### Required

Doaba College Jalandhar : Assistant Professors required for Psychology, Computer Animation, Computer Applications (one post each) for one year on purely contractual basis. Eligibility, qualification as per UGC/GNDU Amritsar/Pb. Government norms. Apply within 15 days on the prescribed application form available from the office/college website alongwith complete testimonials and demand draft of Rs. 350/- through registered post.

Principal

### ਆਮ ਸੂਚਨਾ

ਮੈਂ, ਗੁਰਬਖਸ਼ ਕੌਰ ਪਤਨੀ ਸੁਰਿੰਦਰਪਾਲ ਸਿੰਘ ਵਾਸੀ 149, ਨਿਊ ਜਵਾਹਰ ਨਗਰ, ਜਲੰਧਰ ਸ਼ਹਿਰ, ਪੰਜਾਬ ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ 19/899 10 ਹਾਰਸ ਪਾਵਰ ਦਾ ਜ਼ਮੀਨ ਵਾਕਿਆ ਰਕਬਾ ਪਿੰਡ ਕਮਾਲਪੁਰ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿੱਚ ਮੰਗਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਵਰਿਆਣਾ ਤਹਿ: ਅਤੇ ਜ਼ਿਲ੍ਹਾ ਜਲੰਧਰ ਦਾ ਨਾਂਅ ਚੱਲਦਾ ਹੈ। ਇਹ ਮੋਟਰ ਕੁਨੈਕਸ਼ਨ ਮੈਂ ਉਕਤ ਮੰਗਲ ਸਿੰਘ ਪਾਸੋਂ ਸਮੇਤ ਜ਼ਮੀਨ ਖਰੀਦ ਕੀਤਾ ਹੋਇਆ ਹੈ, ਆਪਣੇ ਨਾਂਅ ਕਰਵਾਉਣ ਵਾਸਤੇ ਐੱਸ ਡੀ ਓ ਪਾਵਰਕਾਮ ਸਬ-ਡਵੀਜ਼ਨ ਸੁਲਤਾਨਪੁਰ ਲੋਧੀ ਪਾਸ ਅਪਲਾਈ ਕੀਤਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਅੰਦਰ ਸੰਪਰਕ ਕਰ ਸਕਦਾ ਹੈ। (ਧਾਲੀਵਾਲ)

ਕੁਲਵਿੰਦਰ ਸਿੰਘ ਪੁੱਤਰ ਬੇਲਾ ਸਿੰਘ, ਸੇਰੋਂ ਨਿਗਾਹ (ਅੰਮ੍ਰਿਤਸਰ) ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ.ਪੀ.-31-1565, ਈ.ਵੀ. 31-3070 ਅਤੇ ਐਸ.ਐਚ. 36-1040 ਨੂੰ ਕੁਲਦੀਪ ਸਿੰਘ ਚਾਹਲ ਪੁੱਤਰ ਕੁਲਵਿੰਦਰ ਸਿੰਘ, ਸੇਰੋਂ ਨਿਗਾਹ ਨਾਮ ਕਰਨ ਦੀ ਦਰਖਾਸਤ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ। (ਅਠੌਲਾ)

ਗਿਆਨ ਸਿੰਘ ਪੁੱਤਰ ਦਰਸ਼ਨ ਸਿੰਘ, ਸੁਧਾਰ ਰਾਜਪੂਤਾਂ (ਅੰਮ੍ਰਿਤਸਰ) ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ.ਪੀ.-33/0160-ਕੇ ਨੂੰ ਇੰਦਰਜੀਤ ਸਿੰਘ ਪੁੱਤਰ ਬਲਦੇਵ ਸਿੰਘ, ਅਤੇ ਤਲਜਿੰਦਰ ਸਿੰਘ ਪੁੱਤਰ ਬਦਲੇਵ ਸਿੰਘ, ਸੁਧਾਰ ਰਾਜਪੂਤਾਂ ਨਾਮ ਕਰਨ ਦੀ ਦਰਖਾਸਤ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬੁਟਾਰੀ ਪੁੱਜਣ। (ਅਠੌਲਾ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 13/1248 ਬਿੱਕਰ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਹਰੀਪੁਰ ਤੋਂ ਨਾਂਅ ਬਦਲੀ ਕਰਕੇ ਨਰੇਸ਼ ਕੁਮਾਰ ਪੁੱਤਰ ਸੁਖ ਰਾਮ ਵਾਸੀ ਹਰੀਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਦੇ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 06/23 ਲਹਿੰਬਰ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਬਾਲੋਕੀ ਤੋਂ ਨਾਂਅ ਬਦਲੀ ਕਰਕੇ ਰਾਜਨ ਅਰੋੜਾ ਪੁੱਤਰ ਸੁਰਿੰਦਰ ਕੁਮਾਰ ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਦੇ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 06/22 ਲਹਿੰਬਰ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਬਾਲੋਕੀ ਤੋਂ ਬਦਲੀ ਕਰਕੇ ਸੁਰਿੰਦਰ ਕੁਮਾਰ ਪੁੱਤਰ ਦੀਵਾਨ ਚੰਦ ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਦੇ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 17/654 ਭਜਨ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਰਾਮੂਵਾਲ ਤੋਂ ਨਾਂਅ ਬਦਲੀ ਕਰਕੇ ਨਿਰਮਲ ਕੁਮਾਰੀ ਪਤਨੀ ਸੁਰਿੰਦਰ ਕੁਮਾਰ ਮਹਿਤਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਦੇ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਤਸਦੀਕ ਕੀਤਾ ਜਾਂਦਾ ਹੈ ਕਿ ਖਾਤਾ ਨੰ: ਏ ਪੀ 07-359 ਜੋ ਕਿ ਬਲਵੰਤ ਸਿੰਘ ਪਿੰਡ ਚਾਟੀਵਿੰਡ ਲੇਹਲ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਚੇਂਜ ਆਫ ਨੇਮ ਹੋ ਕੇ ਗੁਰਮੀਤ ਸਿੰਘ ਪੁੱਤਰ ਸ: ਸਤਨਾਮ ਸਿੰਘ ਦੇ ਨਾਂਅ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਉਪ ਮੰਡਲ ਫਤਿਹਪੁਰ ਵਿਖੇ ਸੰਪਰਕ ਕਰੇ। (ਕਮਲੇਸ਼)

ਮੈਂ ਭੁਪਿੰਦਰਪਾਲ ਸਿੰਘ ਪੁੱਤਰ ਪ੍ਰਿਤਪਾਲ ਸਿਘ ਵਾਸੀ ਲੰਡੇ ਕੇ ਜਿਲ੍ਹਾ ਮੋਗਾ ਦਾ ਹਾਂ। ਇਹ ਕਿ ਇੱਕ ਮੋਟਰ ਕੁਨੈਕਸ਼ਨ 20 ਹਾਰਸ ਪਾਵਰ ਖਾਤਾ ਨੰਬਰ AP36/278 ਜੋ ਕੁਲਜੀਤ ਕੌਰ ਪਤਨੀ ਜਸਦੀਪ ਸਿੰਘ ਪਿੰਡ ਤਾਰੇਵਾਲ ਨਵਾਂ ਮੋਗਾ ਦੇ ਨਾਮ 'ਤੇ ਰਕਬਾ ਪਿੰਡ ਲੁਹਾਰਾ (ਮੋਗਾ) ਵਿਖੇ ਚੱਲਦਾ ਮੈਂ ਆਪਣੇ ਨਾਮ ਤੇ ਕਰਵਾਉਣ ਲਈ ਅਪਲਾਈ ਕੀਤਾ ਹੈ। ਜਿਸ ਕਿਸੇ ਨੂੰ ਇਸ ਮੋਟਰ ਕੁਨੈਕਸ਼ਨ ਸਬੰਧੀ ਇਤਰਾਜ਼ ਹੋਵੇ ਉਹ ਆਪਣਾ ਇਤਰਾਜ਼ ਉਪ ਮੰਡਲ ਅਫਸਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ:, ਸਬ ਡਵੀਜ਼ਨ ਕੋਟ ਈਸੇ ਖਾਂ 15 ਦਿਨ ਦੇ ਅੰਦਰ ਅੰਦਰ ਪੇਸ਼ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 17/883 ਅਜੈਬ ਸਿੰਘ ਪੁੱਤਰ ਜਸਮੇਰ ਸਿੰਘ ਵਾਸੀ ਖਹਿਰਾ ਮੁਸ਼ਤਰਕਾ ਤੋਂ ਨਾਂਅ ਬਦਲੀ ਕਰਕੇ ਰਮਨਦੀਪ ਕੌਰ ਪੁੱਤਰੀ ਗੁਰਨਾਮ ਸਿੰਘ ਵਾਸੀ ਬਾਲੋਕੀ (ਜਲੰਧਰ) ਦੇ ਨਾਂਅ 'ਤੇ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਮੈਂ, ਜਸਵੀਰ ਕੌਰ ਪਤਨੀ ਸ੍ਰੀ ਅੱਛਰ ਰਾਮ ਵਾਸੀ ਪਿੰਡ ਤੇ ਡਾਕਖਾਨਾ ਚੋਮੋਂ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਰਵਿੰਦਰ ਕੁਮਾਰ ਨੂੰ ਮਿਤੀ 18.11.2022 ਨੂੰ 'ਨਵਾਂ ਜ਼ਮਾਨਾ' ਜਲੰਧਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ, ਹੁਣ ਉਹ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਬੇਦਖਲੀ ਵਾਪਸ ਲੈਂਦੀ ਹਾਂ। ਹੁਣ ਮੇਰਾ ਲੜਕਾ ਰਵਿੰਦਰ ਕੁਮਾਰ ਮੇਰੀ ਚੱਲ-ਅਚੱਲ ਜਾਇਦਾਦ ਦਾ ਹਿੱਸੇਦਾਰ ਹੋਵੇਗਾ। ਸੰਬੰਧਤ ਨੋਟ ਕਰਨ। (6854)

### ਬੇਦਖਲੀ ਨੋਟਿਸ

ਅਸੀਂ, ਸੁਖਦੇਵ ਸਿੰਘ ਪੁੱਤਰ ਭਜਨ ਸਿੰਘ, ਸੁਰਜੀਤ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਬੀ-32/960, ਗੁਰੂ ਅਰਜਨ ਨਗਰ, ਬਸਤੀ ਮਿੱਠੂ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਮਨਦੀਪ ਸਿੰਘ ਉਰਫ ਸੰਜੂ ਅਤੇ ਉਸ ਦੀ ਪਤਨੀ ਸੁਮਨ ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਇਸ ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਬਲਵੰਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਮਕਾਨ ਨੰ. 11156, ਐੱਲ-4/1310, ਗਲੀ ਨੰ. 2, ਨੇੜੇ ਤੇਜ ਨਗਰ ਚੌਕ, ਕੋਟ ਆਤਮਾ ਰਾਮ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦਵਿੰਦਰ ਸਿੰਘ ਅਤੇ ਉਸ ਦੀ ਪਤਨੀ ਮਨਿੰਦਰ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਬਲਜਿੰਦਰ ਕੌਰ ਪਤਨੀ ਜਸਵੰਤ ਸਿੰਘ ਵਾਸੀ ਮਕਾਨ ਨੰ. 98, ਦਲੀਪ ਐਵੀਨਿਊ, ਫੋਕਲ ਪੁਆਇੰਟ ਜੀ ਟੀ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਅਤੇ ਉਸ ਦਾ ਪਤੀ ਜਗਦੀਪ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

### ਬੇਦਖਲੀ ਨੋਟਿਸ

ਮੈਂ ਜਸਵੀਰ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਉਧੋਵਾਲ (ਲੁਧਿਆਣਾ) ਆਪਣੀ ਪਤਨੀ ਜਸਜੀਤ ਕੌਰ ਅਤੇ ਆਪਣੇ ਲੜਕੇ ਅਸ਼ਨਮੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਮੇਰੇ ਕਹਿਣੇ ਤੋਂ ਬਾਹਰ ਹਨ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ। (Jagdish Rai)

ਮੈਂ, ਆਸ਼ਾ ਰਾਣੀ ਪਤਨੀ ਲੇਟ ਰਵਿੰਦਰ ਪਾਲ ਵਾਸੀ ਪਿੰਡ ਫੂਲਪੁਰ ਕਾਲੋਨੀ, ਤਹਿ: ਵਾ ਜ਼ਿਲ੍ਹਾ ਜਲੰਧਰ ਆਪਣੇ ਬੇਟੇ ਗੁਰਪ੍ਰੀਤ ਅਤੇ ਨੂੰਹ ਹੋਮੀਆਂ ਪਤਨੀ ਗੁਰਪ੍ਰੀਤ ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਜੇਕਰ ਇਹਨਾਂ ਨਾਲ ਕੋਈ ਵੀ ਵਿਅਕਤੀ ਕਿਸੇ ਪ੍ਰਕਾਰ ਦਾ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਉਸ 'ਚ ਕੋਈ ਸੰਬੰਧ ਨਹੀਂ ਹੋਵੇਗਾ। (6847)

ਮੈਂ, ਸਤਨਾਮ ਸਿੰਘ ਪੁੱਤਰ ਸ: ਜਵਾਲਾ ਸਿੰਘ ਵਾਸੀ ਜਗਜੀਤ ਕਾਲੋਨੀ, ਪਿੰਡ ਤੇ ਡਾਕ: ਦਕੋਹਾ, ਤਹਿ: ਵਾ ਜ਼ਿਲ੍ਹਾ ਜਲੰਧਰ ਆਪਣੇ ਬੇਟੇ ਰਕੇਸ਼ ਕੁਮਾਰ, ਉਸ ਦੀ ਪਤਨੀ ਬੇਵੀ ਵਾ ਇਹਨਾਂ ਦੇ ਵਾਰਸਾਨ ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਤਮਾਮ ਜਾਇਦਾਦ ਚੱਲ ਵਾ ਅਚੱਲ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ, ਮੇਰੇ ਪਰਵਾਰ ਅਤੇ ਹੋਰ ਵਾਰਸਾਨ ਦਾ ਇਹਨਾਂ ਨਾਲ ਅਤੇ ਇਹਨਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਰਿਸ਼ਤਾ-ਨਾਤਾ ਜਾਂ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ। (6851)

ਮੈਂ, ਸੁਖਜੀਤ ਕੌਰ ਪਤਨੀ ਲੇਟ ਸ੍ਰੀ ਨਰਿੰਦਰ ਕੁਮਾਰ ਵਾਸੀ ਮਕਾਨ ਨੰ: 96, ਗਲੀ ਨੰ: 4, ਵਿਵੇਕ ਨਗਰ, ਜਲੰਧਰ ਆਪਣੇ ਬੇਟੇ ਵਿਸ਼ਾਲ ਸੰਸੋਯਾ ਉਰਫ ਵੀਸ਼ੂ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਰਹੀ ਹਾਂ। ਜੇਕਰ ਕੋਈ ਵਿਅਕਤੀ ਉਸ ਨਾਲ ਕੋਈ ਲੈਣ-ਦੇਣ ਜਾਂ ਸੰਬੰਧ ਰੱਖੇਗਾ ਤਾਂ ਉਸ ਦਾ ਜ਼ਿੰਮੇਵਾਰ ਉਹ ਖੁਦ ਹੋਵੇਗਾ। ਮੇਰਾ ਜਾਂ ਮੇਰੇ ਕਿਸੇ ਪਰਵਾਰਕ ਮੈਂਬਰ ਦਾ ਉਸ 'ਚ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (6852)

ਅਸੀਂ, ਚੰਦਰ ਭਾਨ ਪੁੱਤਰ ਚਿਰੰਜੀ ਲਾਲ, ਕ੍ਰਿਸ਼ਨਾ ਪਤਨੀ ਚੰਦਰ ਭਾਨ, ਵਾਸੀਆਨ ਪੋਲੋ ਬਸਤੀ ਧੂਰੀ (ਸੰਗਰੂਰ) ਆਪਣੇ ਲੜਕਿਆਂ ਰਾਜਨ ਕੁਮਾਰ, ਸਾਜਨ ਕੁਮਾਰ, ਨੂੰਹ ਸਪਨਾ ਰਾਣੀ ਪਤਨੀ ਰਾਜਨ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਤ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਜਗਜੀਤ ਸਿੰਘ ਪੁੱਤਰ ਕਰਮ ਸਿੰਘ, ਪਿੰਡ ਬੱਬਨਪੁਰ (ਸੰਗਰੂਰ) ਆਪਣੇ ਲੜਕੇ ਗੁਰਜੀਤ ਸਿੰਘ, ਨੂੰਹ ਨਵਜੋਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਰਾਜ ਕਿਸ਼ੋਰ ਪਾਲ ਪੁੱਤਰ ਸ੍ਰੀ ਵੀਰ ਭਗਤ ਵਾਸੀ ਬੈਂਕ ਕਾਲੋਨੀ, ਗਲੀ ਨੰ: 7, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਮ ਆਸਰੇ ਅਤੇ ਉਸ ਦੀ ਪਤਨੀ ਰੋਸ਼ਨੀ ਕੁਮਾਰੀ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕ੍ਰਿਸ਼ਨ ਗੋਪਾਲ ਪੁੱਤਰ ਸ੍ਰੀ ਅਨੰਤ ਰਾਮ ਵਾਸੀ ਪਿੰਡ ਤੇ ਡਾਕ: ਬਸੀ ਪੁਰਾਣੀ, ਤਹਿ: ਵਾ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਰਾਕੇਸ਼ ਕੁਮਾਰ ਨਾਲ ਅੱਜ ਤੋਂ ਬਾਅਦ ਕੋਈ ਰਿਸ਼ਤਾ ਨਹੀਂ ਰਿਹਾ। (ਹਿਤੇਸ਼)

ਮੈਂ, ਸੁਖਪਾਲ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਹੁਸੈਨਪੁਰ ਬੂਲੇ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪਿਆਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਤੇਜਿੰਦਰ ਸਿੰਘ ਪੁੱਤਰ ਲਸ਼ਕਰ ਸਿੰਘ ਵਾਸੀ ਪਿੰਡ ਚੱਕ ਸ਼ਹੀਦ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਕੁਲਵਿੰਦਰ ਕੌਰ ਅਤੇ ਮੇਰਾ ਲੜਕਾ ਦਿਲਮਨ ਸਿੰਘ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ। ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਮਲਜੀਤ ਕੌਰ ਪਤਨੀ ਲੇਟ ਜੈਮਲ ਸਿੰਘ ਵਾਸੀ ਪਿੰਡ/ਡਾਕਖਾਨਾ ਗਹੋਤ ਪੋਕਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਮਨਪ੍ਰੀਤ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵਿੰਦਰ ਸਿੰਘ ਪੁੱਤਰ ਧਨਵੰਤ ਸਿੰਘ ਵਾਸੀ ਮਿਨਹਾਸ ਕਾਲੋਨੀ ਪਿੰਡ ਤੇ ਡਾਕਖਾਨਾ ਚੋਮੋਂ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਜਿੰਦਰ ਸਿੰਘ ਅਤੇ ਉਸ ਦੀ ਪਤਨੀ ਸਿਮਰਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (6854)

ਅਸੀਂ, ਪ੍ਰਦੀਪ ਪੁੱਤਰ ਪ੍ਰੇਮ ਚੰਦ, ਸੰਗੀਤਾ ਪਤਨੀ ਪ੍ਰਦੀਪ ਵਾਸੀ ਮਕਾਨ ਨੰ. 43, ਗਲੀ ਨੰ. 18/2 ਨੂੰ ਦਸਮੇਸ਼ ਨਗਰ, ਜੌੜਾ ਫਾਟਕ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਬਿੰਦਿਆ (22) ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਲੈਣ-ਦੇਣ ਜਾਂ ਕਾਰ-ਵਿਹਾਰ ਦਾ ਅਸੀਂ ਅਤੇ ਸਾਡਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਰਾਜਿੰਦਰ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਮਕਾਨ ਨੰ. 33, ਫਰੈਂਡਜ਼ ਐਵੀਨਿਊ ਪਲਾਹ ਸਾਹਿਬ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਮੇਰਾ ਲੜਕਾ ਏਕਮਜੋਤ ਸਿੰਘ (ਕੁਆਰਾ) ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

### ਨਾਂਅ ਦੀ ਬਦਲੀ

ਮੈਂ, ਪ੍ਰਿਅੰਕਾ ਪੁੱਤਰੀ ਗੁਲਸ਼ਨ ਕੁਮਾਰ ਪਤਨੀ ਜਸਵਿੰਦਰ ਸਿੰਘ ਵਾਸੀ ਮਕਾਨ ਨੰ: ਐੱਲ 6/18, ਗਲੀ ਨੰ: 3, ਨਿਊ ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਪੰਜਾਬ ਸੂਚਿਤ ਕਰਦੀ ਹਾਂ ਕਿ ਸ਼ਾਦੀ ਤੋਂ ਬਾਅਦ ਮੈਂ ਆਪਣਾ ਨਾਂਅ ਪ੍ਰਿਅੰਕਾ ਤੋਂ ਬਦਲ ਕੇ ਸਿਮਰਨਜੀਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਕੇ-1339)

ਮੈਂ ਰਜਿੰਦਰ ਕੁਮਾਰ ਪੁੱਤਰ ਹਰੀਸ਼ ਚੰਦਰ ਵਾਸੀ ਗੁਮਟਾਲਾ ਤਹਿਸੀਲ ਫਿਲੌਰ ਦਾ ਹਾਂ ਤੇ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਜੋਤੀ ਦਾ ਸਹੀ ਨਾਂਮ ਜੋਤੀ ਮੱਲ ਹੈ ਸਾਰੇ ਜਾਣਕਾਰ ਅਤੇ ਸੰਬੰਧਤ ਨੋਟ ਕਰਨ ਅਤੇ ਹੁਣ ਮੇਰੀ ਲੜਕੀ ਨੂੰ ਜੋਤੀ ਮੱਲ ਦੇ ਨਾਂਮ ਨਾਲ ਬੁਲਾਇਆ ਕਰਨ।

ਮੈਂ, ਸਰੋਜ ਰਾਣੀ ਪਤਨੀ ਵਿਧਵਾ ਬਲਦੇਵ ਰਾਜ ਵਾਸੀ ਸ੍ਰੀ ਹਰਗੋਬਿੰਦਪੁਰ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਮੇਰੇ ਪਤੀ ਬਲਦੇਵ ਰਾਜ ਵੱਲੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਵਿੱਚ ਮੇਰਾ ਨਾਂਅ ਗਲਤੀ ਨਾਲ ਸਰੋਜ ਦੇਵੀ ਲਿਖਵਾਇਆ ਗਿਆ ਸੀ। ਮੇਰਾ ਅਸਲ ਨਾਂਅ ਸਰੋਜ ਰਾਣੀ ਹੀ ਹੈ, ਸਰੋਜ ਰਾਣੀ ਹੀ ਸਮਝਿਆ ਜਾਵੇ। ਸਕੇ-ਸੰਬੰਧੀ ਨੋਟ ਕਰਨ।

ਮੈਂ, ਸੀਮਾ ਪੁੱਤਰੀ ਫਕੀਰ ਚੰਦ ਵਾਸੀ ਪਿੰਡ ਸੋਹਲ ਖੁਰਦ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ ਅਤੇ ਹੁਣ ਪਤਨੀ ਪ੍ਰਭਜੋਤ ਸਿੰਘ ਵਾਸੀ ਨੰਗਲ ਅੰਬੀਆਂ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਵਿਆਹ ਤੋਂ ਬਾਅਦ ਮੈਂ ਆਪਣਾ ਨਾਂਅ ਬਦਲ ਕੇ ਸੁਖਜੋਤ ਕੌਰ ਰੱਖ ਲਿਆ ਹੈ। ਸੀਮਾ ਅਤੇ ਸੁਖਜੋਤ ਕੌਰ ਦੋਨੋਂ ਇੱਕ ਹੀ ਵਿਅਕਤੀ ਦੇ ਨਾਂਅ ਹਨ। (ਬਿੱਟੂ)

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### Change of Name

I, Manohar Singh S/o Sh. Harnam Singh R/o Ward No. 6, Gardhiwala, Tehsil Dasuya, Distt. Hoshiarpur, Punjab, declare that I have changed my name from Manohar Mutti to Manohar Singh. My real name Manohar Singh be treated in all records. (Dogra)

I, Ashok Kumar S/o Brij Lal R/o Shree Satya Narayan Mandir, Tanda Road, Jalandhar, have changed my name from Ashok Kumar to Ashok Kumar Gautam. Concerned noted. (6848)

I, Kamla Devi W/o Ashok Kumar Gautam R/o Shree Satya Narayan Mandir, Tanda Road, Jalandhar, have changed my name from Kamla Devi to Kamla Gautam. Concerned noted. (6848)

I, Rohit Kumar Thakur s/o Om Parkash Thakur r/o, 133,Parkash Avenue, Kapurthala, has been solemnly declare, that I have changed my name from Rohit Kumar Thakur to Rohit Thakur . All Concerned note please.

I Rashmi Sharma D/o Ranbir chander R/o, 133,Parkash Avenue, Kapurthala has been solemnly declare that, I have changed my name from Rashmi Sharma to Rashmi Thakur W/o Rohit thakur. All concerned note please.

I, Baljit Kaur W/O Surjit Singh R/O Vill. Bhadas Tehsil Bholath Distt. Kapurthala Punjab Declare That My Husband Surjit Singh And Surjeet Singh Same Are The Name Of One And Same Person. Correct Name Is Surjit Singh. Plz Note.

I, Kawal Kishore S/O Sat Pal Joshi R/O H.no.2005 Gali Dugglan Wali Jandiala Guru Amritsar Have Changed My Name To Kawal Kishore Joshi

I, Kabal Singh S/O Dalip Singh R/O Village Nangal Guru PO Bundala Distt Amritsar have changed my name from Kabul Singh to Kabal Singh.

I, Kulwinder Singh S/O Labh Singh R/O Village Tola Nangal,Po Raja Sansi,Teh Ajnala, Amritsar. have Changed My Name From Jagjit Singh To Kulwinder Singh.

I, Harpreet Singh S/o Sewak Singh R/o Near Gurduwara Sahib, Vill-Nandpur, PO Kairon, District Tarn Taran have changed my name to Singh Harpreet.

I, Rajbir Kaur W/o Harpreet Singh R/o Near Gurduwara Sahib, Vill-Nandpur, PO Kairon, District Tarn Taran have changed my name to Kaur Rajbir.

I, Harpreet Singh S/o Sewak Singh R/o Near Gurduwara Sahib, Vill-Nandpur, PO Kairon, District Tarn Taran have changed my minor daughter's name from Sukhpreet Kaur to Kaur Sukhpreet.

I, Amrik Singh S/o Balraj Singh R/o Vill-Nandpur, PO Kairon, District Tarn Taran have changed my minor son's name from Prabhjot Singh to Singh Prabhjot.

I Hussanpreet Kaur W/O Baljinder Singh R/O Vill Warana Po. Lalpur Amritsar,Punjab,Have Change My Name Hussanpreet Kaur To Kaur Is Surname And Hussanpreet Is Given Name.

I, Sarika Verma D/O Rajan Verma R/O H.no. 422, Krishna Nagar, Jalandhar, I Have Changed My Name From Sarika Madaan To Sarika Verma.

I, Poonam Marwaha W/O Rocky Waraich R/O H.no. 4, Kala Sanghian Road, Ishwer Colony, Jalandhar, Punjab, India, I Have Changed My Name From Poonam Marwaha To Poonam Waraich After Marriage.

I Iqbal S/O Gurdev Ram R/O Vpo Gohawar Tehsil Phillaur District Jalandhar Have Changed My Name From Iqbal To Iqbal Singh

I, Hitherto Known As Jasbir Kaur W/O Satnam Singh Residing At Vpo Jindowal, Distt. Shaheed Bhagat Singh Nagar- 144505, Punjab, India Have Changed My Name And Shall Hereafter Be Known As Jaspal Kaur.

I, Hitherto Known As Pritam W/O Anil Kumar Residing At Patti Bhangari Di, Vpo Sarai Khas, Distt. Jalandhar - 144805, Punjab, India Have Changed My Name And Shall Hereafter Be Known As Pritam Devi.

I, Hitherto Known As Surbjit S/O Bhagod Ram Residing At Village Hassan Munda, Po Kartarpur, Distt. Jalandhar - 144801, Punjab, India Have Changed My Name And Shall Hereafter Be Known As Sarbjit.

I, Hitherto Known As Upasna Sodhi W/O Balwinder Singh Sodhi Residing At 194, Sunshine Avenue, Behind Gndu Regional Campus Ladhewali, Distt. Jalandhar-144007, Punjab, India Have Changed My Name And Shall Hereafter Be Known As Sandeep Kaur.

I Hitherto Known As: Jatinder Kaur D/O Rajinder Singh & W/O Jaswinder Singh Ghotra, R/O H.no: 260, Janta Colony, Maqsudan, Jalandhar-144008 (Punjab), Have Changed My Name And Shall Hereafter Be Known As Jatinder Kaur Ghotra.

I, Monika W/O Deepak R/O H.no: Nf:68, Qilla Mohalla, Jalandhar City (Punjab), Have Changed My Name To Monika Shahi.

I, Sanchi D/O Dheeraj Bhandari, R/O 69, St. No:2, Guru Nanak Nagar, Kpt. Road, Jalandhar-144001 (Pb), Have Changed My Name To Sanchi Bhandari.

I, Jatinder Kaur Ghotra W/O Jaswinder Singh Ghotra, R/O H.no: 260, Janta Colony, Maqsudan, Jalandhar -144008 (Punjab), Have Changed The Name Of My Minor Son: Fatehdeep Singh, Aged: 13 Years And He Shall Hereafter Be Known As: Fatehdeep Singh Ghotra.

I, Vijay Kumar S/o Diwan Chand, R/o VPO: Badala Mahi, Hoshiarpur-144105 (Punjab), have changed my minor daughter name from: Ruhani to Ruhani Jot.

## ਮਾਨ ਸਰਕਾਰ ਸੜਕੀ ਢਾਂਚੇ 'ਚ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਲਈ ਯਤਨਸ਼ੀਲ: ਹਰਭਜਨ ਸਿੰਘ

ਚੰਡੀਗੜ੍ਹ (ਗੁਰਜੀਤ ਬਿੱਲਾ)— ਵੱਡਮੁੱਲੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਹੀ ਅਸਲ ਅਰਥਾਂ ਵਿੱਚ ਵਿਕਾਸ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਬਿਹਤਰ ਭਵਿੱਖ ਸਿਰਜਿਆ ਜਾ ਸਕੇਗਾ ਅਤੇ ਇਹ ਵਿਸ਼ਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਸੈਕਟਰ-26 ਸਥਿਤ ਮੈਗਸੀਪਾ ਵਿਖੇ ਵਿਰਟਗੇਨ ਕੰਪਨੀ ਦੀ ਅਗਵਾਈ ਹੇਠ ਸੜਕਾਂ ਦੇ ਨਿਰਮਾਣ ਲਈ ਰਹਿੰਦ-ਖੂੰਹਦ ਸਮਾਨ ਨੂੰ ਮੁੜ ਵਰਤੋਂ ਯੋਗ ਬਣਾਉਣ ਸਬੰਧੀ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਮੰਤਰੀ ਨੇ ਇਹ ਵੀ ਕਿਹਾ ਕਿ ਕੁਦਰਤੀ ਸਰੋਤਾਂ ਦੀ ਸੰਭਾਲ ਦਾ ਸੰਕਲਪ ਦੇਸ਼ ਵਿਆਪੀ ਚੇਤਨਾ ਦਾ ਹਿੱਸਾ ਹੈ ਅਤੇ ਇਸ ਮਿਸਨ ਦੀ ਦਿਸ਼ਾ ਵੱਲ ਅਜਿਹੇ ਸੈਮੀਨਾਰ ਅਹਿਮ ਭੂਮਿਕਾ ਨਿਭਾਉਂਦੇ ਹਨ। ਮੰਤਰੀ ਨੇ ਅੱਗੇ ਕਿਹਾ ਕਿ ਰਹਿੰਦ-ਖੂੰਹਦ ਨੂੰ ਮੁੜ ਵਰਤੋਂ ਯੋਗ ਬਣਾਉਣ ਲਈ ਕੀਤੇ ਯਤਨ ਮਾਈਨ ਬਲਾਸਟਿੰਗ ਅਤੇ ਆਵਾਜਾਈ ਲਾਗਤ ਵਿੱਚ ਕਮੀ ਲਿਆਉਣ ਦੇ ਨਾਲ-ਨਾਲ ਵਾਤਾਵਰਣ ਪੱਖੀ ਵੀ ਹਨ। ਉਹਨਾਂ ਅੱਗੇ ਕਿਹਾ ਕਿ ਇਹ ਨਵੀਨ ਵਿਧੀ ਕਿਫ਼ਾਇਤੀ ਵੀ ਹੈ। ਮੰਤਰੀ ਨੇ ਸਮੁੱਚੇ ਵਿਭਾਗ ਨੂੰ ਸੜਕੀ ਬੁਨਿਆਦੀ ਢਾਂਚੇ ਦੇ ਸੁਧਾਰ ਵੱਲ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਪੰਜਾਬ ਨੂੰ ਇਸ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੰਤਰੀ ਨੂੰ ਇਹ ਵੀ ਜਾਣੂੰ ਕਰਵਾਇਆ ਗਿਆ ਕਿ ਇਸ ਨਵੀਂ ਤਕਨੀਕ ਨਾਲ ਸੜਕ ਨਿਰਮਾਣ ਵਿਧੀ ਵਿੱਚ ਪੁਰਾਣੀ ਸਮੱਗਰੀ ਦੀ ਵਰਤੋਂ ਕਰਨ ਤੋਂ ਇਲਾਵਾ ਸੀਮਿੰਟ ਦੀ ਵਰਤੋਂ ਨੂੰ ਘਟਾ ਕੇ ਇਸ ਦੀ ਥਾਂ ਫੋਮ ਬਿਟੂਮਨ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਸੜਕਾਂ ਦਾ ਮਿਆਰ ਵੀ ਬਿਹਤਰ ਹੋਵੇਗਾ।

## ਪਰੇਡ ਰਿਹਰਸਲ ਦੌਰਾਨ ਵੱਖ-ਵੱਖ ਪੁਲਸ ਟੁਕੜੀਆਂ ਨੇ ਕੀਤਾ ਮਾਰਚ ਪਾਸਟ

ਪਠਾਨਕੋਟ (ਦਵਿੰਦਰ ਸਿੰਘ)- ਸਥਾਨਕ ਮਲਟੀਪਰਪਜ਼ ਸਪੋਰਟਸ ਸਟੇਡੀਅਮ, ਲਮੀਨੀ (ਪਠਾਨਕੋਟ) ਵਿਖੇ ਗਣਤੰਤਰ ਦਿਵਸ ਸਮਾਗਮ ਨੂੰ ਲੈ ਕੇ ਫੁੱਲ ਡ੍ਰੈੱਸ ਰਿਹਰਸਲ ਕੀਤੀ ਗਈ। ਇਸ ਮੌਕੇ ਮੇਜਰ ਡਾ. ਸੁਮਿਤ ਮੁੱਧ ਚੀਫ ਮਨਿਸਟਰਜ਼ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ (ਜ) ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਤਿਰੰਗਾ ਲਹਿਰਾ ਕੇ ਪਰੇਡ ਦਾ ਨਿਰੀਖਣ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੋਜ ਕੁਮਾਰ ਐੱਸਪੀ., ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਅਰੁਣ ਕੁਮਾਰ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰਜ਼ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ (ਜ) ਨੇ ਫੁੱਲ ਡ੍ਰੈੱਸ ਰਿਹਰਸਲ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਪਠਾਨਕੋਟ ਦੇ ਸਥਾਨਕ ਮਲਟੀਪਰਪਜ਼ ਸਪੋਰਟਸ ਸਟੇਡੀਅਮ, ਲਮੀਨੀ ਵਿਖੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਮਾਰੋਹ ਦੌਰਾਨ ਪੀ. ਟੀ. ਸ਼ੋਅ ਅਤੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ। ਮਾਰਚ ਪਾਸਟ ਦੌਰਾਨ ਪੰਜਾਬ ਪੁਲਸ (ਪੁਰਸ਼), ਪੰਜਾਬ ਪੁਲਸ (ਮਹਿਲਾ), ਪੰਜਾਬ ਹੋਮ ਗਾਰਡ, ਵੱਖ-ਵੱਖ ਸਕੂਲਾਂ ਤੋਂ ਐਨਸੀਸੀ ਕੈਡਿਟਾਂ ਦੀਆਂ ਟੁਕੜੀਆਂ, ਜਵਾਹਰ ਨਵੋਦਿਆ ਵਿਦਿਆਲਾ ਨਾਜੋਚੱਕ ਦੇ ਵਿਦਿਆਰਥੀ, ਆਰਮੀ ਬੈਂਡ ਆਦਿ ਵੱਲੋਂ ਭਾਗ ਲਿਆ ਜਾਵੇਗਾ।

## ਜੀਓ' ਬਣਿਆ ਅੰਮ੍ਰਿਤਸਰ 'ਚ 5ਜੀ ਸੇਵਾਵਾਂ ਸ਼ੁਰੂ ਕਰਨ ਵਾਲਾ ਪਹਿਲਾ ਆਪਰੇਟਰ

ਅੰਮ੍ਰਿਤਸਰ : ਰਿਲਾਇੰਸ 'ਜੀਓ' ਨੇ ਗੁਰੂ ਦੀ ਨਗਰੀ ਅੰਮ੍ਰਿਤਸਰ ਵਿੱਚ ਆਪਣੀਆਂ 5ਜੀ ਸੇਵਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਰਿਲਾਇੰਸ ਜੀਓ ਹੁਣ ਚੰਡੀਗੜ੍ਹ ਟ੍ਰਾਈਸਿਟੀ ਅਤੇ ਲੁਧਿਆਣਾ ਤੋਂ ਬਾਅਦ ਅੰਮ੍ਰਿਤਸਰ ਵਿੱਚ ਵੀ 5ਜੀ ਸੇਵਾ ਸ਼ੁਰੂ ਕਰਨ ਵਾਲਾ ਪਹਿਲਾ ਅਤੇ ਇਕਲੌਤਾ ਆਪਰੇਟਰ ਬਣ ਗਿਆ ਹੈ। ਚੰਡੀਗੜ੍ਹ ਟ੍ਰਾਈਸਿਟੀ ਅਤੇ ਲੁਧਿਆਣਾ ਵਿੱਚ ਜੀਓ ਗਾਹਕ ਪਿਛਲੇ ਕੁਝ ਸਮੇਂ ਤੋਂ ਜੀਓ 5ਜੀ ਸੇਵਾਵਾਂ ਦਾ ਆਨੰਦ ਲੈ ਰਹੇ ਹਨ। ਅੱਜ ਤੋਂ ਅੰਮ੍ਰਿਤਸਰ ਵਿੱਚ ਵੀ ਜੀਓ ਉਪਭੋਗਤਾਵਾਂ ਨੂੰ ਬਿਨਾਂ ਕਿਸੇ ਵਾਧੂ ਕੀਮਤ ਦੇ 1 ਜੀਬੀਪੀਐੱਸ+ ਸਪੀਡ ਤੱਕ ਅਸੀਮਤ ਡੇਟਾ ਦਾ ਅਨੁਭਵ ਕਰਨ ਲਈ ਵੈਲਕਮ ਆਫਰ ਲਈ ਸੱਦਾ ਦਿੱਤਾ ਜਾਵੇਗਾ। ਜੀਓ ਦਾ ਟ੍ਰੂ 5ਜੀ ਨੈੱਟਵਰਕ ਦਰਬਾਰ ਸਾਹਿਬ ਅਤੇ ਹੋਰ ਸੈਲਾਨੀ ਆਕਰਸਣ, ਵਿਦਿਅਕ ਅਤੇ ਕੋਚਿੰਗ ਸੰਸਥਾਵਾਂ, ਮਾਲ ਅਤੇ ਬਾਜ਼ਾਰ, ਰਿਹਾਇਸ਼ੀ ਖੇਤਰ, ਹਸਪਤਾਲ, ਸਰਕਾਰੀ ਇਮਾਰਤਾਂ, ਹੋਟਲ ਅਤੇ ਰੈਸਟੋਰੈਂਟ, ਸੜਕਾਂ ਅਤੇ ਹਾਈਵੇ ਆਦਿ ਵਰਗੇ ਹੋਰ ਵਪਾਰਕ ਅਦਾਰਿਆਂ ਸਮੇਤ ਸਾਰੇ ਮਹੱਤਵਪੂਰਨ ਸਥਾਨਾਂ ਅਤੇ ਖੇਤਰਾਂ 'ਤੇ ਚਲੇਗਾ। ਜੀਓ ਪੰਜਾਬ ਵਿੱਚ ਆਪਣੀ ਟ੍ਰੂ 5ਜੀ ਕਵਰੇਜ ਨੂੰ ਮਜ਼ਬੂਤ ਕਰਨ ਅਤੇ ਜੀਓ ਉਪਭੋਗਤਾਵਾਂ ਨੂੰ ਟੈਕਨਾਲੋਜੀ ਦੇ ਪਰਿਵਰਤਨਸ਼ੀਲ ਲਾਭ ਪ੍ਰਦਾਨ ਕਰਨ ਲਈ ਪੂਰੇ ਪੰਜਾਬ ਵਿੱਚ ਤੇਜ਼ੀ ਨਾਲ ਰੋਲਆਊਟ ਕਰ ਰਿਹਾ ਹੈ। ਅੱਗੇ ਵਿਸਤਾਰ ਦਿੰਦੇ ਹੋਏ ਜੀਓ ਦੇ ਬੁਲਾਰੇ ਨੇ ਕਿਹਾ ਕਿ ਸਾਨੂੰ ਸਿਫਤੀ ਦੇ ਘਰ ਅੰਮ੍ਰਿਤਸਰ ਵਿੱਚ 5ਜੀ ਰੋਲ ਆਊਟ ਕਰਨ 'ਤੇ ਮਾਣ ਹੈ। ਜੀਓ ਪੰਜਾਬ ਦੇ ਉਪਭੋਗਤਾਵਾਂ, ਖਾਸ ਕਰਕੇ ਨੌਜਵਾਨਾਂ ਲਈ ਸਭ ਤੋਂ ਪਸੰਦੀਦਾ ਆਪਰੇਟਰ ਅਤੇ ਟੈਕਨਾਲੋਜੀ ਬ੍ਰਾਂਡ ਹੈ ਅਤੇ ਇਹ ਲਾਂਚ ਪੰਜਾਬ ਦੇ ਲੋਕਾਂ ਤੇ ਭਾਰਤ ਅਤੇ ਪੂਰੀ ਦੁਨੀਆ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਪ੍ਰਤੀ 'ਜੀਓ' ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਮੰਡੀ ਹਜ਼ੂਰ ਸਿੰਘ 'ਚ ਹੋਏ ਨਰੇਗਾ ਘਪਲੇ ਦਾ ਮਾਮਲਾ ਮੁੜ ਸੁਰਖੀਆਂ 'ਚ

- ਨਰੇਗਾ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਪਰਿਵਾਰ ਸਮੇਤ ਧਰਨਾ ਪ੍ਰਦਰਸ਼ਨ
- 26 ਜਨਵਰੀ ਨੂੰ ਆਤਮਹੱਤਿਆ ਕਰਨ ਦੀ ਦਿੱਤੀ ਚਿਤਾਵਨੀ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਪਿੰਡ ਮੰਡੀ ਹਜ਼ੂਰ ਸਿੰਘ 'ਚ ਕੁੱਝ ਸਾਲ ਪਹਿਲਾਂ ਹੋਏ ਨਰੇਗਾ ਘੋਟਾਲੇ ਦਾ ਮਾਮਲਾ ਉਦੋਂ ਇੱਕ ਵਾਰ ਫਿਰ ਸੁਰਖੀਆਂ ਵਿੱਚ ਆ ਗਿਆ, ਜਦੋਂ ਪਿੰਡ ਦੇ ਹੀ ਕੁੱਝ ਨਰੇਗਾ ਮਜ਼ਦੂਰਾਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਦੇ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪ੍ਰੇਮ ਸਿੰਘ ਤੇ ਹੋਰਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2019 ਵਿੱਚ ਨਰੇਗਾ ਅਧੀਨ ਉਸ ਸਮੇਂ ਦੇ ਮੇਟ ਗੁਰਚਰਨ ਸਿੰਘ ਤੇ ਸਰਪੰਚ ਸੰਦੀਪ ਸਿੰਘ ਦੀ ਕਥਿਤ ਮਿਲੀਭੁਗਤ ਨਾਲ ਕੁੱਝ ਮ੍ਰਿਤਕ ਲੋਕਾਂ ਦੀ ਹਾਜ਼ਰੀ ਗਲਤ ਤਰੀਕੇ ਨਾਲ ਲਗਵਾ ਕੇ ਹੋਰ ਲੋਕਾਂ ਦੇ ਖਾਤਿਆਂ ਰਾਹੀਂ ਨਰੇਗਾ ਦੇ ਪੈਸੇ ਕਢਵਾਏ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਦੇ ਪਿੰਡ ਦੇ ਸ਼ਿਕਾਇਤਕਰਤਾ ਹਰਦੀਪ ਸਿੰਘ ਦੀ ਸ਼ਿਕਾਇਤ 'ਤੇ ਮੇਟ ਸਮੇਤ ਕੁੱਝ ਲੋਕਾਂ 'ਤੇ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਮੁਕੱਦਮੇ ਵਿੱਚ ਉਨ੍ਹਾਂ ਦੇ ਨਾਮ ਵੀ ਸ਼ਾਮਲ ਸਨ। ਉਨ੍ਹਾ ਕਿਹਾ ਕਿ ਜਿਹੜੇ ਵਿਅਕਤੀਆਂ ਨੇ ਇਸ ਤਰ੍ਹਾਂ ਨਰੇਗਾ ਤਹਿਤ ਮ੍ਰਿਤਕ ਲੋਕਾਂ ਦੀਆਂ ਗਲਤ ਹਾਜ਼ਰੀਆਂ ਲਗਵਾ ਕੇ ਪੈਸੇ ਕਢਵਾਏ ਸਨ, ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨਾਲ ਕਥਿਤ ਮਿਲੀਭੁਗਤ ਤੇ ਆਪਣੀ ਸਿਆਸੀ ਪਹੁੰਚ ਕਾਰਨ ਆਪਣਾ ਨਾਮ ਮੁਕੱਦਮੇ ਵਿੱਚੋਂ ਕਢਵਾ ਲਿਆ, ਪਰ ਉਨ੍ਹਾਂ ਦਾ ਨਾਮ ਅਜੇ ਤੱਕ ਨਹੀਂ ਨਿਕਲਿਆ।



ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਤੇ ਬਿਨ੍ਹਾਂ ਵਜ੍ਹਾ ਤੋਂ ਨਜਾਇਜ਼ ਮੁਕੱਦਮਾ ਦਰਜ ਕੀਤਾ ਗਿਆ ਸੀ ਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਦਿਨ ਜੇਲ੍ਹ ਵਿੱਚ ਵੀ ਬੰਦ ਰਹਿਣਾ ਪਿਆ ਸੀ। ਉਨ੍ਹਾਂ ਕਿਹਾ ਕਿ ਉਹ ਉਦੋਂ ਤੋਂ ਹੀ ਆਪਣੇ 'ਤੇ ਹੋਏ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਸਬੰਧਤ ਅਧਿਕਾਰੀਆਂ ਦੇ ਦਫਤਰਾਂ ਦੇ ਚੱਕਰ ਕੱਟ ਰਹੇ ਹਨ, ਪਰ ਅਜੇ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਜਲਦੀ ਸੁਣਵਾਈ ਨਹੀਂ ਹੋਈ ਤਾਂ ਉਹ 26 ਜਨਵਰੀ ਗਣਤੰਤਰ ਦਿਵਸ ਮੌਕੇ ਆਪਣੇ ਸਮੂਹ ਪਰਿਵਾਰਕ ਮੈਂਬਰਾਂ ਸਮੇਤ ਆਤਮ ਹੱਤਿਆ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਇਸਦੇ ਜ਼ਿੰਮੇਵਾਰ ਸਬੰਧਤ ਵਿਅਕਤੀ ਤੇ ਅਧਿਕਾਰੀ ਹੋਣਗੇ। ਉਨ੍ਹਾਂ ਸਰਕਾਰ ਤੋਂ ਉਨ੍ਹਾਂ 'ਤੇ ਹੋਏ ਮੁਕੱਦਮੇ ਦੀ ਜਾਂਚ ਕਰਵਾ ਕੇ ਉਨ੍ਹਾਂ ਦੇ ਨਾਮ ਮੁਕੱਦਮੇ ਵਿੱਚੋਂ ਬਾਹਰ ਕੱਢਣ ਦੀ ਮੰਗ ਕੀਤੀ ਹੈ।

ਉਧਰ ਜਦੋਂ ਸ਼ਿਕਾਇਤਕਰਤਾ ਹਰਦੀਪ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਸ ਨੇ ਦੱਸਿਆ ਕਿ 11-02-19 ਨੂੰ ਗੁਰਚਰਨ ਸਿੰਘ ਮੇਟ ਸਹਿਤ 6 ਲੋਕਾਂ ਤੇ ਥਾਣਾ ਸਦਰ ਫਾਜ਼ਿਲਕਾ ਵਿਖੇ ਮੁਕੱਦਮਾ ਨੰਬਰ 21 ਅਧੀਨ ਧਾਰਾ 409, 406, 465, 467, 468, 471 ਤੇ 120ਬੀ ਤਹਿਤ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਬਾਅਦ ਵਿੱਚ ਸਬੰਧਤ ਪੁਲਸ ਅਧਿਕਾਰੀਆਂ ਨੇ ਬਿਨਾਂ ਉਸ ਨੂੰ ਸੁਣੇ ਹੀ ਗੁਰਚਰਨ ਸਿੰਘ ਮੇਟ ਨੂੰ ਮੁਕੱਦਮੇ ਵਿੱਚੋਂ ਬਾਹਰ ਕੱਢ ਦਿੱਤਾ ਤੇ ਬਾਕੀਆਂ ਦੇ ਨਾਮ ਉਸੇ ਤਰ੍ਹਾਂ ਹੀ ਸ਼ਾਮਲ ਰਹਿਣ ਦਿੱਤੇ ਗਏ। ਸ਼ਿਕਾਇਤਕਰਤਾ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਇਸ ਮੁਕੱਦਮੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਜਦੋਂ ਇਸ ਬਾਰੇ ਸਬੰਧਤ ਸਰਪੰਚ ਸੰਦੀਪ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਇਸ ਵੇਲੇ ਉਹ ਆਪਣੀ ਕਾਰ ਡਰਾਈਵ ਕਰ ਰਹੇ ਹਨ ਤੇ ਬਾਅਦ 'ਚ ਵਾਪਸ ਫੋਨ ਕਰਨਗੇ। ਸਬੰਧਤ ਨਰੇਗਾ ਮੇਟ ਨਾਲ ਸੰਪਰਕ ਨਹੀਂ ਹੋ ਸਕਿਆ।

# ਨਕਲੀ ਦੁੱਧ ਦੀ ਫੈਕਟਰੀ ਦਾ ਸਰਗਨਾ ਸਿਹਤ ਵਿਭਾਗ ਦੀ ਗ੍ਰਿਫ਼ਤ 'ਚੋਂ ਬਾਹਰ

- ਫੈਕਟਰੀ ਦੇ ਦੋ ਸਹਿਯੋਗੀਆਂ ਵਿਰੁੱਧ ਪੁਲਸ ਵੱਲੋਂ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**

ਸ਼ਹਿਰ ਵਿੱਚ ਦੁੱਧ, ਦਹੀਂ ਤੇ ਪਨੀਰ ਗੈਰ-ਮਿਆਰੀ ਵਸਤੂਆਂ ਦੀ ਵਿਕਰੀ ਜ਼ੋਰਾਂ 'ਤੇ ਹੈ। ਸ਼ਹਿਰ ਦੇ ਹਰ ਮੁਹੱਲੇ ਵਿੱਚ ਧੜਾਧੜ ਡੇਅਰੀਆਂ ਖੁੱਲ੍ਹ ਰਹੀਆਂ ਹਨ, ਜਿਨ੍ਹਾਂ ਕੋਲ ਕੋਈ ਪ੍ਰਮਾਣ ਪੱਤਰ ਨਹੀਂ ਹੈ ਅਤੇ ਜੋ ਦੁੱਧ ਤੋਂ ਬਣੀਆਂ ਗੈਰ-ਮਿਆਰੀ ਵਸਤੂਆਂ ਦੀ ਵਿਕਰੀ ਜ਼ੋਰਾਂ 'ਤੇ ਕਰ ਰਹੇ ਹਨ।

ਇਸ ਸਬੰਧੀ ਸਿਹਤ ਵਿਭਾਗ ਦੇ ਫੂਡ ਇੰਸਪੈਕਟਰ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ, ਜਿਸ ਦਾ ਨਤੀਜਾ ਬੀਤੇ ਕੱਲ੍ਹ ਹਜ਼ਾਰਾਂ ਲੀਟਰ ਨਕਲੀ ਦੁੱਧ ਬਰਾਮਦ ਕੀਤਾ ਗਿਆ, ਜੋ ਕਿ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਇਸ ਕਾਰਵਾਈ ਨੂੰ ਅੰਜ਼ਾਮ ਦਿੱਤਾ ਗਿਆ, ਪ੍ਰੰਤੂ ਇਸ ਨਕਲੀ ਦੁੱਧ ਦੀ ਫੈਕਟਰੀ ਦਾ ਸਰਗਨਾ ਜੋਕਿ ਬੇਖੌਫ਼ ਡਾਕਖਾਨਾ ਚੌਕ ਵਿੱਚ ਨਕਲੀ ਦੇਸੀ ਘਿਓ, ਦੁੱਧ ਤੇ ਖੋਆ ਸ਼ਹਿਰ ਵਾਸੀਆਂ ਨੂੰ ਪਰੋਸ ਰਿਹਾ ਹੈ ਅਤੇ ਉਹ ਅਜੇ ਵੀ ਸਿਹਤ



ਮਲੋਟ ਵਿਖੇ ਨਕਲੀ ਦੁੱਧ ਫੈਕਟਰੀ ਦੇ ਨਮੂਨੇ ਭਰਦੇ ਹੋਏ ਸਿਹਤ ਵਿਭਾਗ ਦੇ ਕਰਮਚਾਰੀ।

ਵਿਭਾਗ ਦੀ ਗ੍ਰਿਫ਼ਤ 'ਚੋਂ ਬਾਹਰ ਹੈ, ਪ੍ਰੰਤੂ ਪੁਲਸ ਵੱਲੋਂ ਉਸ ਦੇ ਦੋ ਸਹਿਯੋਗੀਆਂ ਵਿਰੁੱਧ ਧਾਰਾ 272, 273, 274,420 ਆਈ.ਪੀ.ਸੀ. ਤੇ 7 ਈ. ਸੀ. ਐਕਟ 1955 ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਹਿਰ ਵਾਸੀਆਂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਦੇ ਮੁਹੱਲਿਆਂ ਵਿੱਚ ਚੱਲ ਰਹੀਆਂ ਗੈਰ-ਕਾਨੂੰਨੀ ਡੇਅਰੀਆਂ ਤੇ ਨਕਲੀ ਦੁੱਧ ਫੈਕਟਰੀ ਦੇ ਸਰਗਨੇ ਨੂੰ ਕਾਬੂ ਕਰਕੇ ਸ਼ਹਿਰ ਵਾਸੀਆਂ ਨੂੰ ਸ਼ੁੱਧ ਦੁੱਧ ਤੋਂ ਬਣੀਆਂ ਵਸਤੂਆਂ ਮੁਹੱਈਆ ਕਰਵਾਉਣ।

## ਕਾਤਰਾਂ

### ਕੇਂਦਰੀ ਵਿਦਿਆਲਿਆ ਵਿਖੇ ਪੇਂਟਿੰਗ ਮੁਕਾਬਲਾ ਕਰਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਕੇਂਦਰੀ ਵਿਦਿਆਲਿਆ ਫਰੀਦਕੋਟ ਛਾਉਣੀ ਵਿਖੇ 'ਪ੍ਰੀਖਿਆ ਤੇ ਚਰਚਾ 2023' ਤਹਿਤ ਪ੍ਰਿੰਸੀਪਲ ਡਾ: ਹਰਜਿੰਦਰ ਕੌਰ ਦੀ ਪ੍ਰਧਾਨਗੀ ਹੇਠ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਬ੍ਰਿਗੇਡੀਅਰ ਮਨੀਸ਼ ਕੁਮਾਰ ਤੇ ਕੇਂਦਰੀ ਵਿਦਿਆਲਿਆ ਫਰੀਦਕੋਟ ਦੇ ਚੇਅਰਮੈਨ ਕਰਨਲ ਪ੍ਰਦੀਪ ਕੁਮਾਰ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਵਿੱਚ 17 ਸਕੂਲਾਂ ਦੇ 110 ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ। ਇਸ ਮੌਕੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੁਆਰਾ ਲਿਖੀ ਕਿਤਾਬ 'ਐਗਜਾਮ ਵਾਰੀਅਰ' ਤੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੰਡੇ ਗਏ। ਸਾਰਾ ਪ੍ਰੋਗਰਾਮ ਅਗਰ ਚੰਦ, ਪ੍ਰਦੀਪ ਕੁਮਾਰ ਤੇ ਕੇਦਾਰਨਾਥ ਦੀ ਦੇਖ-ਰੇਖ ਹੇਠ ਹੋਇਆ।

### ਐੱਨ ਸੀ ਸੀ ਕੈਡਿਟਾਂ ਨੇ ਸਾਲਾਨਾ ਸਿਖਲਾਈ ਕੈਂਪ 'ਚ ਕੀਤੀ ਸ਼ਿਰਕਤ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਗਲੋਬਲ ਸਕੂਲ, ਮੰਡੀ ਗੋਬਿੰਦਗੜ੍ਹ ਦੇ ਐਨ.ਸੀ.ਸੀ.(ਏਅਰ ਵਿੰਗ) ਦੇ ਕੈਡਿਟਾਂ ਨੇ ਨਨਕਾਣਾ ਪਬਲਿਕ ਸਕੂਲ, ਰਾਮਪੁਰ ਛੰਨਾ ਵਿੱਚ ਆਯੋਜਤ ਸਾਲਾਨਾ ਸਿਖਲਾਈ ਕੈਂਪ ਵਿੱਚ ਸ਼ਿਰਕਤ ਕੀਤੀ।

ਏ.ਐਨ.ਓ ਅੱਛਰਪਾਲ ਸਿੰਘ ਦੀ ਅਗਵਾਈ ਵਿੱਚ ਡੀ.ਬੀ.ਜੀ.ਐਸ ਦੇ ਕੁੱਲ 16 ਕੈਡਿਟਾਂ ਨੇ 7 ਰੋਜ਼ਾ ਕੈਂਪ ਵਿੱਚ ਸ਼ਿਰਕਤ ਕੀਤੀ। ਸੀ ਈ ਗਰੁੱਪ ਲੀਡਰ ਰਾਜੇਸ਼ ਸ਼ਰਮਾ ਨੇ 3 ਤੋਂ ਸਿਖਲਾਈ ਸੈਸ਼ਨ ਦਾ ਸੰਚਾਲਨ ਕੀਤਾ, ਜਿਸ ਵਿੱਚ ਹੋਰ ਸਕੂਲਾਂ ਤੋਂ ਵੀ ਲਗਭਗ 450 ਕੈਡਿਟ ਸ਼ਾਮਲ ਹੋਏ। ਸਾਰੇ ਕੈਡਿਟਾਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਡਰਿਲ, ਫਾਈਟਿੰਗ, ਟੈਂਕ ਦੀ ਸਵਾਰੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਸੱਭਿਆਚਾਰਕ ਗਤੀਵਿਧੀਆਂ ਜਿਵੇਂ ਭਾਸ਼ਣ ਮੁਕਾਬਲੇ ਵੀ ਕਰਾਏ ਗਏ। ਸਾਰੇ ਕੈਡਿਟਾਂ ਨੇ 'ਏ' ਗ੍ਰੇਡ ਦੀ ਪ੍ਰੀਖਿਆ ਵਿੱਚ ਭਾਗ ਲਿਆ। ਕੁੱਲ ਮਿਲਾ ਕੇ ਕੈਡਿਟਾਂ ਲਈ ਇਹ ਬਹੁਤ ਵਧੀਆ ਸਮਾਂ ਸੀ। ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਤਜਿੰਦਰ ਕੌਰ ਅਤੇ ਸਕੂਲ ਪ੍ਰਿੰਸੀਪਲ ਰਜਨੀਸ਼ ਮਦਾਨ ਨੇ ਕੈਡਿਟਾਂ ਦਾ ਵਾਪਸੀ 'ਤੇ ਸਵਾਗਤ ਕੀਤਾ।

# ਗੈਂਗਰੇਪ ਦਾ ਸ਼ਿਕਾਰ ਨਾਬਾਲਗ ਤੇ ਪਰਵਾਰ ਨਾਲ ਪ੍ਰਨੀਤ ਕੌਰ ਵੱਲੋਂ ਮੁਲਾਕਾਤ

- ਉੱਚ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਦੇ ਆਦੇਸ਼

**ਸਮਾਣਾ (ਇਕਬਾਲ ਸਿੰਘ, ਗੁਰਪਿਆਰ ਸਿੰਘ)**-ਬੀਤੇ ਦਿਨੀਂ ਪਟਿਆਲਾ ਦੇ ਨੇੜਲੇ ਪਿੰਡ ਬਲਬੇੜਾ ਦੀ 12 ਸਾਲ ਦੀ ਬੱਚੀ, ਜਿਸ ਨਾਲ 2 ਹੈਵਾਨਾਂ ਵੱਲੋਂ ਬਲਾਤਕਾਰ ਕੀਤਾ ਗਿਆ ਸੀ, ਨਾਲ ਰਜਿੰਦਰਾ ਹਸਪਤਾਲ ਵਿਖੇ ਐੱਮ. ਪੀ. ਪਟਿਆਲਾ ਪ੍ਰਨੀਤ ਕੌਰ ਨੇ ਮੁਲਾਕਾਤ ਕੀਤੀ। ਇਸ ਮੌਕੇ ਸਾਂਸਦ ਨੇ ਪਰਿਵਾਰ ਨੂੰ ਹਿੰਮਤ ਰੱਖਣ ਲਈ ਹੌਸਲਾ ਦਿੱਤਾ ਅਤੇ ਬੇਟੀ ਨੂੰ ਪੂਰੀ ਮਦਦ ਕਰਨ ਦਾ ਭਰੋਸਾ ਦਿੱਤਾ। ਪ੍ਰਨੀਤ ਕੌਰ ਨੇ ਉੱਚ ਅਧਿਕਾਰੀਆਂ ਨੂੰ ਫੋਨ ਲਗਾ ਕੇ ਪੁਲਸ ਪ੍ਰਸ਼ਾਸਨ ਤੋਂ ਸਖਤ ਸਜ਼ਾ ਦੀ ਮੰਗ ਕੀਤੀ।



ਇਸ ਦੌਰਾਨ ਪਿੰਡ ਵਾਸੀਆਂ ਦੀ ਮੰਗ 'ਤੇ ਮੌਕੇ 'ਤੇ ਹੀ ਪਟਿਆਲਾ ਐੱਸ.ਐੱਸ.ਪੀ. ਨੂੰ ਹਦਾਇਤ ਦਿੱਤੀ ਕਿ ਪਿੰਡ ਦੀ ਧਰਮਸ਼ਾਲਾ ਨੇੜੇ ਰੋਜ਼ਾਨਾ ਪੁਲਸ ਗਸ਼ਤ ਕਰਵਾਈ ਜਾਵੇ, ਤਾਂ ਜੋ ਅੱਗੋਂ ਅਜਿਹੇ ਹਾਲਾਤ ਪੈਦਾ ਨਾ ਹੋਣ। ਜ਼ਿਕਰਯੋਗ ਹੈ ਕਿ ਥਾਣਾ ਸਦਰ ਪਟਿਆਲਾ ਤੇ ਹਲਕਾ ਸਨੌਰ ਅਧੀਨ ਪੈਂਦੀ ਪੁਲਸ ਚੌਕੀ ਬਲਬੇੜਾ ਅਧੀਨ ਪੈਂਦੇ ਪਿੰਡ ਬਲਬੇੜਾ ਵਿੱਚ ਬੀਤੀ ਸ਼ਨਿੱਚਰਵਾਰ ਰਾਤ ਦੋ ਲੜਕਿਆਂ ਵੱਲੋਂ ਪਿੰਡ ਦੀ ਹੀ 11 ਵਰ੍ਹਿਆਂ ਇੱਕ ਲੜਕੀ ਨਾਲ ਚੱਲਦੀ ਕਾਰ ਵਿੱਚ ਕਥਿਤ ਰੂਪ 'ਚ ਜਬਰ-ਜ਼ਨਾਹ ਕੀਤਾ ਗਿਆ। ਪੁਲਸ ਕੋਲ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਬੱਚੀ ਦੇ ਪਿਤਾ ਨੇ ਦੱਸਿਆ ਕਿ ਬੱਚੀ ਜਦੋਂ ਆਪਣੇ ਚਾਚੇ ਦੇ ਘਰ ਜਾ ਰਹੀ ਸੀ, ਤਾਂ ਦੋ ਲੜਕਿਆਂ ਨੇ ਉਸ ਨੂੰ ਜਬਰੀ ਚੁੱਕ ਕੇ ਕਾਰ ਵਿੱਚ ਸੁੱਟ ਲਿਆ ਤੇ ਚੱਲਦੀ ਕਾਰ ਵਿੱਚ ਹੀ ਦੋਵਾਂ ਨੇ ਉਸ ਨਾਲ ਜਬਰ-ਜ਼ਨਾਹ ਕੀਤਾ। ਪੀੜਤ ਲੜਕੀ ਪਟਿਆਲਾ ਸਥਿਤ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਗਾਇਨੀ ਵਾਰਡ ਵਿੱਚ ਜ਼ੇਰੇ ਇਲਾਜ ਹੈ। ਲੜਕੀ ਦੇ ਪਿਤਾ ਦੀ ਸ਼ਿਕਾਇਤ 'ਤੇ ਦੋਵਾਂ ਲੜਕਿਆਂ ਅਮਨਦੀਪ ਸਿੰਘ ਅਮਨੀ ਤੇ ਦਲਬੀਰ ਸਿੰਘ ਦੱਲੀ ਖਿਲਾਫ਼ ਥਾਣਾ ਸਦਰ ਪਟਿਆਲਾ ਵਿੱਚ ਕੇਸ ਦਰਜ ਕਰਕੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਖੋਖਲੇ ਸਾਬਿਤ ਹੋਏ ਨੇ ਹੁਣ ਤੱਕ ਦੀਆਂ ਸਰਕਾਰਾਂ ਦੇ ਵਾਅਦੇ ਤੇ ਦਾਅਵੇ : ਸਿੱਧੂ

## ਪੰਜਾਬ ਪੱਖੀ ਸੋਚ ਰੱਖਣ ਵਾਲਿਆਂ ਨੂੰ ਸ਼੍ਰੋਮਣੀ ਅਕਾਲੀ ਦਲ (ਅ) ਨਾਲ ਜੁੜਨ ਦੀ ਅਪੀਲ

**ਲੌਂਗੋਵਾਲ (ਪ੍ਰਦੀਪ ਸੱਪਲ)**-ਪੰਜਾਬ ਵਿੱਚ ਹੁਣ ਤੱਕ ਬਣੀਆਂ ਵੱਖ-ਵੱਖ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰਨ ਦੀ ਬਜਾਏ ਨਿੱਜੀ ਹਿੱਤਾਂ ਵੱਲ ਜ਼ਿਆਦਾ ਧਿਆਨ ਦਿੱਤਾ ਹੈ, ਜਿਸ ਸਦਕਾ ਸਰਕਾਰਾਂ ਬਣਾਉਣ ਵਾਲੀਆਂ ਪਾਰਟੀਆਂ ਦੇ ਲੀਡਰ ਤਾਂ ਖੁਸ਼ਹਾਲ ਹੋਏ, ਪਰ ਪੰਜਾਬ ਦੀ ਸਥਿਤੀ ਅੱਜ ਵੀ ਜਿਉਂ ਦੀ ਤਿਉਂ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਹਲਕਾ ਸੁਨਾਮ ਤੋਂ ਇੰਚਾਰਜ ਅਮ੍ਰਿਤਪਾਲ ਸਿੰਘ ਨੇ ਸੰਗਰੂਰ ਦਫਤਰ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਪਾਰਟੀ ਦੇ ਸਰਗਰਮ ਆਗੂ ਅਮਰਜੀਤ ਸਿੰਘ ਗਿੱਲ ਤੇ ਮਲਕੀਤ ਸਿੰਘ ਬੇਲਾ ਵੀ ਮੌਜੂਦ ਸਨ।



ਸ. ਅਮ੍ਰਿਤਪਾਲ ਸਿੰਘ ਨੇ ਕਿਹਾ ਕਿ ਪੰਜਾਬ ਉੱਪਰ ਹੁਣ ਤੱਕ ਰਾਜ ਕਰਨ ਵਾਲੀਆਂ ਰਿਵਾਇਤੀ ਪਾਰਟੀਆਂ ਬਾਦਲ ਦਲ, ਕਾਂਗਰਸ ਤੇ ਵਰਤਮਾਨ ਵਿੱਚ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਵੱਲੋਂ ਜੋ ਪੰਜਾਬ ਦੇ ਵਿਕਾਸ, ਖੁਸ਼ਹਾਲੀ ਤੇ ਅਮਨ-ਸ਼ਾਂਤੀ ਲਈ ਵਾਅਦੇ ਅਤੇ ਦਾਅਵੇ ਕੀਤੇ ਜਾਂਦੇ ਰਹੇ ਹਨ, ਸਭ ਖੋਖਲੇ ਸਾਬਿਤ ਹੋਏ ਹਨ। ਹਾਥੀ ਦੇ ਦੰਦ ਦਿਖਾਉਣ ਵਾਲੇ ਹੋਰ ਤੇ ਖਾਣ ਵਾਲੇ ਹੋਰ ਵਾਲੀ ਕਹਾਵਤ ਅਨੁਸਾਰ ਹੁਣ ਤੱਕ ਸੱਤਾ 'ਤੇ ਕਾਬਜ਼ ਹੁੰਦੀਆਂ ਆਈਆਂ ਪਾਰਟੀਆਂ ਦੇ ਆਗੂਆਂ ਦੀ ਕਹਿਣੀ ਤੇ ਕਥਨੀ ਵਿੱਚ ਵੀ ਫਰਕ ਹੀ ਰਿਹਾ ਹੈ, ਜਿਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਸੱਤਾ ਹਾਸਲ ਕੀਤੀ ਸੀ ਤੇ ਕੀਤਾ ਕੁਝ ਨਹੀਂ, ਉਸੇ ਤਰਜ਼ 'ਤੇ ਮੌਜੂਦਾ ਆਮ ਆਦਮੀ ਪਾਰਟੀ ਵੀ ਚੱਲ ਰਹੀ ਹੈ। ਪੰਜਾਬ ਵਿੱਚ ਅਮਨ-ਸ਼ਾਂਤੀ ਬਹਾਲ ਕਰਨ ਵਿੱਚ ਮੌਜੂਦਾ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਕਾਂਗਰਸ, ਆਮ ਆਦਮੀ ਪਾਰਟੀ ਤੇ ਬਾਦਲ ਦਲ ਤਿੰਨੋਂ ਹੀ ਪਾਰਟੀਆਂ ਲੋਕਾਂ ਦਾ ਭਰੋਸਾ ਗੁਆ ਚੁੱਕੀਆਂ ਹਨ।

ਆਗੂਆਂ ਨੇ ਪੰਜਾਬ ਪੱਖੀ ਸੋਚ ਰੱਖਣ ਵਾਲੇ ਸਾਰੇ ਹੀ ਸੂਝਵਾਨ ਪੰਜਾਬੀਆਂ ਨੂੰ ਸੂਬੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਨਾਲ ਜੁੜਨ ਦੀ ਅਪੀਲ ਕੀਤੀ ਤੇ ਦਾਅਵੇ ਨਾਲ ਕਿਹਾ ਕਿ ਪੰਜਾਬ ਹਿੱਤਾਂ ਦੀ ਰਾਖੀ, ਜੇ ਕੋਈ ਕਰ ਸਕਦਾ ਹੈ ਤਾਂ ਉਹ ਸਿਰਫ ਤੇ ਸਿਰਫ ਸ੍ਰ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਸੰਗਰੂਰ ਹੀ ਹਨ।

# ਚੇਅਰਮੈਨ ਸਾਕੀਬ ਅਲੀ ਰਾਜਾ ਦਾ ਨਾਭਾ ਪੁੱਜਣ 'ਤੇ ਸਨਮਾਨ

**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੇ ਗ੍ਰਹਿ ਗੁਰੂ ਤੇਗ ਬਹਾਦਰ ਨਗਰ ਵਿਖੇ ਪੁੱਜਣ 'ਤੇ ਜ਼ਿਲ੍ਹਾ ਯੋਜਨਾ ਬੋਰਡ ਮਾਲੇਰਕੋਟਲਾ ਦੇ ਨਵ-ਨਿਯੁਕਤ ਚੇਅਰਮੈਨ ਸਾਕੀਬ ਅਲੀ ਰਾਜਾ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਮਾਲੇਰਕੋਟਲਾ ਦਾ ਸਨਮਾਨ ਕੀਤਾ ਤੇ ਗੁਲਦਸਤਾ ਦੇ ਕੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਆਉਣ ਵਾਲੇ ਸੁਨਹਿਰੇ ਭਵਿੱਖ ਲਈ ਸ਼ੁੱਭ-ਇੱਛਾਵਾਂ ਦਿੱਤੀਆਂ। ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਇਮਾਨਦਾਰ ਤੇ ਮਿਹਨਤੀ ਆਗੂਆਂ ਅਤੇ ਵਲੰਟੀਅਰਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੱਡੀਆਂ ਜ਼ਿੰਮੇਵਾਰੀਆਂ ਦੇ ਕੇ ਸੂਬੇ ਨੂੰ ਮੁੜ ਤੋਂ ਤਰੱਕੀ ਵੱਲ ਲਿਜਾਣ ਤੇ ਖੁਸ਼ਹਾਲ ਬਣਾਉਣ ਲਈ ਰੰਗਲਾ ਪੰਜਾਬ ਟੀਮ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਤਾਂ ਜੋ ਪੰਜਾਬ ਨੂੰ ਮੁੜ ਤੋਂ ਤਰੱਕੀ ਦੀ ਲੀਹ 'ਤੇ ਲਿਆ ਕੇ ਰੰਗਲਾ ਪੰਜਾਬ ਬਣਾਇਆ ਜਾਵੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਅਜਿਹੀ ਪਾਰਟੀ ਹੈ, ਜੋ ਭ੍ਰਿਸ਼ਟਾਚਾਰ ਤੋਂ ਦੂਰ ਆਮ ਘਰਾਂ ਦੇ ਧੀਆਂ-ਪੁੱਤਰਾਂ ਨੂੰ ਨੁਮਾਇੰਦਗੀ ਦੇ ਕੇ ਮੰਤਰੀ, ਐੱਮ.ਐੱਲ.ਏ. ਤੇ ਚੇਅਰਮੈਨ ਬਣਾ ਕੇ ਨੁਮਾਇੰਦਗੀ ਦੇ ਰਹੀ ਰਹੀ ਹੈ। ਨਵ-ਨਿਯੁਕਤ ਚੇਅਰਮੈਨ ਸਾਕੀਬ ਅਲੀ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਸਰਕਾਰ ਵੱਲੋਂ, ਜੋ ਉਨ੍ਹਾ ਨੂੰ ਚੇਅਰਮੈਨ ਬਣਾ ਕੇ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਜੱਸੂ ਫਰਵਾਲੀ, ਗੁਰਪ੍ਰੀਤ ਸਿੰਘ ਚੀਮਾ, ਸੱਤਗੁਰ ਸਿੰਘ ਖਹਿਰਾ, ਸਤਪਾਲ ਸਿੰਘ ਚੌਹਾਨ, ਹਰਪ੍ਰੀਤ ਸਿੰਘ ਭੁੱਲਰ, ਲਾਡੀ ਖਹਿਰਾ, ਜਸਕਰਨਵੀਰ ਸਿੰਘ ਤੇਜੇ, ਕਰਨਦੀਪ ਸਿੰਘ ਆਦਿ ਮੌਜੂਦ ਸਨ।

# ਪੱਟੀ ਰੈਲੀ 'ਚ ਵੱਡੀ ਗਿਣਤੀ 'ਚ ਵਰਕਰ ਸ਼ਾਮਲ ਹੋਣਗੇ : ਬਣਵਾਲਾ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਸ਼ੂਆਂ ਵਿੱਚ ਬਨਾਉਟੀ ਗਰਭਧਾਰਨ ਰਾਹੀਂ ਨਸਲ ਸੁਧਾਰ ਦਾ ਕੰਮ ਕਰ ਰਹੇ ਵਰਕਰਾਂ ਦੀ ਜਥੇਬੰਦੀ ਏ ਆਈ ਵਰਕਰਜ ਯੂਨੀਅਨ ਪੰਜਾਬ ਵੱਲੋਂ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਦਫ਼ਤਰ ਸਾਹਮਣੇ ਪਿਛਲੇ ਚਾਰ ਮਹੀਨਿਆਂ ਤੋਂ ਚੱਲ ਰਹੇ ਪੱਕੇ ਮੋਰਚੇ ਦੌਰਾਨ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸੇ ਤਹਿਤ ਜਥੇਬੰਦੀ ਵੱਲੋਂ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਵਿਖੇ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪੁਚਾਉਣ ਦੇ ਮਕਸਦ ਨਾਲ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਪਟਿਆਲਾ ਜ਼ਿਲ੍ਹੇ ਵਿੱਚ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜਥੇਬੰਦੀ ਦੀ ਮੀਟਿੰਗ ਕੀਤੀ ਗਈ।

ਜ਼ਿਲ੍ਹਾ ਪ੍ਰਧਾਨ ਨਿਸਾਨ ਸਿੰਘ ਬਣਵਾਲਾ ਦੱਸਿਆ ਕਿ ਏ ਆਈ ਵਰਕਰ ਲਗਭਗ 14 ਸਾਲਾਂ ਤੋਂ ਪਸ਼ੂ ਪਾਲਣ ਵਿਭਾਗ ਵਿੱਚ ਬਿਨਾਂ ਤਨਖਾਹ ਤੋਂ ਕੰਮ ਕਰ ਰਹੇ ਹਨ।

ਪਸ਼ੂ ਪਾਲਣ ਵਿਭਾਗ ਏ ਆਈ ਵਰਕਰ ਨੂੰ ਬਿਨਾਂ ਤਨਖਾਹ ਦਿੱਤੇ ਪਸ਼ੂਆਂ ਦੇ ਬਨਾਉਟੀ ਗਰਭਧਾਰਨ ਅਤੇ ਵੈਕਸੀਨ ਦਾ ਕੰਮ ਲਗਾਤਾਰ ਲੈ ਰਿਹਾ ਹੈ, ਜਿਸ ਦੇ ਰੋਸ ਵਜੋਂ ਲਗਭਗ 4 ਮਹੀਨੇ ਤੋਂ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਮੋਹਾਲੀ ਦੇ ਗੇਟ ਮੂਹਰੇ ਧਰਨਾ ਚੱਲ ਰਿਹਾ ਹੈ।

ਡਾਇਰੈਕਟਰ ਤੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਲਾਰਿਆਂ ਤੋਂ ਬਗੈਰ ਵਰਕਰ ਨੂੰ ਕੁਝ ਵੀ ਦੇਣ ਦੇ ਰੌਂਅ ਵਿੱਚ ਨਹੀਂ ਹੈ। ਪਸ਼ੂ ਪਾਲਣ ਵਿਭਾਗ ਦੇ ਮੰਤਰੀ ਤੇ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਨਾਲ ਚਾਰ ਮਹੀਨਿਆਂ ਵਿੱਚ ਕੀਤੀਆਂ ਗਈਆਂ ਮੀਟਿੰਗਾਂ ਬੇਸਿੱਟਾ ਰਹੀਆਂ ਹਨ, ਜਿਸ ਦੇ ਰੋਸ ਵਜੋਂ 28 ਜਨਵਰੀ ਨੂੰ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਦੇ ਹਲਕੇ ਵਿੱਚ ਏਆਈ ਵਰਕਰਾਂ ਵੱਲੋਂ ਰੋਸ ਰੈਲੀ ਕੱਢੀ ਜਾਵੇਗੀ।

ਰੈਲੀ ਵਿੱਚ ਪਟਿਆਲਾ ਜ਼ਿਲ੍ਹੇ ਵਿੱਚ ਵੱਡੀ ਗਿਣਤੀ ਅੰਦਰ ਵਰਕਰ ਹਿੱਸਾ ਲੈਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਰਨਲ ਸੈਕਟਰੀ ਮਨਦੀਪ ਸਿੰਘ ਨਾਭਾ, ਜ਼ਿਲ੍ਹਾ ਖ਼ਜ਼ਾਨਚੀ ਲਖਵਿੰਦਰ ਸਿੰਘ ਕਰਨਪੁਰ, ਗੁਰਮੀਤ ਸਿੰਘ ਸਮਾਣਾ, ਜਸਵੀਰ ਸਿੰਘ ਨਾਭਾ, ਪਰਮਿੰਦਰ ਸਿੰਘ ਰਾਜਪੁਰਾ, ਮਨਦੀਪ ਸਿੰਘ ਦੇਵੀਗੜ੍ਹ, ਜਗਦੀਸ਼ ਸਿੰਘ ਸਨੌਰ, ਵਰਿੰਦਰ ਸਿੰਘ, ਗੁਰਵਿੰਦਰ ਸਿੰਘ ਪਟਿਆਲਾ, ਹਰਵਿੰਦਰ ਤੇ ਭੁਪਿੰਦਰ ਸਿੰਘ ਸੁਤਰਾਣਾ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਯੁਵਕ ਦਿਵਸ 3 ਤੇ 4 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵੱਲੋਂ ਜ਼ਿਲ੍ਹਾ ਪੱਧਰੀ 2 ਰੋਜ਼ਾ ਯੁਵਕ ਦਿਵਸ 3 ਤੇ 4 ਫਰਵਰੀ ਨੂੰ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ਲਹਿਰਾਗਾਗਾ (ਸੰਗਰੂਰ) ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੁਵਕ ਸੇਵਾਵਾਂ ਵਿਭਾਗ ਸੰਗਰੂਰ ਦੇ ਸਹਾਇਕ ਡਾਇਰੈਕਟਰ ਅਰੁਣ ਕੁਮਾਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਸਵਾਮੀ ਵਿਵੇਕਾਨੰਦ ਜੀ ਨੂੰ ਸਮਰਪਤ ਹੋਵੇਗਾ ਤੇ ਇਸ ਪ੍ਰੋਗਰਾਮ ਦਾ ਮੁੱਖ ਮਨੋਰਥ ਨੌਜਵਾਨ ਪੀੜ੍ਹੀ ਨੂੰ ਸਵਾਮੀ ਵਿਵੇਕਾਨੰਦ ਦੀਆਂ ਸਿੱਖਿਆਵਾਂ ਪ੍ਰਤੀ ਜਾਣੂੰ ਕਰਵਾਉਣਾ ਹੈ। ਉਨ੍ਹਾ ਦੱਸਿਆ ਕਿ 3 ਫਰਵਰੀ ਨੂੰ ਖ਼ੂਨਦਾਨ ਕੈਂਪ, ਕੁਇੱਜ਼ ਮੁਕਾਬਲੇ ਤੇ ਸੈਮੀਨਾਰ ਕੀਤਾ ਜਾਵੇਗਾ, ਜਦੋਂਕਿ 4 ਫਰਵਰੀ ਨੂੰ ਪੋਸਟਰ ਮੇਕਿੰਗ, ਸਲੋਗਨ ਮੇਕਿੰਗ, ਕੋਲਾਜ਼ ਮੇਕਿੰਗ, ਭਾਸ਼ਣ ਮੁਕਾਬਲੇ ਕਰਵਾਉਣ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਕੀਤਾ ਜਾਵੇਗਾ।

# ਗਣਤੰਤਰ ਦਿਹਾੜੇ 'ਤੇ ਪੰਜਾਬ ਦੀ ਝਾਕੀ ਸ਼ਾਮਲ ਨਾ ਕਰਨਾ ਨਫਰਤ ਭਰੀ ਸੋਚ ਦਾ ਸਿੱਟਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

'ਜਦੋਂ ਵੀ 15 ਅਗਸਤ ਜਾਂ 26 ਜਨਵਰੀ ਵਾਲੇ ਇੰਡੀਅਨ ਦਿਹਾੜਿਆਂ ਦੇ ਮੌਕੇ ਉਤੇ ਦਿੱਲੀ ਲਾਲ ਕਿਲ੍ਹਾ ਵਿਖੇ ਸਮਾਗਮ ਕੀਤੇ ਜਾਂਦੇ ਹਨ, ਤਾਂ ਉਸ ਵਿੱਚ ਵੱਖ-ਵੱਖ ਸੂਬਿਆਂ ਦੇ ਆਪਣੇ ਵਿਰਸੇ-ਵਿਰਾਸਤ, ਸੱਭਿਆਚਾਰ, ਬੋਲੀ, ਪਹਿਰਾਵੇ ਆਦਿ ਨਾਲ ਸੰਬੰਧਤ ਝਾਕੀਆਂ ਨੂੰ ਵੀ ਇਸ ਪ੍ਰੇਡ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਇਨ੍ਹਾਂ ਪ੍ਰੇਡਾਂ ਤੇ ਸਮਾਗਮਾਂ ਵਿੱਚ ਅਕਸਰ ਹੀ ਪੰਜਾਬ ਦੀ ਝਾਕੀ ਵਿਸ਼ੇਸ਼ ਤੌਰ 'ਤੇ ਦਾਖਲ ਹੁੰਦੀ ਹੈ, ਪਰ ਦੁੱਖ ਤੇ ਅਫ਼ਸੋਸ ਹੈ ਕਿ ਇਸ ਵਾਰੀ 26 ਜਨਵਰੀ ਦੇ ਦਿਹਾੜੇ ਉਤੇ ਇੰਡੀਆ ਦੇ ਮੁਤੱਸਵੀ ਸੋਚ ਵਾਲੇ ਹੁਕਮਰਾਨਾਂ ਅਤੇ ਜੋ ਕਮੇਟੀ ਇਨ੍ਹਾਂ ਝਾਕੀਆਂ ਨੂੰ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੰਦੀ ਹੈ। ਉਨ੍ਹਾਂ ਦੀ ਪੰਜਾਬ ਸੂਬੇ ਅਤੇ ਸਿੱਖ ਕੌਮ ਪ੍ਰਤੀ ਨਫ਼ਰਤ ਵਾਲੀ ਸੋਚ ਦੀ ਬਦੌਲਤ ਸਾਡੇ ਪੰਜਾਬ ਸੂਬੇ ਦੀ ਝਾਕੀ ਨੂੰ ਇਸ ਸਮਾਗਮ ਸਮੇਂ ਸ਼ਾਮਲ ਹੋਣ ਦੀ ਇਜਾਜ਼ਤ ਨਾ ਦੇਣਾ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨਾਲ 1947 ਤੋਂ ਹੁੰਦੇ ਆ ਰਹੇ ਵਿਤਕਰੇ, ਬੇਇਨਸਾਫ਼ੀਆਂ ਦੀ ਲੜੀ ਨੂੰ ਹੋਰ ਲੰਮਾ ਕਰਦੀ ਹੈ, ਜਿਸ ਨਾਲ ਸਮੁੱਚੇ ਪੰਜਾਬੀਆਂ ਅਤੇ ਸਿੱਖ ਕੌਮ ਵਿੱਚ ਇਸ ਕਾਰਵਾਈ ਨੂੰ ਲੈ ਕੇ ਬਹੁਤ ਵੱਡਾ ਰੋਸ ਉਤਪੰਨ ਹੋ ਚੁੱਕਾ ਹੈ, ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਲਈ ਅਸਹਿ ਹੈ।'

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 26 ਜਨਵਰੀ ਨੂੰ ਦਿੱਲੀ ਲਾਲ ਕਿਲ੍ਹੇ ਵਿਖੇ ਹੋਣ ਵਾਲੀ ਪ੍ਰੇਡ ਵਿੱਚ ਪੰਜਾਬ ਦੀ ਝਲਕ ਨੂੰ ਪ੍ਰਗਟਾਉਦੀ ਝਾਕੀ ਨੂੰ ਸ਼ਾਮਲ ਕਰਨ ਦੀ ਇਜਾਜ਼ਤ ਨਾ ਦੇਣ ਉਤੇ ਤਿੱਖਾ ਪ੍ਰਤੀਕਰਮ ਜ਼ਾਹਰ ਕਰਦੇ ਹੋਏ ਅਤੇ ਮੁਲਕ ਦੇ ਹੁਕਮਰਾਨਾਂ ਵੱਲੋਂ ਸਿੱਖ ਕੌਮ ਉਤੇ ਵਿਸ਼ਵਾਸ ਨਾ ਕਰਨ ਦੀ ਗੱਲ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਇਸ ਝਾਕੀ ਨੂੰ ਸ਼ਾਮਲ ਨਾ ਹੋਣ ਦੇਣ ਸੰਬੰਧੀ ਆਪਣੇ ਵਿਚਾਰਾਂ ਤੋਂ ਜਾਣੂ ਕਰਾਉਂਦੇ ਹੋਏ ਕਿਹਾ ਕਿ ਇੰਡੀਆ ਨੇ ਇਸ ਪ੍ਰੇਡ ਵਿਚ ਮਿਸਰ ਦੇ ਪ੍ਰੈਜੀਡੈਂਟ ਅਬਦਲ ਫਤਾ ਐਲ ਸੀਸੀ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਸਦੀ ਸੁਰੱਖਿਆ ਨੂੰ ਲੈ ਕੇ ਅਤੇ ਸਰਬੱਤ ਦਾ ਭਲਾ ਲੋੜਨ ਵਾਲੀ ਇੰਡੀਆ ਦੀਆਂ ਸਰਹੱਦਾਂ ਅਤੇ ਹੋਰ ਵੱਡੇ ਉੱਦਮਾਂ ਵਿੱਚ ਆਪਣੀਆ ਸ਼ਹਾਦਤਾਂ, ਕੁਰਬਾਨੀਆਂ ਤੇ ਯੋਗਦਾਨ ਪਾਉਣ ਵਾਲੀ ਸਿੱਖ ਕੌਮ ਨਾਲ ਸੰਬੰਧਤ ਪੰਜਾਬ ਸੂਬੇ ਦੀ ਝਾਕੀ ਨੂੰ ਸ਼ਾਮਲ ਨਹੀਂ ਕੀਤਾ, ਕਿਉਂਕਿ ਪਹਿਲੀਆਂ ਇੰਡੀਆ ਦੀਆਂ ਸਰਕਾਰਾਂ ਤੇ ਅਜੋਕੀ ਬੀਜੇਪੀ-ਆਰ.ਐਸ.ਐਸ ਸਰਕਾਰ ਬਿਨ੍ਹਾਂ ਵਜ੍ਹਾ ਸਿੱਖ ਕੌਮ ਉਤੇ ਸ਼ੱਕ ਕਰਦੀਆਂ ਹਨ, ਜਦੋਂਕਿ ਕੋਈ ਵੀ ਵੱਡਾ ਕਾਰਜ ਜਾਂ ਕੁਰਬਾਨੀ ਵਾਲਾ ਉੱਦਮ ਸਿੱਖ ਕੌਮ ਦੀ ਸ਼ਮੂਲੀਅਤ ਤੋਂ ਬਿਨਾਂ ਅੱਜ ਤੱਕ ਨਹੀ ਹੋਇਆ। ਵਰਣਨਯੋਗ ਹੈ ਕਿ 06 ਅਕਤੂਬਰ 1981 ਨੂੰ ਮਿਸਰ ਵਿੱਚ ਹੋਣ ਵਾਲੀ ਜਿੱਤ ਵਾਲੀ ਪ੍ਰੇਡ ਜੋ ਕੈਰਿਓ ਵਿਖੇ ਮਨਾਈ ਗਈ ਸੀ, ਉਸ ਵਿੱਚ ਮਿਸਰ ਦੇ ਪ੍ਰੈਜੀਡੈਂਟ ਅਨਵਰ ਸਾਦਿਤ ਆਪਣੇ 8 ਸੁਰੱਖਿਆ ਗਾਰਡਾਂ ਅਤੇ ਬਹੁਤ ਭਰੋਸੇਯੋਗ ਵਿਸ਼ਵਾਸਪਾਤਰਾਂ ਦੇ ਨਾਲ ਪ੍ਰੇਡ ਵਿੱਚ ਸ਼ਾਮਲ ਹੋਏ ਸਨ ਅਤੇ ਇਕ ਸਾਜ਼ਿਸ਼ ਤਹਿਤ ਉਨ੍ਹਾਂ ਦਾ ਕਤਲ ਹੋ ਗਿਆ ਸੀ, ਜਿਸਦੀ ਬਦੌਲਤ ਇੰਡੀਆ ਦੇ ਹੁਕਮਰਾਨ ਮਿਸਰ ਦੇ 26 ਜਨਵਰੀ ਨੂੰ ਇੰਡੀਆ ਪਹੁੰਚ ਰਹੇ ਪ੍ਰੈਜੀਡੈਂਟ ਅਬਦਲ ਫਤਾ ਐਲ ਸੀਸੀ ਦੀ ਸੁਰੱਖਿਆ ਨੂੰ ਲੈ ਕੇ ਪੰਜਾਬ ਸੂਬੇ ਦੀ ਝਾਕੀ ਨੂੰ ਇਸ ਪ੍ਰੇਡ ਵਿਚੋਂ ਬਾਹਰ ਕਰ ਦਿੱਤਾ ਹੈ ਜੋ ਸਿੱਖ ਕੌਮ ਦੀ ਵਫ਼ਾਦਾਰੀ ਉਤੇ ਹੁਕਮਰਾਨਾਂ ਵੱਲੋਂ ਸ਼ੱਕ ਕਰਨ ਦੀ ਗਲਤ ਪਿਰਤ ਪਾਈ ਜਾ ਰਹੀ ਹੈ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:-770-W/169/WA/FZR/2022-23 — ਤਾਰੀਕ 23.01.2023

ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 23.01.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ "ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ" ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 20.01.2023 | 30.01.2023 | 13.02.2023 / 15:00 ਵਜੇ |

| ਲ.ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 397-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਤੇ ਬਨਿਹਾਲ, ਅਨੰਤਨਾਗ, ਪੰਜਗਾਮ, ਹਾਮਰੇ ਅਤੇ ਸੋਪੋਰ ਸਟੇਸ਼ਨਾਂ ਉਤੇ ਬੋਰਵੇਲ ਅਤੇ ਪੰਪ ਹਾਊਸ ਦੇ ਲਾਲ ਪਾਣੀ ਦੀ ਪਲਾਈ ਦਾ ਕੰਮ ਕਰਨਾ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,65,14,349.13/- | 2,32,600/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। | | | |
| 2 | 398-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਤੇ ਬਡਗਾਮ ਰੇਲਵੇ ਸਟੇਸ਼ਨ ਤੇ 50 ਕੇ.ਐਲ.ਡੀ. ਦੇ ਇਮਲੁਏਂਟ ਟ੍ਰੀਟਮੇਂਟ ਪਲਾਂਟ ਦੇ ਇੰਸਟਾਲੇਸ਼ਨ ਅਤੇ ਕਮਿਸ਼ਨਿੰਗ ਦਾ ਕੰਮ ਕਰਨਾ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 86,75,692.49/- | 1,73,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਸੀਵੇਜ ਜਾਂ ਬਹਿਸਤ੍ਰਾਵ ਉਪਚਾਰ ਸੰਯੰਤਰ ਦੀ ਸਪਲਾਈ, ਡਿਜ਼ਾਈਨ, ਨਿਰਮਾਣ ਅਤੇ ਕਮਿਸ਼ਨਿੰਗ। | | | |
| 3 | 399-2022-23-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਜੰਮੂ ਤਵੀ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਸੈਕਸ਼ਨ ਵਿਚ ਉਧਮਪੁਰ ਰੇਲਵੇ ਸਟੇਸ਼ਨ ਤੇ 50 ਕੇ.ਐਲ.ਡੀ. ਦੇ ਇਮਲੁਏਂਟ ਟ੍ਰੀਟਮੇਂਟ ਪਲਾਂਟ ਦੇ ਇੰਸਟਾਲੇਸ਼ਨ ਅਤੇ ਕਮਿਸ਼ਨਿੰਗ ਦਾ ਕੰਮ ਕਰਨਾ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 86,75,692.49/- | 1,73,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਸੀਵੇਜ ਜਾਂ ਬਹਿਸਤ੍ਰਾਵ ਉਪਚਾਰ ਸੰਯੰਤਰ ਦੀ ਸਪਲਾਈ, ਡਿਜ਼ਾਈਨ, ਨਿਰਮਾਣ ਅਤੇ ਕਮਿਸ਼ਨਿੰਗ। | | | |
| 4 | 400-2022-23-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਸ੍ਰੀਨਗਰ ਰੇਲਵੇ ਸਟੇਸ਼ਨ ਤੇ 50 ਕੇ.ਐਲ.ਡੀ. ਦੇ ਇਮਲੁਏਂਟ ਟ੍ਰੀਟਮੇਂਟ ਪਲਾਂਟ ਦੇ ਇੰਸਟਾਲੇਸ਼ਨ ਅਤੇ ਕਮਿਸ਼ਨਿੰਗ ਦਾ ਕੰਮ ਕਰਨਾ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 86,75,692.49/- | 1,73,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਸੀਵੇਜ ਜਾਂ ਬਹਿਸਤ੍ਰਾਵ ਉਪਚਾਰ ਸੰਯੰਤਰ ਦੀ ਸਪਲਾਈ, ਡਿਜ਼ਾਈਨ, ਨਿਰਮਾਣ ਅਤੇ ਕਮਿਸ਼ਨਿੰਗ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 247/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਕਲਾਸੀਫਾਈਡ ਇਸ਼ਤਿਹਾਰ

### Public Notice

It is for general information that I, Sanjeev Kumar S/o Ved Parkash R/o H.No.129/A, Ashok Nagar, Jalandhar, Punjab, declare that in my son Tanish Arora's 10th Class school certificate his father's name is wrongly written as Sanjeev Arora, Whereas his father's correct name is Sanjeev Kumar, which may be amended accordingly. All Please Note.

I, Archita Dhillon D/o Luckvir Singh R/o 34-B, Friends Colony, Model Gram, Model Town (Ludhiana) Punjab-141002. Declare that name of my father has been wrongly written as Luckvir Singh Dhillon in my 10Th Class Certificate and 12th Class Certificate. The actual name of My Father is Luckvir Singh, which may be amended accordingly. All Please Note.

### ਆਮ ਸੂਚਨਾ

ਮੈਂ, ਧਰਮ ਵੀਰ ਪੁੱਤਰ ਦਵਿੰਦਰ ਨਾਥ ਵਾਸੀ ਮਕਾਨ ਨੰ. 114-ਏ, ਢੰਨ ਮੁਹੱਲਾ, ਭਾਈ ਦਿੱਤ ਸਿੰਘ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੰਕੇਤ ਆਨੰਦ ਅਤੇ ਉਸਦੀ ਧਰਮ ਪਤਨੀ ਰਾਬੀਆ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 08-11-2022 ਨੂੰ ਅਖ਼ਬਾਰ ਨਵਾਂ ਜਮਾਨਾ ਅਤੇ ਉਤਮ ਹਿੰਦੂ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਸੰਕੇਤ ਆਨੰਦ ਅਤੇ ਉਸਦੀ ਧਰਮ ਪਤਨੀ ਰਾਬੀਆ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਸੂਰਜ ਬਹਾਦਰ ਪੁੱਤਰ ਨਰ ਬਹਾਦੁਰ ਵਾਸੀ ਕੁਆਟਰ ਨੰ. 266, ਪੁਲਿਸ ਲਾਇਨ ਨੇੜੇ ਬੱਸ ਸਟੈਂਡ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕ੍ਰਿਸ਼ਨਾ ਜੋ ਕਿ ਮੇਰੇ ਅਤੇ ਮੇਰੀ ਪਤਨੀ ਪੀਮਾ ਕੁਮਾਰੀ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਗਜੀਤ ਸਿੰਘ ਪੁੱਤਰ ਸੁਰਿੰਦਰ ਵਾਸੀ ਕਲਿਆਨਪੁਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### Change of Name

I,Sohail S/O David Sahota R/O H.No.15 GF,MIG C-Block,Ranjit Avenue,Amritsar, Punjab have changed my name from Sohail to Sohail Sahota.Concerned note.

I,Tarun Jain S/O Dhurinder Jain R/O 241 A,Maqbool Road, Amritsar, Punjab have changed my daughter's name from Taviesha to Taviesha Jain.Concerned note.

I,Nitika Chopra W/O Retesh Kundra R/O 658,Guru Arjan Dev Nagar,PO Khalsa College, Amritsar,Punjab have changed my name from Nitika Chopra to Nitika Kundra. Concerned note.

### Change of Name

I, Gurmail Kaur w/o Mohan Singh r/o Vill.Jargepur, Po. Merry Pur, Teh.Sultanpur Lodhi, Kapurthala-144620, Punjab have changed my name to Gurmej Kaur. All Please Note.

I, Gaurav Chadha alias Gaurav s/o Avinash Chander r/o H.No. 413, Urban Estate, Phase-1, Jalandhar-144022, Punjab have changed my name to Gaurav Verma. All Please Note.

I, Shagun Jaggi w/o Himanshu Saini r/o H.No.13, Park Avenue, Jalandhar have changed my name to Shagun Saini, after marriage. All Please Note.

I, Baljit Singh s/o Dalvir Singh R/o Vill. Talwandi Bhilan, Po. Mustfapur, Distt. Jalandhar have changed my daughter name from Bhavjeet to Bhavjeet Kaur. All Please Note.

I, Baljit Singh s/o Dalvir Singh R/o Vill.Talwandi Bhilan, Po.Mustfapur, Distt. Jalandhar have changed my daughter name from Balwinder to Balwinder Kaur. All Please Note.

I, Monika w/o Baljit Singh R/o Vill. Talwandi Bhilan, Po. Mustfapur, Jalandhar have changed my name from Monika to Monika Gill. All Please Note.

I, Manju Kumar s/o Kesho Rai r/o Vill.Singhpur, Po. Sudana, Distt.Jalandhar have changed my daughter name from Jaismeen from Jaismeen Kaur. All Please Note.

I, Isha w/o Naveen Kumar r/o H.No.WT. 23, Kot Bazar, Basti Sheikh, Jalandhar have changed my name from Isha Sehgal to Isha, after marriage. All Please Note.

I, Mamta w/o Ashwani Kumar r/o B33/55, Phase-2, New Rasila Nagar, Basti Danishmanda, Jalandhar-144002, Punjab have changed my name to Jyoti. All Please Note.

I, Chinu w/o Sunil Kumar r/o Vill. Nangal Karar Khan, Po. Kukar Pind, Jalandhar have changed my name from Chinu to Chinu Kumar. All Please Note.

I, Karanjeet Kaur W/o Sourav Verma R/o H.No.10, Hoshiarpur Road, Basant Hill, Ladhewali, Jalandhar, Punjab Have Changed My Name From Karanjeet Kaur To Karanjeet Verma. All Please Note.

I, hitherto known as Ramesh Kumar S/o Ajit Rai R/o 152, Tower Enclave, Phase-II, Jalandhar-144003, Punjab have changed my name and shall hereafter be known as Ramesh Jassi.

I, hitherto known as Parveen Kaur W/o Ramesh Jassi R/o 152, Tower Enclave, Phase-II, Jalandhar-144003, Punjab have changed my name and shall hereafter be known as Parveen Jassi.

I, Deepak Arora S/o Anil Arora R/o H.No.3394, Sector-35 D, Chandigarh-160036. have changed the name of my minor Son Tivaan Arora to Vansh Arora. All Please Note.

25-Jan-PAGE-8.qxd 1/24/2023 10:22 PM Page 1



## ਭਲਕੇ ਸਾਰੇ ਜ਼ਿਲ੍ਹਿਆਂ 'ਚ ਦਫਤਰੀ ਮੁਲਾਜ਼ਮ ਮੰਤਰੀਆਂ ਨੂੰ ਯਾਦ ਪੱਤਰ ਦੇ ਕੇ ਵਾਅਦੇ ਯਾਦ ਕਰਵਾਉਣਗੇ



ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ)

ਪੁਰਾਣੇ ਰਾਜਨੀਤਿਕ ਸਿਸਟਮ ਤੋਂ ਅੱਕ 'ਤੇ ਆਮ ਆਦਮੀ ਪਾਰਟੀ ਨੇ ਬਦਲਾਅ ਦਾ ਨਾਅਰਾ ਦਿੱਤਾ ਸੀ ਅਤੇ ਬਦਲਾਅ ਦੇ ਨਾਅਰੇ 'ਤੇ ਆਮ ਜਨਤਾ ਅਤੇ ਮੁਲਾਜ਼ਮ ਵਰਗ ਖਾਸ ਕਰਕੇ ਕੱਚੇ ਮੁਲਾਜ਼ਮਾਂ ਨੇ ਭੁੱਲ ਚੜ੍ਹਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਅਤੇ ਮੁਲਾਜ਼ਮਾਂ ਨੂੰ ਵਿਸ਼ਵਾਸ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਮੁਲਾਜ਼ਮਾਂ ਦੇ ਹੱਕੀ ਮਸਲੇ ਹੱਲ ਹੋ ਜਾਣਗੇ ਪ੍ਰੰਤੂ ਕੱਚੇ ਮੁਲਾਜ਼ਮ ਦੇ ਪੱਲੇ ਕੁਝ ਵੀ ਨਹੀ ਪੈ ਰਿਹਾ। ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਮੁੱਖ ਮੰਤਰੀ ਪੰਜਾਬ ਵੱਲੋਂ 5 ਸਤੰਬਰ ਨੂੰ ਐਲਾਨ ਕੀਤਾ ਅਤੇ 7 ਅਕਤੂਬਰ ਨੂੰ ਨੋਟੀਫਿਕੇਸ਼ਨ ਜ਼ਾਰੀ ਹੋ ਗਿਆ ਸੀ ਪਰ ਅੱਜ ਤੱਕ ਦਫਤਰੀ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਦੇ ਆਰਡਰ ਨਹੀ ਮਿਲੇ ਜਾਣਕਾਰੀ ਦਿੰਦੇ ਹੋਏ ਮੁਲਾਜ਼ਮ ਆਗੂ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਵਿਸ਼ਾਲ ਮਹਾਜਨ, ਗਗਨ ਸਿਆਲ ਰਾਜੀਵ ਸ਼ਰਮਾ, ਸੁਖਰਾਜ, ਗਗਨਦੀਪ ਸ਼ਰਮਾ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਤਨਖਾਹ ਅਨਾਮਲੀ ਚੱਲ ਰਹੀ ਹੈ ਇਕ ਹੀ ਦਫਤਰ ਵਿਚ ਇਕ ਹੀ ਕਾਡਰ ਦੇ ਮੁਲਾਜ਼ਮ ਨੂੰ ਵੱਖਰੀ ਵੱਖਰੀ ਤਨਖਾਹ ਮਿਲ ਰਹੀ ਹੈ, ਜਿਸ ਸਬੰਧੀ ਸਮੇਂ ਸਮੇਂ ਤੇ ਸਰਕਾਰ ਨਾਲ ਮੀਟਿੰਗਾਂ ਹੋਈਆ ਹਨ। ਉਨ੍ਹਾ ਦੱਸਿਆ ਕਿ 15 ਜੂਨ 2022 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੀਟਿੰਗ ਹੋਈ ਜਿਸ ਵਿਚ ਉਨ੍ਹਾਂ ਵੱਲੋਂ ਤਨਖਾਹ ਅਨਾਮਲੀ ਨੂੰ ਦੂਰ ਕਰਕੇ ਤੁਰੰਤ ਤਨਖਾਹਾਂ ਦਾ ਫੰਡ ਜ਼ਾਰੀ ਕਰਨ ਦੇ ਆਦੇਸ਼ ਦਿੱਤੇ ਪਰ ਸਿੱਖਿਆ ਮੰਤਰੀ ਦੇ ਆਦੇਸ਼ ਹਵਾ ਹਵਾਈ ਹੋ ਗਏ। ਇਸ ਉਪਰੰਤ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਸਮੇਂ ਸਮੇਂ ਤੇ ਵੱਖ ਵੱਖ ਮੀਟਿੰਗ ਹੋਈਆ ਜਿਸ ਵਿਚ ਉਨ੍ਹਾਂ ਵੱਲੋਂ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਸਹਿਮਤੀ ਦਿੱਤੀ ਪਰ ਨਵੀ ਸਰਕਾਰ ਦੇ 10 ਮਹੀਨਿਆ ਦੌਰਾਨ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਹੀ ਦੂਰ ਨਹੀ ਹੋ ਰਹੀ ਜਿਸ ਕਰਕੇ ਮੁਲਾਜ਼ਮ ਵਰਗ ਚ ਨਿਰਾਸ਼ਾ ਪਾਈ ਜਾ ਰਹੀ ਹੈ ਆਗੂਆ ਨੇ ਦੱਸਿਆ ਕਿ ਇਕ ਹੀ ਦਫਤਰ ਵਿਚ ਇਕ ਕਾਡਰ ਦੇ ਕੰਮ ਕਰ ਰਹੇ 2 ਮੁਲਾਜ਼ਮਾਂ ਦੀ ਤਨਖਾਹ ਦਾ ਪਾੜਾ 5000 ਰੁਪਏ ਪ੍ਰਤੀ ਮਹੀਨਾ ਹੈ। ਆਗੂਆਂ ਨੇ ਐਲਾਨ ਕੀਤਾ ਕਿ 26 ਜਨਵਰੀ ਨੂੰ ਸਮੂਹ ਜ਼ਿਲ੍ਹਿਆ ਵਿਚ ਦਫਤਰੀ ਮੁਲਾਜ਼ਮ ਕੈਬਿਨਟ ਮੰਤਰੀ ਨੂੰ ਵਾਅਦਾ ਯਾਦ ਕਰਵਾਉਣ ਲਈ ਯਾਦ ਪੱਤਰ ਦੇਣਗੇ!

## ਹਾਈ ਵੋਲਟੇਜ ਤਾਰਾਂ ਦੀ ਲਪੇਟ 'ਚ ਆਉਣ ਕਾਰਨ ਗੰਨੇ ਦੀ ਖੋਰੀ ਨਾਲ ਭਰੀ ਟਰਾਲੀ ਨੂੰ ਲੱਗੀ ਅੱਗ



ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)

ਥਾਣਾ ਬੁੱਲ੍ਹੋਵਾਲ ਨਜ਼ਦੀਕ ਖੇਤਾਂ ਵਿੱਚ ਗੰਨੇ ਦੀ ਖ਼ੋਰੀ ਨਾਲ ਲੱਦੀ ਹੋਈ ਓਵਰਲੋਡ ਟਰਾਲੀ ਦੇ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆਉਣ ਕਾਰਨ ਭਿਆਨਕ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਬੁੱਲ੍ਹੋਵਾਲ ਨਜ਼ਦੀਕ ਦੋ ਕਿਲੋਮੀਟਰ ਦੀ ਦੂਰੀ 'ਤੇ ਗੰਨੇ ਦੀ ਖੋਰੀ ਨਾਲ ਲੱਦੀ ਹੋਈ ਓਵਰਲੋਡ ਟਰਾਲੀ ਜਦ ਹਾਈ ਵੋਲਟੇਜ ਤਾਰਾਂ ਦੇ ਥੱਲਿਓਂ ਦੀ ਲੰਘਣ ਲੱਗੀ ਤਾਂ ਤਾਰਾਂ ਦੇ ਸੰਪਰਕ 'ਚ ਆਉਣ ਨਾਲ ਖੋਰੀ ਨੂੰ ਭਿਆਨਕ ਅੱਗ ਪੈ ਗਈ। ਉੱਥੋਂ ਦੀ ਲੰਘ ਰਹੇ ਪੱਤਰਕਾਰ ਹਰਪ੍ਰੀਤ ਬੇਗਮਪੁਰੀ ਨੇ ਜਦ ਇਹ ਸਭ ਦੇਖਿਆ ਤਾਂ ਤੁਰੰਤ ਬੁੱਲ੍ਹੋਵਾਲ ਪੁਲਸ ਨੂੰ ਸੂਚਿਤ ਕਰ ਦਿੱਤਾ ਅਤੇ ਨਾਲ ਹੀ ਫਾਇਰ ਬ੍ਰਿਗੇਡ ਨੂੰ ਫੋਨ ਕਰ ਦਿੱਤਾ। ਇਸ ਮੌਕੇ ਜਦ ਬੇਗਮਪੁਰੀ ਪੱਤਰਕਾਰ ਕਵਰੇਜ ਕਰਨ ਲੱਗਾ ਤਾਂ ਉਸ ਉੱਪਰ ਉਕਤ ਵਿਅਕਤੀਆਂ ਵੱਲੋਂ ਕਾਤਲਾਨਾ ਹਮਲਾ ਕਰ ਦਿੱਤਾ। ਇਹ ਹੀ ਨਹੀਂ ਜਦੋਂ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪੁੱਜੀ ਤਾਂ ਉਕਤ ਵਿਅਕਤੀਆਂ ਨੇ ਫਾਇਰ ਬ੍ਰਿਗੇਡ ਨੂੰ ਅੱਗ ਬੁਝਾਉਣ ਤੋਂ ਮਨ੍ਹਾ ਕਰ ਦਿੱਤਾ। ਇਹ ਘਟਨਾ ਖ਼ਬਰ ਨਾ ਬਣ ਸਕੇ ਇਸ ਕਰਕੇ ਪੱਤਰਕਾਰ 'ਤੇ ਹਮਲਾ ਕਰ ਦਿੱਤਾ। ਇਹ ਸਾਰੀ ਘਟਨਾ ਬੁੱਲ੍ਹੋਵਾਲ ਪੁਲਸ ਦੇ ਸਾਹਮਣੇ ਹੋਈ ਤਾਂ ਉਨ੍ਹਾਂ ਨੇ ਪੱਤਰਕਾਰ ਨੂੰ ਛੁਡਵਾਇਆ। ਜੇਕਰ ਪੁਲਸ ਨਾ ਛਡਾਉਂਦੀ ਪੱਤਰਕਾਰ ਦੀ ਜਾਨ ਵੀ ਜਾ ਸਕਦੀ ਸੀ। ਬੇਗਮਪੁਰੀ ਦੀ ਅੱਖ 'ਤੇ ਸਰੀਰ ਤੇ ਵੀ ਸੱਟਾਂ ਲੱਗੀਆਂ ਹਨ, ਜਿਸ ਨੂੰ ਦੇਖਦਿਆਂ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਪੱਤਰਕਾਰਾਂ ਨੇ ਇਨ੍ਹਾਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਮੰਗ ਕੀਤੀ ਹੈ।

## ਭਗਵੰਤ ਸਰਕਾਰ ਕੇਜਰੀਵਾਲ ਦੇ ਇਸ਼ਾਰਿਆਂ 'ਤੇ ਪੰਜਾਬ ਨੂੰ ਬਰਬਾਦ ਕਰਨ ਵੱਲ ਤੁਰੀ : ਮਨਜੀਤ ਦਸੂਹਾ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)

ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਸ਼ਾਰਿਆਂ 'ਤੇ ਪੰਜਾਬ ਨੂੰ ਬਰਬਾਦ ਕਰਨ ਲਈ ਨਿੱਤ ਕੇਜਰੀਵਾਲ ਦੀਆਂ ਝੂਠੀਆਂ ਸਕੀਮਾਂ ਦਾ ਪੰਜਾਬ ਵਿੱਚ ਪ੍ਰਚਾਰ ਕਰਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਉੜਮੁੜ ਟਾਂਡਾ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਇੰਚਾਰਜ ਤੇ ਉੱਘੇ ਸਮਾਜ ਸੇਵੀ ਮਨਜੀਤ ਸਿੰਘ ਦਸੂਹਾ ਨੇ ਗ੍ਰੰਟ ਪੰਜਾਬ ਸੈਲੀਬਰੇਸ਼ਨ ਟਾਂਡਾ ਵਿਖੇ ਪ੍ਰੈਸ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਕੇਜਰੀਵਾਲ ਸਰਕਾਰ ਦੀ ਤਰਜ਼ 'ਤੇ ਪੰਜਾਬ ਵਿੱਚ ਮੁਹੱਲਾ ਕਲੀਨਿਕ ਖੋਲ੍ਹਣ ਲਈ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਕਿ ਮੁਹੱਲਾ ਕਲੀਨਿਕ ਵਿੱਚ ਸਾਰੀਆਂ ਸਹੂਲਤਾਂ ਉਪਲਬਧ ਕੀਤੀਆਂ ਜਾਣਗੀਆਂ ਪ੍ਰੰਤੂ ਮੁਹੱਲਾ ਕਲੀਨਿਕਾਂ ਵਿੱਚ ਸਹੂਲਤਾਂ ਤਾਂ ਕੀ ਮਿਲਣੀਆਂ, ਸਰਕਾਰੀ ਹਸਪਤਾਲਾਂ ਵਿੱਚੋਂ ਵੀ ਸਹੂਲਤਾਂ ਗਾਇਬ ਹੋ ਗਈਆਂ। ਮਨਜੀਤ ਸਿੰਘ ਦਸੂਹਾ ਨੇ ਕਿਹਾ ਕਿ ਮੁਹੱਲਾ ਕਲੀਨਿਕ ਦਾ ਮਤਲਬ ਹੈ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਮੁਹੱਲਾ ਕਲੀਨਿਕ ਹੋਣ। ਭਗਵੰਤ ਮਾਨ ਸਰਕਾਰ ਆਪਣੀਆਂ ਗਰੰਟੀਆਂ ਤੋਂ ਭੱਜਦੀ ਨਜ਼ਰ ਆ ਰਹੀ ਹੈ। ਅਜੇ ਤੱਕ ਸਰਕਾਰ ਰੇਤਾ ਦੀ ਪਾਲਿਸੀ ਸਹੀ ਤਰੀਕੇ ਨਾਲ ਬਣਾਉਣ ਵਿੱਚ ਕਾਮਯਾਬ ਨਹੀ ਹੋਈ। ਉਨ੍ਹਾ ਕਿਹਾ ਕਿ ਹੁਣ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਵੀ ਜਲੰਧਰ ਦੇ ਲੋਕ ਭਗਵੰਤ ਮਾਨ ਤੇ ਕੇਜਰੀਵਾਲ ਦੀਆਂ ਝੂਠੀਆਂ ਗਰੰਟੀਆਂ ਦਾ ਪਰਦਾਫਾਸ਼ ਕਰਕੇ ਦਿਖਾਉਣਗੇ। ਮਨਜੀਤ ਸਿੰਘ ਦਸੂਹਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬੀਆਂ ਦੀ ਚੋਣਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਵੱਲ ਤੁਰੇ ਹੋਏ ਹਨ। ਕਿਨੀ ਹਾਸੋਹੀਣੀ ਗੱਲ ਹੈ ਕਿ ਜਿਹੜਾ ਢਾਂਚਾ ਸੁਖਬੀਰ ਸਿੰਘ ਬਾਦਲ ਨੇ ਭੰਗ ਕੀਤਾ ਸੀ, ਮੁੜ ਫਿਰ ਉਹੀ ਢਾਂਚਾ ਬਣਾ ਕੇ ਪੰਜਾਬ ਦੇ ਲੋਕਾ 'ਤੇ ਠੋਪ ਰਿਹਾ ਹੈ। ਉਨ੍ਹਾਂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ 'ਤੇ ਵਿਅੰਗ ਕੱਸਦਿਆ ਕਿਹਾ ਕਿ ਇਹ ਭਾਰਤ ਜੋੜੋ ਯਾਤਰਾ ਨਹੀਂ ਭਾਰਤ ਤੋੜੋ ਯਾਤਰਾ ਹੈ। ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦਾ ਤੇ ਸੁਖਬੀਰ ਸਿੰਘ ਬਾਦਲ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਕਦੇ ਪੂਰਾ ਨਹੀ ਹੋਵੇਗਾ। ਉਨ੍ਹਾ ਕਿਹਾ ਕਿ ਉਹ ਆਪ ਸਰਕਾਰ ਦੀਆਂ ਝੂਠੀਆਂ ਗਰੰਟੀਆਂ ਨੂੰ ਹਲਕਾ ਉੜਮੁੜ ਟਾਂਡਾ ਦੇ ਲੋਕਾਂ ਦੇ ਘਰ ਘਰ ਤੱਕ ਲੈ ਕੇ ਜਾਣਗੇ। ਇਸ ਮੌਕੇ ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਸਰਬਜੀਤ ਸਿੰਘ, ਬਹਾਦਰ ਸਿੰਘ, ਗੋਲਡੀ ਦਸੂਹਾ, ਗੁਰਪ੍ਰੀਤ ਸਿੰਘ ਕਾਕਾ, ਬਾਬਾ ਕੁਲਵੀਰ ਸਿੰਘ ਢਡਿਆਲਾ ਆਦਿ ਹਾਜ਼ਰ ਸਨ।



## ਨਗਰ ਨਿਗਮ ਕਮਿਸ਼ਨਰ ਵੱਲੋਂ ਸ਼ੋਭਾ ਯਾਤਰਾ ਦੇ ਰੂਟ 'ਤੇ ਲੋੜੀਂਦੇ ਕੰਮਾਂ ਦਾ ਜਾਇਜ਼ਾ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੇ ਮੱਦੇਨਜ਼ਰ ਵੱਖ-ਵੱਖ ਸਮਾਗਮਾਂ ਅਤੇ ਸ਼ੋਭਾ ਯਾਤਰਾ ਨੂੰ ਲੈ ਕੇ ਨਗਰ ਨਿਗਮ ਕਮਿਸ਼ਨਰ



ਅਭਿਜੀਤ ਕਪਲਿਸ਼ ਵਲੋਂ ਸ਼ੋਭਾ ਯਾਤਰਾ ਦੇ ਰੂਟ ਦਾ ਦੌਰਾ ਕਰਕੇ ਲੋੜੀਂਦੇ ਕੰਮਾਂ ਦਾ ਜਾਇਜ਼ਾ ਲਿਆ ਗਿਆ। ਨਗਰ ਨਿਗਮ ਦੀਆਂ ਸੰਬੰਧਿਤ ਬਰਾਂਚਾਂ ਦੇ ਅਧਿਕਾਰੀਆਂ ਨਾਲ ਸ਼ੋਭਾ ਯਾਤਰਾ ਦੇ ਰੂਟ 'ਤੇ ਹੋਣ ਵਾਲੇ ਕੰਮਾਂ ਬਾਰੇ ਵਿਚਾਰ ਉਪਰੰਤ ਨਿਗਮ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਇਹ ਕੰਮ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸ਼ੋਭਾ ਯਾਤਰਾ ਦੇ ਰੂਟ 'ਤੇ ਸਫ਼ਾਈ, ਲਾਈਟਾਂ, ਲੋੜੀਂਦਾ ਪੈਚ ਵਰਕ, ਸਜਾਵਟ ਆਦਿ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸੰਗਤ ਦੀ ਸਹੂਲਤ ਲਈ ਨਗਰ ਨਿਗਮ ਨਾਲ ਸਬੰਧਿਤ ਕਾਰਜ ਸ਼ੋਭਾ ਯਾਤਰਾ ਤੋਂ ਪਹਿਲਾਂ-ਪਹਿਲਾਂ ਨੇਪਰੇ ਚਾੜ੍ਹੇ ਜਾਣ। ਉਨ੍ਹਾਂ ਕਿਹਾ ਕਿ ਸ਼ੋਭਾ ਯਾਤਰਾ ਦੌਰਾਨ ਸਾਰੇ ਮੈਨਹੋਲ ਚੰਗੀ ਤਰ੍ਹਾਂ ਕਵਰ ਹੋਣ ਅਤੇ ਕਿਤੇ ਵੀ ਓਵਰ ਫਲੋਅ ਦੀ ਸਮੱਸਿਆ ਨਾ ਆਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਪੁਆਇੰਟਾਂ ਨੂੰ ਸਮੇਂ ਸਿਰ ਚੈਕ ਕਰਨਾ ਯਕੀਨੀ ਬਣਾਉਣ ਲਈ ਕਿਹਾ। ਇਸ ਮੌਕੇ ਜੁਆਇੰਟ ਕਮਿਸ਼ਨਰ ਸ਼ਿਖਾ ਭਗਤ, ਸੁਪਰੀਟੈਂਡਿੰਗ ਇੰਜੀਨੀਅਰ ਰਜਨੀਸ਼ ਡੋਗਰਾ, ਮਨਧੀਰ ਸਿੰਘ, ਕਾਰਜਕਾਰੀ ਇੰਜੀਨੀਅਰ ਜਗਨ ਨਾਥ, ਡਾ. ਕ੍ਰਿਸ਼ਨਾ, ਡਾ.ਸੁਮੀਤਾ ਅਬਰੋਲ, ਡਾ.ਰਾਜ ਕਮਲ ਆਦਿ ਮੌਜੂਦ ਸਨ।

## ਬਾਬਾ ਚਿੰਤਾ ਭਗਤ ਦੀ ਸਾਲਾਨਾ ਬਰਸੀ 'ਤੇ ਗੁਰਦਾਸ ਮਾਨ ਭਰਨਗੇ ਹਾਜ਼ਰੀ



ਗੁਰਾਇਆ, (ਬਿੰਦਰ ਸੁੰਮਨ)- ਮਸਤ ਬਾਬਾ ਚਿੰਤਾ ਭਗਤ ਜੀ, ਮਸਤ ਬਾਬਾ ਅਮੀ ਚੰਦ ਜੀ ਦੇ ਅਸਥਾਨ ਪਿੰਡ ਰੁੜਕਾ ਕਲਾਂ ਵਿਖੇ ਰੁੜਕਾ ਕਲਾਂ ਵਲੋਂ ਬਾਬਾ ਚਿੰਤਾ ਭਗਤ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿੱਚ ਸ੍ਰੀ ਆਖੰਡ ਪਾਠ ਆਰੰਭ ਕੀਤੇ ਗਏ, ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 25 ਜਨਵਰੀ ਨੂੰ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ, 26 ਜਨਵਰੀ ਨੂੰ ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਖੁੱਲੇ ਪੰਡਾਲ ਵਿੱਚ ਲੋਕ ਗਾਇਕ ਬਲਰਾਜ ਬਿਲਗਾ, ਗੁਰਦਾਸ ਮਾਨ ਹਾਜ਼ਰੀ ਭਰਨਗੇ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ, ਕਸ਼ਮੀਰ ਸਿੰਘ, ਪਰਮਜੀਤ ਸਿੰਘ, ਗੁਰਨਿੰਦਰ ਸਿੰਘ ਸੰਧੂ, ਸੁਖਦੇਵ ਸਿੰਘ, ਗੁਰਨੇਕ ਸਿੰਘ, ਹਰਜੀਤ ਸਿੰਘ, ਸੁਖਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਐਸ ਡੀ ਐਮ ਵੱਲੋਂ ਚਾਇਨਾ ਡੋਰ ਖਿਲਾਫ ਦੁਕਾਨਾਂ 'ਤੇ ਛਾਪੇਮਾਰੀ

ਮੋਰਿੰਡਾ (ਜੈਜੀ ਸਰਦਾਰ)

ਚਾਇਨਾ ਡੋਰ ਨਾਲ ਹੋ ਰਹੇ ਹਾਦਸੇ ਦਿਨੋ-ਦਿਨ ਵਧਦੇ ਜਾ ਰਹੇ ਹਨ। ਇਸ ਘਾਤਕ ਚਾਇਨਾ ਡੋਰ ਨੇ ਪੰਜਾਬ ਦੀਆਂ ਅਨੇਕਾਂ ਥਾਵਾਂ 'ਤੇ ਲੋਕਾਂ ਨੂੰ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ ਹੈ। ਇਥੋਂ ਤੱਕ ਕਿ ਸੋਸ਼ਲ ਮੀਡੀਆ ਉੱਤੇ ਰੋਜ਼ਾਨਾ ਇਹੋ ਜਿਹੇ ਹਾਦਸਿਆਂ ਦੀਆਂ ਫੋਟੋਆਂ ਵਾਇਰਲ ਹੁੰਦੀਆਂ ਰਹਿੰਦੀਆਂ ਹਨ। ਜਿਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਚਾਇਨਾ ਡੋਰ ਖਿਲਾਫ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਹਨ। ਅੱਜ ਇਸ ਖੂਨੀ ਚਾਇਨਾ ਡੋਰ ਦੇ ਮੱਦੇਨਜ਼ਰ ਐਸ ਡੀ ਐਮ ਮੋਰਿੰਡਾ ਅਮਰੀਕ ਸਿੰਘ ਸਿੱਧੂ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਦੁਕਾਨਾਂ, ਗੋਦਾਮਾਂ ਅਤੇ ਦੁਕਾਨਦਾਰਾਂ ਦੇ ਘਰਾਂ ਵਿੱਚ ਛਾਪਾ ਮਾਰ ਕੇ ਤਲਾਸ਼ੀ ਕੀਤੀ ਗਈ। ਇਸ ਛਾਪੇਮਾਰੀ ਦੌਰਾਨ ਕਿਸੇ ਵੀ ਦੁਕਾਨਦਾਰ ਤੋਂ ਕੋਈ ਚਾਇਨਾ ਡੋਰ ਬਰਾਮਦ ਨਹੀਂ ਹੋਈ। ਐਸ ਡੀ ਐਮ ਅਮਰੀਕ ਸਿੰਘ ਸਿੱਧੂ ਵੱਲੋਂ ਦੁਕਾਨਦਾਰਾਂ ਨੂੰ ਇਸ ਘਾਤਕ ਡੋਰ ਸੰਬੰਧੀ ਪ੍ਰੇਰਿਤ ਕਰਦਿਆਂ ਕਿਹਾ ਗਿਆ ਕਿ ਇਸ ਨਾਲ ਲੋਕਾਂ ਦੀ ਜਾਨ ਖਤਰੇ ਵਿੱਚ ਪੈ ਸਕਦੀ ਹੈ ਅਤੇ ਭਵਿੱਖ ਵਿੱਚ ਥੋੜ੍ਹੇ ਜਿਹੇ ਪੈਸੇ ਕਮਾਉਣ ਲਈ ਕਿਸੇ ਜ਼ਿੰਦਗੀ ਨਾਲ ਖਿਲਵਾੜ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ



ਵੀ ਦੁਕਾਨਦਾਰ ਤੋਂ ਚਾਇਨਾ ਡੋਰ ਬਰਾਮਦ ਹੋਵੇਗੀ ਤਾਂ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐਸ ਡੀ ਐਮ ਅਮਰੀਕ ਸਿੰਘ ਸਿੱਧੂ ਦੇ ਨਾਲ ਟਰੈਫਿਕ ਇੰਚਾਰਜ ਮਲਕੀਤ ਸਿੰਘ, ਏ ਐਸ ਆਈ ਧੰਨ ਸਿੰਘ ( ਧੰਨਾ ) ਇੰਸਪੈਕਟਰ, ਨਗਰ ਕੌਂਸਲ ਵਰਿੰਦਰ ਸਿੰਘ ਅਤੇ ਜਸਪ੍ਰੀਤ ਸਿੰਘ ਕਲਸੀ ਸ਼ਾਮਲ ਸਨ।

## ਵਿਧਾਇਕਾ ਮਾਨ ਦੇ ਘਰ ਵੱਲ 8 ਫਰਵਰੀ ਨੂੰ ਮਜ਼ਦੂਰ ਕਰਨਗੇ ਮਾਰਚ

ਜਲੰਧਰ (ਕੇਸਰ) - ਇੱਥੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਜ਼ਿਲ੍ਹਾ ਪੱਧਰੀ ਮੀਟਿੰਗ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਪਰਮਜੀਤ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਹਾਜਰ ਹੋ ਦੇ ਸੱਦੇ ਤਹਿਤ ਪੰਜਾਬ ਭਰ ਵਿੱਚ ਵਿਧਾਇਕਾਂ /ਮੰਤਰੀਆਂ ਦੇ ਘਰਾਂ ਵੱਲ ਮਾਰਚ ਕਰਨ ਦੇ ਉਲੀਕੇ ਐਕਸ਼ਨਾਂ ਤਹਿਤ ਨਕੋਦਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਦੇ ਘਰ ਵੱਲ ਸਾਂਝੇ ਮੋਰਚੇ ਦੀ ਅਗਵਾਈ ਹੇਠ 8 ਫਰਵਰੀ ਨੂੰ ਮਾਰਚ ਕੀਤਾ ਜਾਵੇਗਾ । ਸਾਂਝੇ ਮਜ਼ਦੂਰ ਮੋਰਚੇ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਇਸ ਮੌਕੇ ਦੱਸਿਆ ਕਿ ਮਜ਼ਦੂਰਾਂ ਦੇ ਸਾਂਝੇ ਮੋਰਚੇ ਵੱਲੋਂ ਮੁਖ ਮੰਤਰੀ ਦੇ ਸ਼ਹਿਰ ਅਤੇ ਉਸ ਦੇ ਘਰ ਅੱਗੇ ਕਈ ਵੱਡੇ ਧਰਨੇ ਮੁਜ਼ਾਹਰੇ ਕਰਕੇ ਮਜ਼ਦੂਰਾਂ ਵੱਲੋਂ ਆਪਣਾ ਮੰਗ ਪੱਤਰ ਸਰਕਾਰ ਨੂੰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਤਿੰਨ ਵਾਰ ਉੱਚ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਹੋਈ ਪਰ ਤਿੰਨੇ ਵਾਰੀ ਮੁੱਖ ਮੰਤਰੀ ਨਹੀਂ ਆਏ । ਜਿਸ ਕਰਕੇ ਮਜ਼ਦੂਰਾਂ ਨੇ ਉੱਕਤ ਪ੍ਰੋਗਰਾਮ ਉਲੀਕਿਆ ਹੈ । ਮਜ਼ਦੂਰ ਆਗੂ ਨੇ ਦੱਸਿਆ ਕਿ ਸਾਂਝੇ ਮੋਰਚੇ ਵੱਲੋਂ 15 ਜਨਵਰੀ ਤੋਂ ਪਿੰਡ ਪਿੰਡ ਮੀਟਿੰਗਾਂ ਕਰਕੇ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ, ਦਿਹਾੜੀ 700/- ਕਰਾਉਣ , ਮੁਕੰਮਲ ਕਰਜ਼ਾ ਮਾਫੀ , ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਾਉਣ ਆਦਿ ਵਰਗੀਆਂ ਮੰਗਾਂ 'ਤੇ ਮਜ਼ਦੂਰ ਸਾਂਝਾ ਸ਼ੰਘਰਸ਼ ਲੜ ਰਹੇ ਹਨ ਪਰ ਬਦਲਾਅ ਦੇ ਨਾਹਰਾ ਦੇ ਕੇ ਸੱਤਾ 'ਚ ਆਈ ਆਪ ਸਰਕਾਰ ਮਜ਼ਦੂਰਾਂ ਨੂੰ ਲਗਾਤਾਰ ਦਰਕਿਨਾਰ ਕਰ ਰਹੀ ਹੈ। ਅੱਜ ਦੀ ਮੀਟਿੰਗ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਸ਼ਮੀਰ ਘੁੱਗਸ਼ੋਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਵੀਰ ਕੁਮਾਰ ਅਤੇ ਸ਼ੀਤਲ ਬੜਾ ਪਿੰਡ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਨਿਰਮਲ ਸਿੰਘ ਸਹੋਤਾ ਸ਼ਾਮਲ ਹੋਏ।

## ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਦੀ ਲੋਕਪ੍ਰਿਅਤਾ ਦੇਖ ਕੇ ਵਿਰੋਧੀ ਪਾਰਟੀਆਂ ਚਿੰਤਤ : ਸਰਪੰਚ ਨਰਵਾਲ

ਅੱਡਾਸਰਾਂ (ਜਸਵੀਰ ਕਾਜਲ)

ਇੰਡੀਅਨ ਨੈਸ਼ਨਲ ਕਾਂਗਰਸ ਦੇ ਰਾਸ਼ਟਰੀ ਆਗੂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਲੋਕਪ੍ਰਿਯਤਾ ਦੇ ਕੇ ਕਾਰਨ ਅੱਜ ਵਿਰੋਧੀ ਪਾਰਟੀਆਂ ਦੇ ਆਗੂ ਚਿੰਤਤ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸਰਪੰਚ ਦਮਨਦੀਪ ਸਿੰਘ ਬਿੱਲਾ ਨਰਵਾਲ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਭਾਰਤ ਯਾਤਰਾ ਦੌਰਾਨ ਟਾਂਡਾ ਜਿੱਥੇ ਯੂਥ ਵਰਕਰਾਂ ਵੱਲੋਂ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਗਈ ਉਥੇ ਹੀ ਰਾਹੁਲ ਗਾਂਧੀ ਦੀ ਸ਼ਖਸੀਅਤ ਤੋਂ ਕਾਂਗਰਸੀ ਵਰਕਰਾਂ ਦੇ ਪ੍ਰਭਾਵਤ ਹੋਣ ਤੋਂ ਇਲਾਵਾ ਵਿਰੋਧੀ ਪਾਰਟੀਆਂ ਦੇ ਲੀਡਰ ਚਿੰਤਤ ਹੋਏ ਹਨ । ਇਸ ਮੌਕੇ ਉਹਨਾਂ ਦੀ ਇਸ ਯਾਤਰਾ ਨਾਲ ਸਮੁੱਚੇ ਦੇਸ਼ ਨੂੰ ਇੱਕ ਪਲੇਟ ਫਾਰਮ 'ਤੇ ਇਕੱਠਿਆਂ ਕਰਨ ਅਤੇ ਰਾਸ਼ਟਰ ਨੂੰ ਧਾਰਮਿਕ,ਆਰਥਿਕ ਅਤੇ ਹੋਰਨਾਂ ਪੱਖਾਂ ਤੋਂ ਸੰਪੂਰਨ ਕਰਨ ਲਈ ਇਕ ਲਾਹੇਵੰਦ ਸੰਦੇਸ਼ ਮਿਲਿਆ ਹੈ। ਉਹਨਾਂ ਦੀ ਇਸ ਯਾਤਰਾ ਵਿਚ ਲਾਮਿਸਾਲ ਇਕੱਠ ਅਤੇ ਹਾਜਰੀਨ ਨੇ ਇਹ ਸਾਬਤ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਹੋਰ ਜ਼ਿਆਦਾ ਮਜਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹਾ ਪੱਧਰ 'ਤੇ ਕਾਂਗਰਸ ਦੀ ਮਜਬੂਤੀ ਲਈ ਜ਼ਿਲ੍ਹਾ ਕਾਂਗਰਸ ਵੱਲੋਂ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਅਰੁਣ ਮਿੱਕੀ ਡੋਗਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਅਤੇ ਇਸ ਮੁਹਿੰਮ ਤਹਿਤ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਕੀਤੇ ਜਾਣਗੇ।

## ਕਾਲਜ 'ਚ ਬਸੰਤ ਪੰਚਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



ਕਰਤਾਰਪੁਰ (ਹਰਮੇਸ਼ ਦੱਤ)- ਦਿਆਲਪੁਰ ਜ਼ਿਲਾ ਕਪੂਰਥਲਾ ਵਿਖੇ ਓਮਪ੍ਰਕਾਸ਼ ਮੈਮੋਰੀਅਲ ਇਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਵਿੱਚ ਬਸੰਤ ਪੰਚਮੀ ਦਾ ਤਿਉਹਾਰ ਪ੍ਰੋਫੈਸਰ ਰਣਜੀਤ ਬੈਂਸ ਦੀ ਅਗਵਾਈ ਵਿੱਚ ਧੂਮਧਾਮ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੇ ਬਸੰਤ ਪੰਚਮੀ ਦੇ ਤਿਉਹਾਰ ਦੀ ਖੁਸ਼ੀ ਵਿੱਚ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਭੰਗੜਾ, ਗਿੱਧਾ, ਭਾਸ਼ਣ ਪੇਸ਼ ਕਰਕੇ ਵਿਦਿਆਰਥੀਆਂ ਨੇ ਸਾਰਿਆਂ ਦਾ ਮਨ ਮੋਹ ਲਿਆ। ਇਸ ਮੌਕੇ ਸਕੂਲ ਸੈਕਟਰੀ ਡਾਕਟਰ ਵਿਜੈ ਆਹੂਜਾ ਨੇ ਵਿਦਿਆਰਥੀਆਂ, ਸਟਾਫ ਅਤੇ ਦੇਸ਼ ਵਾਸੀਆਂ ਨੂੰ ਬਸੰਤ ਪੰਚਮੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਅਤੇ ਪ੍ਰੋਫੈਸਰ ਰਣਜੀਤ ਬੈਂਸ ਨੇ ਬਸੰਤ ਦੇ ਤਿਉਹਾਰ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਵਿਨੋਦ ਕੁਮਾਰ, ਪ੍ਰੋਫੈਸਰ ਰਣਜੀਤ ਬੈਂਸ, ਪ੍ਰੋਫੈਸਰ ਗਗਨਦੀਪ ਸਿੰਘ, ਪ੍ਰੋਫੈਸਰ ਗੁਰਪ੍ਰੀਤ ਸਿੰਘ, ਪ੍ਰੋਫੈਸਰ ਗੁਰਜੀਤ ਰਾਣੀ, ਪ੍ਰੋਫੈਸਰ ਚਰਨਜੀਤ ਕੌਰ, ਸੁਪਰਡੈਂਟ ਹਰਮੀਤ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

## ਵਿੱਤੀ ਲਾਭ ਲੈਣ ਲਈ ਕਿਸਾਨ ਈ ਕੇ ਵਾਈ ਸੀ ਕਰਵਾਉਣ : ਮੁੱਖ ਖੇਤੀਬਾੜੀ ਅਫ਼ਸਰ

ਕੁਰਾਲੀ (ਮੋਹਨ ਅੱਗਰਵਾਲ ਜੋਗਾ)

ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐਸ ਏ ਐਸ ਨਗਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਵਿੱਤੀ ਲਾਭ ਨਹੀਂ ਮਿਲ ਰਿਹਾ ਹੈ,ਉਹ ਕਿਸਾਨ ਖੇਤੀਬਾੜੀ ਵਿਭਾਗ ਦੇ ਬਲਾਕ ਦਫਤਰ ਜਾਂ ਵਿਭਾਗ ਵੱਲੋਂ ਪਿੰਡਾਂ 'ਚ ਲਗਾਏ ਜਾ ਰਹੇ ਵਿਸ਼ੇਸ਼ ਕੈਂਪਾਂ ਵਿੱਚ ਆ ਕੇ ਚੈਕ ਕਰਵਾਉਣ ਕਿ ਕਿਸ ਕਾਰਨ ਇਸ ਯੋਜਨਾ ਦਾ ਵਿੱਤੀ ਲਾਭ ਉਨ੍ਹਾਂ ਨੂੰ ਨਹੀ ਮਿਲ ਰਿਹਾ। ਡਾ. ਗੁਰਬਚਨ ਸਿੰਘ ਨੇ ਸਟਾਫ ਮੀਟਿੰਗ ਵਿੱਚ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਅਤੇ ਮੌਕੇ 'ਤੇ ਹੀ ਕਿਸਾਨਾਂ ਦੀ ਈ ਕੇ ਵਾਈ ਸੀ ਕੀਤੀ ਜਾਵੇ। ਇਸ ਮੌਕੇ ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਜਿਨ੍ਹਾਂ ਲਾਭਪਾਤਰੀ ਕਿਸਾਨਾਂ ਨੇ ਅਜੇ ਤੱਕ ਈ ਕੇ ਵਾਈ ਸੀ ਨਹੀਂ ਕਰਵਾਈ ਜਾਂ ਜਿਨ੍ਹਾਂ ਲਾਭਪਾਤਰੀਆਂ ਨੇ ਆਪਣੇ ਖਾਤੇ ਆਧਾਰ ਕਾਰਡ ਨਾਲ ਲਿੰਕ ਨਹੀਂ ਕਰਵਾਏ, ਉਹ ਅਗਲੀ ਕਿਸ਼ਤ ਦਾ ਲਾਭ ਲੈਣ ਲਈ



ਜਲਦੀ ਤੋਂ ਜਲਦੀ ਈ ਕੇ ਵਾਈ ਸੀ ਕਰਵਾਉਣ ਅਤੇ ਆਪਣੇ ਖਾਤੇ ਆਧਾਰ ਕਾਰਡ ਨਾਲ ਲਿੰਕ ਕਰਵਾਉਣ। ਜੇਕਰ ਕਿਸੇ ਵੀ ਕਿਸਾਨ ਨੇ 13 ਵੀਂ ਕਿਸ਼ਤ ਖਾਤਿਆਂ ਵਿੱਚ ਪੈਣ ਤੋਂ ਪਹਿਲਾਂ ਆਪਣੀ ਈ ਕੇ ਵਾਈ ਸੀ ਨਾ ਕਰਵਾਈ ਤਾਂ ਉਸ ਦੇ ਬੈਂਕ ਖਾਤੇ ਵਿੱਚ 13ਵੀਂ ਕਿਸ਼ਤ ਦੇ 2000/- ਰੁਪਏ ਨਹੀਂ ਆਉਣਗੇ। ਬੈਂਕ ਖਾਤਿਆਂ ਨੂੰ ਆਧਾਰ ਕਾਰਡ ਨਾਲ ਲਿੰਕ ਬੈਂਕਾਂ ਦੁਆਰਾ ਕੀਤਾ ਜਾਣਾ ਹੈ।

## ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਜਥੇਦਾਰ ਅਕਾਲੀ ਫੂਲਾ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

ਮੋਹਾਲੀ (ਗੁਰਜੀਤ ਬਿੱਲਾ)

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬੁੱਢਾ ਦਲ ਦੇ ਛੇਵੇ ਜੱਥੇਦਾਰ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਅਕਾਲੀ ਫੂਲਾ ਸਿੰਘ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ । ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰਿਤਪਾਲ ਸਿੰਘ ਦੇ ਪੰਥਕ ਜੱਥੇ ਨੇ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਅਕਾਲੀ ਫੂਲਾ ਸਿੰਘ ਦਾ ਜੀਵਨ ਬ੍ਰਿਤਾਂਤ ਸੰਗਤਾਂ ਸੁਣਾਉਂਦੇ ਹੋਏ ਦੱਸਿਆ ਕਿ ਬਾਬਾ ਜੀ ਦਾ ਜਨਮ 1761 ਨੂੰ ਈਸ਼ਰ ਸਿੰਘ ਦੇ ਗ੍ਰਹਿ ਵਿਖੇ ਸਿਹਾਬਾਂਗੜ ਜ਼ਿਲਾ ਸੰਗਰੂਰ ਵਿਖੇ ਹੋਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਆਪਣੇ ਪ੍ਰਵਚਣਾਂ ਰਾਹੀਂ ਦੱਸਿਆ ਕਿ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਸੰਨ 1823 ਈ ਵਿੱਚ ਅੰਗ੍ਰੇਜਾਂ ਨਾਲ ਕੀਤੀ ਨੁਸ਼ਹਿਰਾ ਪੁਨੂਆਂ ਦੀ ਜੰਗ ਵਿੱਚ ਸ਼ਹਾਦਤ ਪ੍ਰਾਪਤ ਕੀਤੀ। ਉਨਾ ਦੀ ਸ਼ਹਾਦਤ ਤੋਂ ਬਾਅਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਨੂੰ ਬੁੱਢਾ ਦਲ ਦੇ ਸੱਤਵੇਂ ਜੱਥੇਦਾਰ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਥਾਪਿਆ ਗਿਆ। ਭਾਈ ਅਮਰਜੀਤ ਸਿੰਘ ਖਾਲਸਾ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਨ ਦਾ ਉਪਰਾਲਾ ਕੀਤਾ । ਇਸ ਤੋਂ ਇਲਾਵਾ ਭਾਈ ਗੁਰਸੇਵਕ ਸਿੰਘ ਦਾ ਪੰਥਕ ਢਾਡੀ ਜੱਥਾ, ਭਾਈ ਗੁਰਦੀਪ ਸਿੰਘ, ਭਾਈ ਓਂਕਾਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਕੁਲਦੀਪ ਸਿੰਘ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਗੁਰਿੰਦਰ ਸਿੰਘ, ਭਾਈ ਸੁਖਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਹਨੂਮਤ ਸਕੂਲ ਦੇ ਪ੍ਰਿੰਸੀਪਲ ਰਾਈਜ਼ਿੰਗ ਲੀਡਰ ਇਨ ਐਕਸਪੀਰੀਐਂਸ਼ੀਅਲ ਲਰਨਿੰਗ ਐਵਾਰਡ ਨਾਲ ਸਨਮਾਨਤ



ਗੁਰਾਇਆ (ਬਿੰਦਰ ਸੁਮਨ)—ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੂੰ ਟਾਈਮ ਟੂ ਗ੍ਰੋ ਮੀਡੀਆ ਦੁਆਰਾ 'ਰਾਈਜਿੰਗ ਲੀਡਰ ਇਨ ਐਕਸਪੀਰੀਐਂਸ਼ੀਅਲ ਲਰਨਿੰਗ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਹੋਟਲ ਈਰੋਜ ਨਹਿਰੂ ਪੈਲੇਸ, ਨਵੀਂ ਦਿੱਲੀ ਵਿਖੇ 15ਵਾਂ ਸਿੱਖਿਆ ਸੰਮੇਲਨ ਕਰਵਾਇਆ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੇ ਆਪਣੇ ਆਤਮ ਵਿਸ਼ਵਾਸ, ਮਿਹਨਤ ਅਤੇ ਲਗਨ ਨਾਲ ਨਾ ਸਿਰਫ ਸਕੂਲ ਨੂੰ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ, ਸਗੋਂ ਵਿਦਿਆਰਥੀਆਂ ਲਈ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਵੀ ਯੋਗ ਪ੍ਰਬੰਧ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾ ਕੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੂੰ ਸਿੱਖਿਆ ਪ੍ਰਤੀ ਉਨ੍ਹਾਂ ਦੇ ਯੋਗਦਾਨ ਅਤੇ ਯਤਨਾਂ ਲਈ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੂੰ ਇਹ ਐਵਾਰਡ ਪ੍ਰੋਫੈਸਰ ਵਿਨੀਤਾ ਕੌਲ (ਸਾਬਕਾ ਡਾਇਰੈਕਟਰ ਸੈਂਟਰ ਫਾਰ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ ਡਿਵੈਲਪਮੈਂਟ) ਅਤੇ ਡਾ: ਮਨਪ੍ਰੀਤ ਸਿੰਘ ਮੰਨਾ (ਸਾਬਕਾ ਡਾਇਰੈਕਟਰ ਏ.ਆਈ.ਸੀ.ਟੀ.ਈ.- ਸਿੱਖਿਆ ਮੰਤਰਾਲੇ) ਵੱਲੋਂ ਦਿੱਤਾ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਆਪਣੀ ਸਿੱਖਿਆ ਅਤੇ ਤਜਰਬੇ ਨਾਲ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰ ਰਹੀ ਹੈ! ਪ੍ਰਬੰਧਕ ਕਮੇਟੀ ਨੇ ਮੈਡਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਣਗੇ ਅਤੇ ਇਸੇ ਤਰ੍ਹਾਂ ਸਕੂਲ ਦਾ ਨਾਂਅ ਰੌਸ਼ਨ ਕਰਨਗੇ! ਸਕੂਲ ਸਟਾਫ ਨੇ ਮੈਡਮ ਆਰਤੀ ਸੋਬਤੀ ਨੂੰ ਵਧਾਈ ਦਿੱਤੀ।

## ਡਰੋਲੀ ਕਲਾਂ ਵਿਖੇ ਕੈਂਪ ਦੌਰਾਨ 71 ਯੂਨਿਟ ਖ਼ੂਨਦਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਡਰੋਲੀ ਕਲਾਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਦੇ ਅਸਥਾਨ 'ਤੇ 19ਵਾਂ ਵਿਸ਼ਾਲ ਖ਼ੂਨਦਾਨ ਲਗਾਇਆ ਗਿਆ। ਜਿਸ ਵਿੱਚ ਬੋਲੀਨੇ ਪਿੰਡ ਦੇ ਸਰਪੰਚ ਯੂਨੀਅਨ ਪ੍ਰਧਾਨ ਕੁਲਵਿੰਦਰ ਬਾਘਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਜਿਸ ਦੌਰਾਨ ਜੱਥੇਦਾਰ ਮਨੋਹਰ ਸਿੰਘ ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਸਾਬੀ ਪਧਿਆਣਾ ਮੀਤ ਪ੍ਰਧਾਨ ਇੰਦਰ ਮਿਨਹਾਸ, ਸੈਕਟਰੀ ਲਖਵੀਰ ਸਿੰਘ ਦੇ ਨਾਲ-ਨਾਲ ਬੇਅੰਤ ਸੰਗਤਾਂ ਬਲੱਡ ਡੋਨਰਜ ਵੀਰਾਂ ਭੈਣਾਂ ਦੀ ਭਰਪੂਰ ਹਾਜਰੀ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਇਲਾਕੇ ਦੀਆਂ ਵੱਖ ਵੱਖ ਸੇਵਾ ਸੁਸਾਇਟੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨਾਲ ਨਾਲ ਵਿਸ਼ੇਸ਼ ਕਰਕੇ ਆਖਰੀ ਉਮੀਦ ਵੈਲਫੇਅਰ ਸੁਸਾਇਟੀ ਜਲੰਧਰ ਸਤਨਾਮ ਬਲੱਡ ਸੈਂਟਰ ਹੁਸ਼ਿਆਰਪੁਰ ਦੇ ਸਰਪ੍ਰਸਤ ਗੌਰਵ ਗੋਰਾਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ, ਬਲੱਡ ਮੋਟੀਵੇਟ ਕੋਟ ਫਤੂਹੀ ਤੋਂ ਪ੍ਰਦੀਪ ਬੱਗਾ ਹੁਸ਼ਿਆਰਪੁਰ ਵੀਰ ਰਾਮ ਸਰੂਪ, ਉੱਘੇ ਸਮਾਜ ਸੇਵੀ ਪੰਕਜ ਕੁਮਾਰ ਹਨੀ ਭੱਟੀ ਦੇ ਨਾਲ ਨਾਲ ਹੋਰ ਬਹੁਤ ਸਾਰੇ ਮੈਂਬਰ ਪਹੁੰਚੇ। ਇਸ ਮੌਕੇ ਪ੍ਰਬੰਧਕਾਂ ਨੇ ਸਵੈਇੱਛਾ ਨਾਲ ਨੌਜਵਾਨ ਵੀਰਾਂ ਵੱਲੋਂ 71 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਥੇਦਾਰ ਜਸਵੀਰ ਸਿੰਘ ਪਧਿਆਣਾ ਅਤੇ ਸੁਸਾਇਟੀ ਵੱਲੋਂ ਖ਼ੂਨਦਾਨ ਕਰਨ ਵਾਲਿਆਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪਿੰਡ ਕਾਲਰੇ ਤੋਂ ਸਰਪੰਚ ਅਤੇ ਚੇਅਰਮੈਨ ਦੇ ਨਾਲ ਰਣਜੀਤ ਸਿੰਘ ਰਾਜਾ ਆਦਿ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜਸਕਰਨ, ਮੈਸੀ, ਸਤਨਾਮ, ਰਣਜੀਤ,ਅਕਾਸ਼ , ਗੁਰਵਿੰਦਰ, ਅਮਨਦੀਪ, ਪਿੰਦਰ ਫੌਜੀ , ਹਰਜੀਤ, ਕਾਕਾ, ਅਮਰਜੀਤ, ਪ੍ਰਦੀਪ ਅਮਨਦੀਪ, ਮਨਦੀਪ, ਸਾਹਿਲ, ਗੁਰਵਿੰਦਰ ਡਰੋਲੀ,ਕਰਨ ਪੰਚ, ਕੁੱਕੀ ਭਾ ਜੀ, ਸ਼ੈਟੀ ਆਦਿ ਹਾਜਰ ਸਨ।



## 8 ਫਰਵਰੀ ਨੂੰ ਧਾਲੀਵਾਲ ਤੇ 15 ਨੂੰ ਚੀਮਾ ਦੀ ਰਿਹਾਇਸ਼ ਅੱਗੇ ਸੂਬਾ ਪੱਧਰੀ ਧਰਨੇ ਦੇਣ ਦਾ ਐਲਾਨ



ਜਸਵੀਰ ਕਾਜਲ (ਅੱਡਾ ਸਰਾਂ)- ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਬਰਾਂਚ ਹੁਸ਼ਿਆਰਪੁਰ ਦੀ ਮੀਟਿੰਗ ਆਲੋਵਾਲ ਵਾਟਰਬਾਕਸ 'ਤੇ ਹੋਈ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ ਸਾਲਾਂਬੱਧੀ ਅਰਸੇ ਤੋਂ ਬਤੌਰ ਇਨਲਿਸਟਮੈਂਟ ਅਤੇ ਆਊਟਸੋਰਸ ਅਧੀਨ ਸੇਵਾਵਾਂ ਦੇ ਰਹੇ ਵਰਕਰਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕਾ ਰੁਜਗਾਰ ਕਰਵਾਉਣ ਲਈ ਉਕਤ ਜਥੇਬੰਦੀ ਦੇ ਚੱਲ ਰਹੇ ਸੰਘਰਸ਼ 'ਤੇ ਵਿਚਾਰ ਚਰਚਾ ਕਰਨ ਉਪਰੰਤ ਜਥੇਬੰਦੀ ਦੀਆਂ ਹੱਕੀ ਤੇ ਜਾਇਜ ਮੰਗਾਂ ਦਾ ਹੱਲ ਕਰਵਾਉਣ ਲਈ ਭਵਿੱਖ ਵਿਚ ਵੀ ਸੰਘਰਸ਼ ਜਾਰੀ ਰੱਖਣ ਮਤਾ ਪਾਸ ਕਰਕੇ ਮਿਤੀ 14-12-2022 ਨੂੰ ਪੰਜਾਬ ਸਰਕਾਰ ਦੀ ਠੇਕਾ ਮੁਲਾਜਮਾਂ ਨੂੰ ਪੱਕੇ ਕਰਨ ਲਈ ਗਠਿਤ 'ਸਬ ਕਮੇਟੀ'- ਮੈਂਬਰ- ਕਮ ਕੈਬਨਿਟ ਮੰਤਰੀਆਂ ਦੇ ਖਿਲਾਫ ਸੂਬਾ ਪੱਧਰੀ ਧਰਨੇ ਦੇਣ ਦਾ ਐਲਾਨ ਕੀਤਾ ਗਿਆ। ਮੀਟਿੰਗ ਵਿਚ ਜਥੇਬੰਦੀ ਦਾ ਸਾਲ 2023 ਦਾ ਕਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਬ੍ਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਅਤੇ ਮਨਦੀਪ ਸਿੰਘ ਸੈਣੀ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਜਲ ਘਰਾਂ 'ਤੇ ਫੀਲਡ ਅਤੇ ਦਫਤਰਾਂ 'ਚ ਸਾਲਾਂਬੱਧੀ ਅਰਸੇ ਤੋਂ ਇਕ ਵਰਕਰ ਦੇ ਰੂਪ ਵਿਚ ਕੰਮ ਕਰਦੇ ਇੰਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਦੇ ਤਜਰਬੇ ਦੇ ਅਧਾਰ 'ਤੇ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਵਾਉਣ, ਨਹਿਰੀ ਪਾਣੀ ਸਪਲਾਈ ਦੇ ਬਹਾਨੇ ਨਾਲ ਬਲਾਕ ਪੱਧਰੀ ਮੈਗਾ ਪ੍ਰੋਜੈਕਟ ਲਗਾ ਕੇ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਦੇ ਨਾਂਅ ਹੇਠ ਨਿੱਜੀਕਰਨ ਦੀਆਂ ਕਾਰਪੋਰੇਟੀ ਹਿੱਤਾਂ ਦੀ ਪੂਰਤੀ ਲਈ ਲਾਗੂ ਕੀਤੀ ਜਾ ਰਹੀਆਂ ਲੋਕ ਮਾਰੂ ਨੀਤੀਆਂ ਨੂੰ ਰੱਦ ਕਰਵਾਉਣ ਸਮੇਤ ਜਥੇਬੰਦੀ ਦੇ 'ਮੰਗ-ਪੱਤਰ' 'ਚ ਦਰਜ ਤਮਾਮ ਮੰਗਾਂ ਦਾ ਤੁਰੰਤ ਹੱਲ ਕਰਵਾਉਣ ਦੀ ਮੰਗ ਲਈ, ਪੰਜਾਬ ਸਰਕਾਰ ਦੀ ਗਠਿਤ 'ਸਬ-ਕਮੇਟੀ' ਮੈਂਬਰ- ਕਮ- ਮੰਤਰੀਆਂ ਦੇ ਖਿਲਾਫ ਸ਼ੁਰੂ ਕੀਤੇ "ਸੰਘਰਸ਼" ਤਹਿਤ 8 ਫਰਵਰੀ 2023 ਨੂੰ ਅਜਨਾਲਾ ਵਿਖੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਰਿਹਾਇਸ਼ ਅੱਗੇ ਅਤੇ 15 ਫਰਵਰੀ 2023 ਨੂੰ ਸੰਗਰੂਰ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਜਲ ਸਪਲਾਈ ਕਾਮਿਆਂ ਵਲੋਂ ਪਰਵਾਰਾਂ ਸਮੇਤ ਸੂਬਾ ਪੱਧਰੀ ਧਰਨੇ ਦਿੱਤੇ ਜਾਣਗੇ। ਜਿਸਦੀ ਤਿਆਰੀ ਸਬੰਧੀ ਸਾਰੇ ਪੰਜਾਬ 'ਚ ਜਥੇਬੰਦੀ ਵਲੋਂ ਜ਼ਿਲ੍ਹਾ ਤੇ ਬ੍ਰਾਂਚ ਪੱਧਰੀ ਮੀਟਿੰਗਾਂ ਕਰਨ ਦੇ ਨਾਲ ਵਰਕਰਾਂ ਦੇ ਘਰ-ਘਰ ਜਾ ਕੇ ਉਪਰੋਕਤ ਸੂਬਾ ਪੱਧਰੀ ਧਰਨਿਆਂ 'ਚ ਵਰਕਰ ਸਾਥੀਆਂ ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਮੁਲਾਜਮ ਸਾਥੀ ਭੁਪਿੰਦਰ ਕੁਮਾਰ ਤਰਜਿੰਦਰ ਸਿੰਘ ਅਮਨਦੀਪ ਸਿੰਘ ਸੰਦੀਪ ਸੈਣੀ ਕੁਲਦੀਪ ਸਿੰਘ ਦਵਿੰਦਰ ਕੁਮਾਰ ਸੋਹਣ ਲਾਲ ਸ਼ਿਵ ਕੁਮਾਰ ਪਲਵਿੰਦਰ ਸਿੱਘ ਅਮਨਦੀਪ ਸਿੰਘ ਰਾਜ ਕੁਮਾਰ ਸੁਖਦੀਪ ਸਿੰਘ ਹਰਜੀਤ ਸਿੰਘ ਵੀ ਸੰਬੋਧਨ ਕੀਤਾ ਅਤੇ ਆਪਣੇ ਪੱਕੇ ਰੁਜਗਾਰ ਦੀ ਮੰਗ ਲਈ ਚੱਲ ਰਹੇ ਸੰਘਰਸ਼ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਭਾਗ ਲੈਣ ਲਈ ਐਲਾਨ ਕੀਤਾ ਗਿਆ।

## ਦੁਸਾਂਝ ਕਲਾਂ ਵਿਖੇ ਨਗਰ ਕੀਰਤਨ 5 ਨੂੰ

ਬਹਿਰਾਮ (ਅਵਤਾਰ ਕਲੇਰ)- ਸ਼੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਮੰਦਰ ਨਵੀਂ ਅਬਾਦੀ ਪਿੰਡ ਦੁਸਾਂਝ ਕਲਾਂ ਵਿਖੇ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵੀਦਾਸ ਮਹਾਰਾਜ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 5 ਫਰਵਰੀ ਨੂੰ ਸਜਾਇਆ ਜਾਵੇਗਾ। ਪ੍ਰਬੰਧਕ ਕਮੇਟੀ ਦੇ ਸਕੱਤਰ ਸੁਰਿੰਦਰਪਾਲ ਕੁੱਕੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 5 ਫਰਵਰੀ ਸਵੇਰੇ 8 ਵਜੇ ਨਿਸ਼ਾਨ ਦਾ ਚੋਲਾ ਪਹਿਨਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਰਵੀਦਾਸ ਮੰਦਰ ਵਿਖੇ ਸਹਿਜ ਪਾਠ ਦਾ ਅਰੰਭ 25 ਜਨਵਰੀ ਨੂੰ ਕੀਤਾ ਅਤੇ ਪ੍ਰਭਾਤ ਫੇਰੀਆਂ ਦੀ ਅਰੰਭਤਆ ਕੀਤੀ ਜਾਵੇਗੀ। 6 ਫਰਵਰੀ ਨੂੰ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਬਾਅਦ ਦੁਪਿਹਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸਰਪ੍ਰਸਤ ਚੌਧਰੀ ਮਨੋਹਰ ਲਾਲ, ਮਾ. ਗੁਰਮੀਤ ਰਾਮ, ਪ੍ਰਧਾਨ ਖੁਸੀ ਰਾਮ, ਵਾਇਸ ਪ੍ਰਧਾਨ ਮੋਹਣ ਲਾਲ, ਖਜਾਨਚੀ ਦੀਪਕ ਰਾਏ ਅਤੇ ਠੇਕੇਦਾਰ ਜੋਗਿੰਦਰ ਰਾਮ, ਸਕੱਤਰ ਸੁਰਿੰਦਰਪਾਲ ਕੁੱਕੂ, ਨਿਰਮਲ ਕੁਮਾਰ ਪੰਚ, ਵਿਨੋਦ ਕੁਮਾਰ, ਦਵਿੰਦਰ ਸੋਨਾ, ਬੱਬੂ ਦੁਸਾਂਝ, ਵਿਜੈ ਕੁਮਾਰ, ਪੰਕਜ, ਰੋਹਿਤ ਕੁਮਾਰ, ਲਾਲ ਚੰਦ, ਟੇਕ ਚੰਦ, ਸੌਰਵ, ਸੰਤੋਖ ਸਿੰਘ, ਲਖਵੀਰ, ਹਰਮਨ ਕੁਮਾਰ, ਵਿਨੀਤ ਕੁਮਾਰ, ਪਰੇਸ਼, ਸਾਬੀ, ਚਮਨ ਲਾਲ, ਗੋਰਾ, ਰਾਕੇਸ਼ ਕੁਮਾਰ, ਕਿਸ਼ਨ, ਕਾਕਾ, ਸਨੀ, ਰਣਜੀਤ ਕੁਮਾਰ ਤੋਂ ਇਲਾਵਾ ਪਿੰਡ ਵਾਸੀ ਆਦਿ ਹਾਜਰ ਸਨ।

## ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਉਤਸਵ ਨੂੰ ਸਮਰਪਤ ਸੁਖਵਿੰਦਰ ਪੰਛੀ ਦੇ ਗੀਤਾਂ ਦੀ ਵੀਡੀਓ ਮੁਕੰਮਲ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646 ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਤ ਇੰਟਰਨੈਸ਼ਨਲ ਪੰਜਾਬੀ ਲੋਕ ਗਾਇਕ ਸੁਖਵਿੰਦਰ ਪੰਛੀ ਦੁਆਰਾ ਗਾਏ ਗੀਤਾਂ ਦੀ ਵੀਡੀਓ ਬਿੱਟੂ ਮਾਨ ਫਿਲਮਜ਼ ਦੁਆਰਾ ਅੱਜ ਪੂਰੀ ਤਰ੍ਹਾਂ ਮੁਕੰਮਲ ਕਰ ਲਈ ਗਈ। ਐਡੀਟਿੰਗ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਜਲਦ ਹੀ ਇਨ੍ਹਾਂ ਗੀਤਾਂ ਨੂੰ ਇੱਕ ਇੱਕ ਕਰਕੇ ਰਿਲੀਜ਼ ਕੀਤਾ ਜਾਵੇਗਾ। ਗਾਇਕ ਪੰਛੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਗੀਤਾਂ ਦੀ ਸ਼ੂਟਿੰਗ ਅੱਜ ਪਿੰਡ ਜੰਡਿਆਲੀ (ਜਲੰਧਰ ) ਵਿਖੇ ਟੋਨੀ ਧਾਲੀਵਾਲ, ਕਮਲ ਧਾਲੀਵਾਲ ਯੂਬਾ ਸਿਟੀ ਕੈਲੀਫੋਰਨੀਆ, ਅਮਰੀਕਾ ਤਰਲੋਕ ਸਿੰਘ ਨਾਹਲ, ਅਮਰਜੀਤ ਸਿੰਘ ਲਾਲੀ ਨਾਹਲ, ਮਨਵੀਰ ਸਿੰਘ ਨਾਹਲ, ਅਮਰੀਕ ਜੱਸਲ, ਕੇ ਕੇ ਫ਼ਿਲਮ ਡਾਇਰੈਕਟਰ ਬਲਕਾਰ ਸਿੰਘ, ਜਗਜੋਤ ਸਿੰਘ ਜੁਗਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਡਿਆਲੀ ਆਦਿ ਦੇ ਸਹਿਯੋਗ ਨਾਲ ਮੁਕੰਮਲ ਕਰ ਲਈ ਗਈ। ਇਨ੍ਹਾਂ ਗੀਤਾਂ ਨੂੰ ਪ੍ਰਸਿੱਧ ਗੀਤਕਾਰ ਗੋਰਾ ਢੇਸੀ, ਗੀਤਕਾਰ ਜੌਹਲ ਸੁੱਖਾ ਪਿੰਡ ਹਰਦੋ ਸ਼ੇਖ ਦੁਆਰਾ ਕਲਮਬੰਦ ਕੀਤਾ ਹੋਇਆ ਹੈ। ਇਨ੍ਹਾਂ ਗੀਤਾਂ ਨੂੰ ਸੰਗੀਤ ਨਾਲ ਸ਼ਿੰਗਾਰਿਆ ਹੈ ਸੰਗੀਤਕਾਰ ਹਰੀ ਅੰਮ੍ਰਿਤ ਨੇ। ਜਲਦ ਹੀ ਇਨ੍ਹਾਂ ਗੀਤਾਂ ਨੂੰ ਸੰਗਤਾਂ ਦੇ ਰੂਬਰੂ ਕੀਤਾ ਜਾਵੇਗਾ।





## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮੁਫਤ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਭਲਕੇ

ਮੋਹਾਲੀ (ਗੁਰਜੀਤ ਬਿੱਲਾ)- ਅਮਰ ਸ਼ਹੀਦ ਬਾਬਾ ਹਨੂੰਮਾਨ ਸਿੰਘ ਜੀ ਫਾਊਂਡੇਸ਼ਨ ਤੇ ਗੁਰਦੁਆਰਾ ਸਿੰਘ ਸ਼ਹੀਦਾਂ ਪ੍ਰਬੰਧਕ ਕਮੇਟੀ ਸੋਹਾਣਾ ਦੇ ਸਹਿਯੋਗ ਨਾਲ ਵਰਲਡ ਕੈਂਸਰ ਕੇਅਰ ਵੱਲੋਂ 26 ਜਨਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮੁਫ਼ਤ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਮਹਿਮਾਨ ਪਰਵਿੰਦਰ ਸਿੰਘ ਸੋਹਾਣਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਮੋਹਾਲੀ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਅਹੁਦੇਦਾਰ ਹਰਪ੍ਰੀਤ ਹੈਪੀ, ਰੁਪਿੰਦਰ ਰੂਪਾ, ਹਰਵਿੰਦਰ ਸਿੰਘ ਨੰਬਰਦਾਰ, ਰਾਜੂ ਸੋਹਾਣਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ ਮੈਮੋਗਰਾਫੀ ਟੈਸਟ, ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ ਪੈਪ ਸਮੀਅਰ, ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ ਪੀ ਐਸ ਏ ਟੈਸਟ, ਔਰਤਾਂ ਤੇ ਮਰਦਾਂ ਦੇ ਮੂੰਹ ਦੇ ਕੈਂਸਰ ਦੀ ਜਾਂਚ, ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਸਹੀ ਸਲਾਹ, ਔਰਤਾਂ ਤੇ ਮਰਦਾਂ ਦੇ ਸੂਗਰ ਅਤੇ ਬਲੱਡ ਪ੍ਰੈਸ਼ਰ ਦੀ ਜਾਂਚ ਅਤੇ ਮੁਫਤ ਦਵਾਈਆਂ, ਆਮ ਬਿਮਾਰੀਆਂ ਸਬੰਧੀ ਸਿਹਤ ਲੋੜਵੰਦਾਂ ਨੂੰ ਮੁਫਤ ਦਵਾਈਆਂ, ਹੱਡੀਆਂ ਦੇ ਟੈਸਟ ਬਿਲਕੁਲ ਮੁਫਤ ਕੀਤੇ ਜਾਣਗੇ। ਵੱਡੀ ਗੱਲ ਇਹ ਹੈ ਕਿ ਨਾ ਸਿਰਫ ਇਹ ਸਾਰੇ ਟੈਸਟ ਕੈਂਪ ਵਿੱਚ ਮੁਫਤ ਕੀਤੇ ਜਾਣਗੇ ਸਗੋਂ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਮੈਂਬਰਾਂ ਨੇ ਕਿਹਾ ਕਿ ਸਮੇਂ ਸਿਰ ਜੇਕਰ ਕੈਂਸਰ ਦੀ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ ਇਸਦਾ ਇਲਾਜ ਵੀ ਓਨਾ ਹੀ ਸੌਖਾ ਹੁੰਦਾ ਹੈ ਜਦੋਂ ਕਿ ਬਿਮਾਰੀ ਦੇ ਵਧਣ ਨਾਲ ਇਹ ਬਿਮਾਰੀ ਲਾ-ਇਲਾਜ ਹੋ ਜਾਂਦੀ ਹੈ।


ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਮ ਮਿਤੀ 09.02.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ ਕੇਵਲ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 17.01.2023 | 26.01.2023 | 09.02.2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 3. | 396-2022-23-ADEN-ASR-II | ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੇ ਤਹਿਤ ਆਉਣ ਵਾਲੇ ਸਹਾਇਕ ਮੰਡਲ ਇੰਜੀਨੀਅਰ ਫਸਟ ਅਤੇ ਸੈਕਿਡ/ਅੰਮ੍ਰਿਤਸਰ ਦੇ ਅਧਿਕਾਰ ਖੇਤਰ ਦੇ ਤਹਿਤ ਲੇਵਲ ਕ੍ਰਾਸਿੰਗ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ ਕਰਨ ਲਈ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,09,98,686.52/- | 2,05,000/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਤਰੁਟੀ ਲਈ ਅੰਗ੍ਰੇਜੀ ਵਰਜਨ ਹੀ ਅਵਲੋਕਨ ਕਰੋ ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ:- 770-W/169/WA/FZR/2022-23 Date: 18.01.2023 240/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# 50 ਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਗ੍ਰਿਫਤਾਰ

**ਜਲੰਧਰ (ਸੁਰਿੰਦਰ ਕੁਮਾਰ)**

ਕੁਲਦੀਪ ਸਿੰਘ ਚਾਹਲ , ਕਮਿਸ਼ਨਰ ਪੁਲਸ ਜਲੰਧਰ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਸਕਿਰਨਜੀਤ ਸਿੰਘ ਤੇਜਾ ਦੀ ਨਿਗਰਾਨੀ ਹੇਠ ਕੰਵਲਪ੍ਰੀਤ ਸਿੰਘ ਚਾਹਲ ਅਤੇ ਪਰਮਜੀਤ ਸਿੰਘ ਦੀ ਅਗਵਾਈ ਹੇਠ ਅਸ਼ੋਕ ਕੁਮਾਰ ਇੰਚਾਰਜ ਜਲੰਧਰ ਵੱਲੋਂ ਕਾਰਵਾਈ ਕਰਦੇ ਹੋਏ ਇੱਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਪਾਸੋਂ 50 ਗ੍ਰਾਮ ਹੈਰੋਇਨ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਸ ਕਰਮਚਾਰੀ ਅਸ਼ੋਕ ਕੁਮਾਰ ਇੰਚਾਰਜ ਜਲੰਧਰ ਦੀ ਅਗਵਾਈ ਹੇਠ ਆਰਮੀ ਏਰੀਆ ਗੜ੍ਹਾ ਤੋਂ ਬਾਬਾ ਜਗਜੀਵਨ ਸਿੰਘ ਚੌਕ ਗੜ੍ਹਾ ਵੱਲ ਨੂੰ ਜਾ ਰਹੇ ਸੀ, ਜਦ ਪੁਲਸ ਪਾਰਟੀ ਅਮਰ ਨਾਥ ਭਗਤ ਪਾਰਕ ਗੜ੍ਹਾ ਤੋਂ ਥੋੜ੍ਹਾ ਪਿਛੇ ਹੀ ਸੀ ਤਾਂ ਬਾਬਾ ਜਗਜੀਵਨ ਸਿੰਘ ਚੌਕ ਗੜ੍ਹਾ ਵੱਲੋਂ ਇੱਕ ਮੋਨਾ ਨੌਜੁਆਨ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ ਪਰ ਉਸ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ, ਜਿਸ ਨੇ ਆਪਣਾ ਨਾਂਅ ਰਜੇਸ਼ ਕੁਮਾਰ ਉਰਫ ਸਨੀ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰਬਰ 756 ਕਬੀਰ ਚੌਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਾ ਜਲੰਧਰ ਦੱਸਿਆ। ਪੁਲਸ ਕਰਮਚਾਰੀਆਂ ਨੇ ਕਾਬੂ ਕੀਤੇ ਸ਼ਖਸ ਰਜੇਸ਼ ਕੁਮਾਰ ਉਰਫ ਸਨੀ ਦੀ ਪਹਿਨੀ ਹੋਈ ਪੈਂਟ ਦੀ ਸੱਜੀ ਜੇਬ ਵਿਚੋਂ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਬ੍ਰਾਮਦ ਕੀਤਾ, ਜਿਸ ਨੂੰ ਖੋਲ ਕੇ ਚੈਕ ਕਰਨ 'ਤੇ ਉਸ ਵਿਚੋਂ 50 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਦੋਸ਼ੀ ਵਿਰੁੱਧ ਕਾਰਵਾਈ ਥਾਣਾ ਡਵੀਜਨ ਨੰਬਰ 7 ਜਲੰਧਰ ਵਿਖੇ ਮੁਕੱਦਮਾ ਨੰਬਰ 11 ਮਿਤੀ 22-01-2023 ਅਧ: 21, ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ।

# ਸੀ ਐਸ ਸੀ ਸੈਂਟਰ ਬੰਦ ਹੋਣ 'ਤੇ ਲੋਕਾਂ 'ਚ ਭਾਰੀ ਰੋਸ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਨਜ਼ਦੀਕ ਪੈਂਦੇ ਪਿੰਡ ਜੱਲੋਵਾਲ ਵਿਖੇ ਕਾਫੀ ਦਿਨਾਂ ਤੋਂ ਸੀ. ਐਸ. ਸੀ ਸੈਂਟਰ ਬੰਦ ਹੋਣ 'ਤੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪਿੰਡ ਜੱਲੋਵਾਲ ਵਿਖੇ ਸੀ ਐਸ ਸੀ ਸੈਂਟਰ ਦੇ ਅਹੁਦੇਦਾਰ ਵਜੋਂ ਸੇਵਾ ਨਿਭਾ ਰਹੇ ਮੈਡਮ ਨਵਨੀਤ ਰਾਣੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕੁਝ ਦਿਨਾਂ ਤੋਂ ਕੁਝ ਟੈਕਨੀਕਲ ਪ੍ਰਾਬਲਮ ਕਰਕੇ ਸੈਂਟਰ ਦੀਆਂ ਸੇਵਾਵਾਂ ਬੰਦ ਹਨ ਅਤੇ ਉਹਨਾਂ ਨੇ ਆਪਣੇ ਉਚ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਰੁਕੀਆਂ ਹੋਈਆਂ ਸੇਵਾਵਾਂ ਨੂੰ ਚਲਾਉਣ ਵਾਲੇ ਪ੍ਰੇਰਿਤ ਕੀਤਾ ਅਤੇ ਅਧਿਕਾਰੀਆਂ ਨੇ ਭਰੋਸਾ ਦਵਾਇਆ ਕੇ ਰੁਕੀਆਂ ਹੋਈਆਂ ਸੇਵਾਵਾਂ ਜਲਦ ਤੋਂ ਜਲਦ ਸ਼ੁਰੂ ਕਰਵਾ ਦਿੱਤੀਆਂ ਜਾਣਗੀਆਂ ਅਤੇ ਲੋਕ ਇਨ੍ਹਾਂ ਸੇਵਾਵਾਂ ਦਾ ਜਲਦ ਫਾਇਦਾ ਉੱਠਣਗੇ।

# ਸੂਬਾ ਸਰਕਾਰ ਵੱਲੋਂ ਚਾਇਨਾ ਡੋਰ 'ਤੇ ਪੂਰਨ ਪਾਬੰਦੀ ਦੇ ਹੁਕਮ ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਬਸੰਤ ਪੰਚਮੀ ਦੇ ਤਿਉਹਾਰ ਮੌਕੇ ਲੋਕਾਂ ਵੱਲੋਂ ਜ਼ਿਆਦਾ ਪਤੰਗ ਉਡਾਉਣ ਦਾ ਗੰਭੀਰ ਨੋਟਿਸ ਲੈਂਦਿਆਂ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੰਥੈਟਿਕ ਜਾਂ ਕੋਈ ਹੋਰ ਸਮੱਗਰੀ ਨਾਲ ਬਣੀ ਚਾਈਨਾ ਡੋਰ ਜੋ ਕਿ ਪਤੰਗ ਉਡਾਉਣ ਦੇ ਉਦੇਸ਼ ਲਈ ਵੇਚੀ ਅਤੇ ਵਰਤੀ ਜਾਂਦੀ ਹੈ, ਦੀ ਵਿਕਰੀ, ਭੰਡਾਰਨ ਅਤੇ ਖਰੀਦ 'ਤੇ ਸਖ਼ਤੀ ਨਾਲ ਪਾਬੰਦੀ ਲਗਾਉਣ ਅਤੇ ਇਸ ਨੂੰ ਤੁਰੰਤ ਸਖ਼ਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਅਜਿਹੀ ਸਮੱਗਰੀ ਨਾਲ ਬਣੀ ਡੋਰ ਨਾ ਸਿਰਫ਼ ਮਨੁੱਖੀ ਜੀਵਨ ਲਈ, ਸਗੋਂ ਪੰਛੀਆਂ ਲਈ ਵੀ ਖ਼ਤਰਨਾਕ ਹੈ। ਇਸ ਤੋਂ ਇਲਾਵਾ ਇਹ ਵਾਤਾਵਰਣ ਲਈ ਵੀ ਖ਼ਤਰਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਉਪਰੋਕਤ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀ.ਡਬਲਿਊ.ਪੀ. ਨੰਬਰ 487 ਆਫ 2015 (ਓ ਐਂਡ ਐਮ.) ਮਿਤੀ 20 ਜਨਵਰੀ 2015 ਦੇ ਹੁਕਮਾਂ ਅਨੁਸਾਰ ਦਿੱਤੇ ਗਏ ਹਨ। ਉਨ੍ਹਾਂ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਚਾਈਨਾ ਡੋਰ ਦੇ ਖ਼ਤਰੇ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਲਈ ਇਸ ਕਿਸਮ ਦੀ ਡੋਰੀ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕਰ ਸਕਣ ਕਿਉਂਕਿ ਚਾਈਨਾ ਡੋਰ ਬਿਜਲੀ ਦੀ ਸੰਚਾਲਕ ਹੈ ਅਤੇ ਇਸ ਨਾਲ ਮਨੁੱਖੀ ਜੀਵਨ, ਖਾਸ ਕਰਕੇ ਪੰਛੀਆਂ ਦੇ ਜੀਵਨ ਲਈ ਖ਼ਤਰਾ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਸਰਕਾਰ ਪੰਜਾਬ ਦੇ ਨੋਟੀਫਿਕੇਸ਼ਨ ਨੰ. 10/133/2016-ਐਸਟੀਈ (5)/173002 ਮਿਤੀ 23.02.2018 ਦੇ ਹੁਕਮਾਂ ਤਹਿਤ ਨਾਈਲੋਨ, ਪਲਾਸਟਿਕ ਜਾਂ ਕਿਸੇ ਵੀ ਚੀਜ਼ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ ਜਾਂ ਕਿਸੇ ਹੋਰ ਸਿੰਥੈਟਿਕ ਸਮਗਰੀ ਜਿਸ ਨੂੰ ਪੰਜਾਬ ਵਿੱਚ "ਚੀਨੀ ਡੋਰ/ਮਾਂਝਾ" ਵਜੋਂ ਜਾਣਿਆ ਜਾਂਦਾ ਹੈ ਅਤੇ ਜੋ ਗੈਰ-ਬਾਇਓਡੀਗਰੇਡੇਬਲ ਹੈ, ਦੇ ਨਿਰਮਾਣ, ਵਿਕਰੀ, ਭੰਡਾਰਨ, ਖਰੀਦ, ਸਪਲਾਈ, ਆਯਾਤ ਅਤੇ ਵਰਤੋਂ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਵਾਤਾਵਰਣ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਾਰੇ ਕਾਰਜਕਾਰੀ ਮੈਜਿਸਟ੍ਰੇਟ, ਜੰਗਲੀ ਜੀਵ ਅਤੇ ਜੰਗਲਾਤ ਵਿਭਾਗ ਦੇ ਇੰਸਪੈਕਟਰ ਰੈਂਕ ਦੇ ਅਧਿਕਾਰੀ, ਪੰਜਾਬ ਪੁਲਿਸ ਦੇ ਸਬ-ਇੰਸਪੈਕਟਰ ਅਤੇ ਇਸ ਤੋਂ ਉੱਪਰ ਦੇ ਰੈਂਕ ਦੇ ਅਧਿਕਾਰੀ, ਸੂਬੇ ਦੀਆਂ ਮਿਊਂਸਪਲ ਇਕਾਈਆਂ ਦੇ ਦਰਜਾ ਤਿੰਨ ਅਤੇ ਇਸ ਤੋਂ ਉੱਪਰ ਦੇ ਅਧਿਕਾਰੀ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਾਇਕ ਵਾਤਾਵਰਣ ਇੰਜੀਨੀਅਰ ਅਤੇ ਇਸ ਤੋਂ ਉੱਪਰ ਦੇ ਰੈਂਕ ਦੇ ਅਧਿਕਾਰੀਆਂ ਨੂੰ ਉਪਰੋਕਤ ਨਿਰਦੇਸ਼ਾਂ ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਅਧਿਕਾਰਤ ਕੀਤਾ ਗਿਆ ਹੈ। ਮੀਤ ਹੇਅਰ ਨੇ ਅੱਗੇ ਕਿਹਾ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ 2016 ਦੇ ਓ.ਏ. ਨੰਬਰ 384 ਅਤੇ 2016 ਦੇ ਓ.ਏ. ਨੰਬਰ 442 ਤਹਿਤ 11 ਜੁਲਾਈ, 2017 ਨੂੰ ਜਾਰੀ ਨਿਰਦੇਸ਼ ਰਾਹੀਂ ਸੂਬਾ ਸਰਕਾਰਾਂ ਨੂੰ ਵਾਤਾਵਰਣ (ਸੁਰੱਖਿਆ) ਐਕਟ, 1986; ਜਾਨਵਰਾਂ ਪ੍ਰਤੀ ਬੇਰਹਿਮੀ ਦੇ ਰੋਕਥਾਮ ਐਕਟ, 1960; ਜੰਗਲੀ ਜੀਵ (ਸੁਰੱਖਿਆ) ਐਕਟ, 1972, ਭਾਰਤੀ ਦੰਡਾਵਲੀ ਜਾਂ ਕਿਸੇ ਹੋਰ ਕਾਨੂੰਨੀ ਵਿਵਸਥਾ ਤਹਿਤ ਕਿਸੇ ਵੀ ਉਲੰਘਣਾ ਦੇ ਖਿਲਾਫ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਗਿਆ ਹੈ।

# ਨੌਜਵਾਨ ਨੇ ਪੱਖੇ ਨਾਲ ਫਾਹਾ ਲੈ ਕੇ ਕੀਤੀ ਖੁਦਕੁਸ਼ੀ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** -ਪਿੰਡ ਮਾਣੇਮਾਜਰਾ ਦੇ ਸੁਖਵਿੰਦਰ ਸਿੰਘ ਨੇ ਬੀਤੀ ਰਾਤ ਕਿਸੇ ਵੇਲੇ ਆਪਣੇ ਬੈੱਡਰੂਮ ਦੇ ਵਿਚ ਲਾਏ ਪੱਖੇ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਇਸ ਸਬੰਧੀ ਥਾਣਾ ਮੁੱਖੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਹਰਜੀਤ ਸਿੰਘ ਵਾਸੀ ਵਾਰਡ ਨੰਬਰ 7 ਨੇ ਬਿਆਨ ਲਿਖਾਇਆ ਹੈ ਕਿ ਮ੍ਰਿਤਕ ਸੁਖਵਿੰਦਰ ਸਿੰਘ ਮੇਰਾ ਸਭ ਤੋਂ ਛੋਟਾ ਬੇਟਾ ਹੈ। ਸੁਖਵਿੰਦਰ ਸਿੰਘ ਕੋਮਲਪ੍ਰੀਤ ਕੌਰ ਨਾਲ ਪਿੰਡ ਦਵਾਰਾ ਕਲਾਂ ਥਾਣਾ ਖਮਾਣੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਵਿਆਹਿਆ ਹੋਇਆ ਸੀ ਅਤੇ ਉਸ ਦਾ ਆਪਣੀ ਘਰਵਾਲੀ ਨਾਲ ਝਗੜਾ ਚੱਲਦਾ ਸੀ। ਪਿਛਲੇ ਦੋ ਮਹੀਨਿਆਂ ਤੋਂ ਮ੍ਰਿਤਕ ਦੀ ਪਤਨੀ ਆਪਣੇ ਪੇਕੇ ਘਰ ਆਪਣੀ ਮਾਤਾ ਕੋਲ ਰਹਿ ਰਹੀ ਹੈ ਜਿਸ ਕਾਰਨ ਮੇਰਾ ਲੜਕਾ ਕਾਫੀ ਪ੍ਰੇਸ਼ਾਨ ਰਹਿੰਦਾ ਸੀ। ਇਸ ਸਬੰਧੀ ਪੰਚਾਇਤੀ ਰਾਜੀਨਾਮਾ ਵੀ ਕਰਵਾਉਂਦੇ ਰਹੇ ਹਾਂ। 21 ਤਰੀਕ ਨੂੰ ਮੇਰਾ ਲੜਕਾ ਮੇਰੀ ਨੂੰਹ ਕੋਮਲਪ੍ਰੀਤ ਕੌਰ ਜੋ ਬਿਮਾਰ ਹੋਣ ਕਰਕੇ ਖਮਾਣੋਂ ਹਸਪਤਾਲ ਦੇ ਵਿਚ ਦਾਖਲ ਸੀ ਦੀ ਰਾਤ ਨੂੰ 9 ਵਜੇ ਖ਼ਬਰ ਲੈਣ ਚਲਾ ਗਿਆ ਅਤੇ 11 ਵਜੇ ਘਰ ਵਾਪਸ ਆਇਆ ਅਤੇ ਬਿਨਾਂ ਕੁੱਝ ਖਾਧੇ ਪੀਤੇ ਆਪਣੇ ਕਮਰੇ ਦੇ ਵਿਚ ਸੌਂ ਗਿਆ। ਪ੍ਰੰਤੂ ਜਦੋਂ ਸਵੇਰੇ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਅੱਗੋਂ ਕੁੱਝ ਜਵਾਬ ਨਾ ਆਇਆ। ਅਸੀਂ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਆਖਿਰ ਮੇਰੇ ਦੂਜੇ ਲੜਕੇ ਦਵਿੰਦਰ ਸਿੰਘ ਨੇ ਕਮਰੇ ਦਾ ਦਰਵਾਜ਼ਾ ਤੋੜ ਦਿੱਤਾ ਤਾਂ ਅਸੀਂ ਦੇਖਿਆ ਕਿ ਸੁਖਵਿੰਦਰ ਸਿੰਘ ਨੇ ਪੱਖੇ ਨਾਲ ਲਟਕ ਕੇ ਆਪਣੀ ਜਾਨ ਦੇ ਦਿੱਤੀ ਹੈ। ਇਸ ਸਬੰਧੀ ਅਸੀਂ ਨਗਰ ਕੌਂਸਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਭੰਗੂ ਨੂੰ ਬੁਲਾ ਲਿਆ ਅਤੇ ਰਿਪੋਰਟ ਦਰਜ ਕਰਵਾ ਦਿੱਤੀ। ਪੁਲਸ ਨੇ ਬਿਆਨ ਲਿਖ ਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ।

# ਬਲਾਕ ਸੰਮਤੀ ਮੈਂਬਰ ਨਰਿੰਦਰ ਬੱਗਾ ਨੇ 'ਭਾਰਤ ਜੋੜੋ ਯਾਤਰਾ' 'ਚ ਕੀਤੀ ਸ਼ਮੂਲੀਅਤ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਨੂਰਪੁਰ ਬੇਦੀ ਦੇ ਬਲਾਕ ਸੰਮਤੀ ਮੈਂਬਰ ਨਰਿੰਦਰ ਬੱਗਾ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਗੂ ਰਾਹੁਲ ਗਾਂਧੀ ਵੱਲੋਂ ਦੇਸ ਭਰ ਵਿੱਚ ਸ਼ੁਰੂ ਕੀਤੀ ਗਈ 'ਭਾਰਤ ਜੋੜੋ ਯਾਤਰਾ' ਬਾਰੇ ਕਿਹਾ ਹੈ ਕਿ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ 'ਭਾਰਤ ਜੋੜੋ ਯਾਤਰਾ' ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਯੂਥ ਆਗੂ ਨੇ ਕਿਹਾ ਕਿ ਇਸ ਯਾਤਰਾ ਨੂੰ ਪੰਜਾਬ ਦੇ ਨਾਲ-ਨਾਲ ਹੋਰ ਸੂਬਿਆਂ ਵਿੱਚ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਸਪੱਸ਼ਟ ਹੁੰਦਾ ਹੈ ਕਿ ਅਗਾਮੀ ਲੋਕ ਸਭਾ ਚੋਣਾਂ 'ਚ ਪੂਰੇ ਦੇਸ਼ ਦਾ ਸਿਆਸੀ ਦ੍ਰਿਸ਼ ਬਦਲਣ ਵਾਲਾ ਹੈ ਅਤੇ ਲੋਕ ਭਾਜਪਾ ਨੂੰ ਨਕਾਰ ਕੇ ਦੇਸ਼ ਦੀ ਵਾਗਡੋਰ ਕਾਂਗਰਸ ਨੂੰ ਸੌਂਪਣ ਦਾ ਮਨ ਬਣਾ ਚੁੱਕੇ ਹਨ ਅਤੇ ਇਸ ਯਾਤਰਾ ਰਾਹੀਂ ਰਾਹੁਲ ਗਾਂਧੀ ਨੇ ਪਿਆਰ ਦਾ ਸੰਦੇਸ਼ ਦਿੰਦਿਆਂ ਨਫਰਤ ਨੂੰ ਖਤਮ ਕਰਨ ਦੀ ਪਹਿਲ ਕਦਮੀ ਕੀਤੀ ਹੈ, ਪਰ ਸਿਆਸੀ ਪਾਰਟੀਆਂ ਵੱਲੋਂ ਕੂੜ ਪ੍ਰਚਾਰ ਕਰਕੇ ਯਾਤਰਾ ਨੂੰ ਤਾਰਪੀਡੋ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਯੂਥ ਆਗੂ ਨੇ ਕਿਹਾ ਕਿ ਭਾਰਤ ਜੋੜੋ ਯਾਤਰਾ ਨੂੰ ਲੈ ਕੇ ਕਈ ਭੁਲੇਖੇ ਫੈਲਾਏ ਗਏ ਸਨ ਪਰ ਇਸ ਯਾਤਰਾ ਨੇ ਸਾਰੇ ਭਰਮ ਤੋੜ ਦਿੱਤੇ। ਰਾਹੁਲ ਗਾਂਧੀ ਸੱਚੇ ਸੇਵਕ ਹਨ ਅਤੇ ਉਨ੍ਹਾਂ ਦੀ ਯਾਤਰਾ ਦੱਬੇ-ਕੁਚਲੇ ਲੋਕਾਂ ਦੀ ਆਵਾਜ ਬਣੀ ਹੈ। ਰਾਹੁਲ ਗਾਂਧੀ ਦੇਸ ਦੇ ਲੋਕਾਂ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਰਾਹੁਲ ਗਾਂਧੀ ਇੱਕ ਸੰਤ ਮਹਾਂਪੁਰਸ਼ ਹਨ, ਆਉਣ ਵਾਲੇ ਸਮੇਂ ਵਿਚ ਓਹੀ ਦੇਸ਼ ਦੀ ਵਾਗਡੋਰ ਸੰਭਾਲਣਗੇ।



# ਅਨੂੰ ਸਹੋਤਾ, ਨਰਿੰਦਰ ਪਾਲ ਤੇ ਬਲਵੀਰ ਮਹੇ ਮੈਂਬਰ ਨਿਯੁਕਤ



**ਹੁਸ਼ਿਆਰਪੁਰ (ਓ ਪੀ ਰਾਣਾ )**- ਧਰਮ ਗੁਰੂ ਸੰਤ ਸਰਵਣ ਦਾਸ ਜੀ ਵੱਲੋਂ ਇਹ ਸੰਦੇਸ਼ ਜਾਰੀ ਕੀਤਾ ਗਿਆ ਕਿ ਆਦਿ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਸੈਂਟਰ ਕਮੇਟੀ ਵਿਚ ਯੂਥ ਨੂੰ ਵੱਧ ਤੋਂ ਵੱਧ ਸ਼ਾਮਿਲ ਕੀਤਾ ਜਾਵੇ ਤਾਂ ਜੋ ਸਾਡੇ ਨੌਜਵਾਨ ਵੀ ਆਦਿ ਧਰਮ ਲਹਿਰ ਨਾਲ ਵੱਧ ਤੋਂ ਵੱਧ ਜੁੜਨ। ਜਿਸ ਦੇ ਚੱਲਦਿਆਂ ਧਰਮ ਗੁਰੂ ਸੰਤ ਸਰਵਣ ਦਾਸ ਜੀ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਖਲਵਾੜਾ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਨਰਿੰਦਰ ਪਾਲ ਸਿੰਘ, ਯੁਵਾ ਵਿਕਾਸ ਮੋਰਚਾ ਦੇ ਪ੍ਰਧਾਨ ਅਨੂੰ ਸਹੋਤਾ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਯੁਨਿਟ ਲੁਧਿਆਣਾ ਦੇ ਪ੍ਰਧਾਨ ਬਲਵੀਰ ਮਹੇ ਨੂੰ ਸੈਂਟਰ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਿਯੁਕਤ ਮੈਂਬਰਾਂ ਨੇ ਕਿਹਾ ਕਿ ਅਸੀਂ ਆਦਿ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਦਿਨ ਰਾਤ ਚੱਲਾਂਗੇ। ਇਸ ਮੌਕੇ ਯੁਵਾ ਵਿਕਾਸ ਮੋਰਚਾ ਦੇ ਜਰਨੱਲ ਸਕੱਤਰ ਅਸ਼ਵਨੀ ਸਹੋਤਾ, ਕਰਮਜੀਤ ਸਿੰਘ, ਸਤਵਿੰਦਰ ਸੱਤੀ, ਮੱਖਣ ਗ਼ੁਲਾਬ ਗੜ, ਬੀਬੀ ਪੂਨਮ ਹੀਰਾ ਜੀ ਅਤੇ ਪੱਪੂ ਬਾਬਾ ਹਾਜ਼ਰ ਸਨ।

# ਅਧਿਆਪਕਾਂ ਲਈ ਇੱਕ ਦਿਨਾ ਤਕਨੀਕੀ ਸਿਖਲਾਈ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਸੈਂਟਰ ਸ੍ਰੀ ਚਮਕੌਰ ਸਾਹਿਬ-1 ਅਧੀਨ ਆਉਂਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਲਈ ਇੱਕ ਦਿਨਾ ਤਕਨੀਕੀ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿਚ ਰਿਸੋਰਸ ਯੰਗ ਲੀਡਰਜ਼ ਸ੍ਰੀ ਰਾਜੇਸ਼ ਅਤੇ ਮਾਨਿਆ ਜੈਨ ਵ ੱ ਲ ੋ : ਵਿਦਿਆਰਥੀਆਂ ਦੀ ਆਨਲਾਈਨ ਸਿੱਖਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਮੋਬਾਇਲ ਐਪ, ਵੱਟਸ ਐਪ, ਵੈੱਬ, ਇਟਰਨੈੱਟ ਕੁਨੈਕਟੀਵਿਟੀ, ਪ੍ਰੋਜੈਕਟਰ/ਐਲ ਈ ਡੀ ਸਕਰੀਨ ਕਾਸਟਿੰਗ, ਜ਼ੂਮ, ਗੂਗਲ ਮੀਟ ਅਤੇ ਪੀ ਐਫ ਐਮ ਐਸ ਆਦਿ ਵਿਸ਼ਿਆਂ ਤੇ ਅਧਿਆਪਕਾਂ ਨੂੰ ਵਿਸਥਾਰਪੂਰਵਕ ਸਿਖਲਾਈ ਦਿੱਤੀ ਗਈ। ਇਸ ਮੌਕੇ ਬਲਾਕ ਮਾਸਟਰ ਟ੍ਰੇਨਰ ਰਾਜਿੰਦਰਪਾਲ ਸਿੰਘ ਬੈਂਸ, ਗੁਰਿੰਦਰ ਸਿੰਘ ਹੈੱਡ ਟੀਚਰ, ਹਰਭਜਨ ਸਿੰਘ ਹੈੱਡ ਟੀਚਰ, ਰੁਪਿੰਦਰਜੀਤ ਕੌਰ, ਹਰਜੋਤ ਕੌਰ, ਹਰਜੀਤ ਕੌਰ, ਗੁਰਪ੍ਰੀਤ ਸਿੰਘ ਕੈਂਥੋ, ਹਰਜਿੰਦਰ ਕੌਰ, ਚਰਨਜੀਤ ਕੌਰ, ਰੰਜਨਾ, ਨਿਸ਼ਾਨ ਸਿੰਘ, ਰਾਜਵਿੰਦਰ ਕੌਰ ਅਤੇ ਹਰਜੀਤ ਸਿੰਘ ਆਦਿ ਅਧਿਆਪਕ ਹਾਜ਼ਰ ਸਨ।



# ਡੇਰਾ ਸਾਧ ਨੂੰ ਪੰਜਾਬ ਸਰਕਾਰ ਪ੍ਰੋਡਕਸ਼ਨ ਵਰੰਟ 'ਤੇ ਲਿਆਵੇ ਤੇ ਬੇਅਦਬੀ ਮਾਮਲੇ 'ਤੇ ਕਰੇ ਪੁੱਛਗਿੱਛ : ਬੀਬੀ ਜਗੀਰ ਕੌਰ

**ਜਲੰਧਰ (ਸੁਰਿੰਦਰ ਕੁਮਾਰ)**- ਸਾਬਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਡੇਰਾ ਸਿਰਸਾ ਦੇ ਮੁੱਖੀ ਰਾਮ ਰਹੀਮ ਨੂੰ ਮਿਲੀ ਪੈਰੋਲ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਸੌਦਾ ਸਾਧ ਨੂੰ ਪ੍ਰੋਡੰਕਸ਼ਨ ਵਰੰਟ 'ਤੇ ਪੰਜਾਬ ਲਿਆਂਦਾ ਜਾਵੇ ਉਸ ਤੋਂ ਇਸ ਬੇਾਦਬੀ ਮਾਮਲੇ ਵਿੱਚ ਪੁੱਛਗਿੱਛ ਕੀਤੀ ਜਾਵੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜੇਕਰ ਸਾਧ ਨੂੰ ਸਿਰਫ 14 ਮਹੀਨਿਆਂ ਵਿੱਚ ਚਾਰ ਵਾਰੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਕੱਢਿਆ ਜਾ ਰਿਹਾ ਹੈ ਤਾਂ ਫਿਰ ਬੇਅਦਬੀ ਦੇ ਮਾਮਲੇ ਵਿੱਚ ਉਸ ਨੂੰ ਪੰਜਾਬ ਕਿਉ ਨਹੀਂ ਲਿਆਂਦਾ ਜਾ ਸਕਦਾ । ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਾ ਬੇਹੱਦ ਸੰਵੇਦਸ਼ੀਲ ਮਾਮਲਾ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀ ਵਾਲ ਨੇ ਪੰਜਾਬ ਵਿੱਚ ਸੱਤਾ ਵਿੱਚ ਆਉਣ 'ਤੇ ਬੇਅਦਬੀ ਦੇ ਮਾਮਲੇ ਨੂੰ 24 ਘੰਟਿਆਂ ਵਿੱਚ ਹੱਲ ਕਰਨ ਦਾ ਵਾਇਦਾ ਕੀਤਾ ਸੀ। ਉਹ ਅੱਜ ਤੱਕ ਪੂਰਾ ਨਹੀ ਹੋਇਆ, ਉਸਨੂੰ ਪੂਰਾ ਕਰਨ ਲਈ ਪੰਜਾਬ ਦੀ ਮਾਨ ਸਰਕਾਰ ਤੁਰੰਤ ਕਾਰਵਾਈ ਕਰੇ ਤੇ ਰਾਮ ਰਹੀਮ ਨੂੰ ਪ੍ਰੋਡੰਕਸ਼ਨ ਵਰੰਟ 'ਤੇ ਲਿਆ ਇਨਸਾਫ ਕਰੇ।

# ਬੰਦੀ ਸਿੰਘਾਂ ਦੀ ਰਿਹਾਈ ਬਾਰੇ ਮੋਰਚੇ 'ਚ ਸ਼ਾਮਲ ਹੋਣ ਲਈ ਕੀਤਾ ਸਲਾਹ-ਮਸ਼ਵਰਾ



**ਅੱਡਾ ਸਰਾਂ (ਜਸਵੀਰ ਕਾਜਲ)**-ਲਾਚੋਵਾਲ ਵਿਖੇ ਨੌਜਵਾਨ ਕਿਸਾਨ ਮਜਦੂਰ ਭਲਾਈ ਸੁਸਾਇਟੀ ਦੀ ਜਰੂਰੀ ਮੀਟਿੰਗ ਜਿਸ ਵਿਚ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਮੋਰਚੇ ਵਿੱਚ ਸ਼ਾਮਲ ਹੋਣ ਲਈ ਸਲਾਹ ਮਸ਼ਵਰਾ ਕੀਤਾ ਗਿਆ। ਸੂਬਾ ਪ੍ਰਧਾਨ ਓਂਕਾਰ ਸਿੰਘ ਧਾਮੀ ਸੀਨੀਅਰ ਵਾਈਸ ਪ੍ਰਧਾਨ ਕ੍ਰਿਪਾਲ ਸਿੰਘ ਕਸਬਾ ਸਰਪ੍ਰਸਤ ਬਾਬਾ ਯੁਵਰਾਜ ਸਿੰਘ ਤਪ ਅਸਥਾਨ ਸੰਤਸਰ ਮੁੱਖ ਸਲਾਹਕਾਰ ਕੈਪਟਨ ਹਿੰਮਤ ਸਿੰਘ ਮਾਸਟਰ ਦਵਿੰਦਰ ਸਿੰਘ ਸਰਕਲ ਪ੍ਰਧਾਨ ਬਲਬੀਰ ਸਿੰਘ ਕੁਲਦੀਪ ਸਿੰਘ ਗੁਰਸਿਮਰਤ ਸਿੰਘ ਸਰਪੰਚ ਸੁੱਚਾ ਸਿੰਘ ਸਰਪੰਚ ਸਰਨਜੀਤ ਸਿੰਘ ਮਾਣਕ ਢੇਰੀ , ਸੁਖਦੇਵ ਨੂਰ ਤਲਾਈ ਸੂਬੇਦਾਰ ਹਰਭਜਨ ਸਿੰਘ ਗੁਰਦਿਆਲ ਸਿੰਘ ਮਹਿੰਦਰ ਸਿੰਘ ਨਿਰਮਲ ਸਿੰਘ ਸੰਤ ਗੁਰਦੇਵ ਸਿੰਘ ਤਰਲੋਚਨ ਸਿੰਘ ਗੁਰਵਿੰਦਰ ਸਿੰਘ ਆਦਿ ਸ਼ਾਮਲ ਹੋਏ ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਮਿਤੀ 24 ਜਨਵਰੀ ਸਵੇਰੇ 6 ਵਜੇ ਲਾਚੋਵਾਲ ਟੋਲ ਪਲਾਜੇ ਤੋਂ ਗੱਡੀਆਂ ਦੇ ਕਾਫਲੇ ਰਾਹੀਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਤੁਰਿਆ ਜਾਵੇਗਾ। ਕੇਂਦਰ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸਿੱਖਾਂ ਪ੍ਰਤੀ ਦੋਹਰੀ ਰਾਜਨੀਤੀ ਛੱਡ ਕੇ ਅਤੇ ਕੌਮ ਨਾਲ ਮਤਰੇਈ ਮਾਂ ਵਾਲਾ ਵਤੀਰਾ ਛੱਡ ਕੇ ਬੰਦੀ ਸਿੰਘ ਰਿਹਾਅ ਕੀਤੇ ਜਾਣ।

# ਨੈਸ਼ਨਲ ਸਿੱਖ ਖੇਡਾਂ-2022 ਦੇ ਮਾਰਸ਼ਲ ਆਰਟਸ 'ਚ ਤਮਗਾ ਜੇਤੂ ਖਿਡਾਰੀਆਂ ਦਾ ਸਨਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖੇਡਾਂ ਦੇ ਖੇਤਰ ਵਿੱਚ ਦੇਸ਼ ਦਾ ਨਾਂਅ ਰੋਸ਼ਨ ਕਰਨ ਲਈ ਖਿਡਾਰੀਆਂ ਨੂੰ ਦ੍ਰਿੜਤਾ ਨਾਲ ਮਿਹਨਤ ਕਰਨ ਦੀ ਅਪੀਲ ਕੀਤੀ ਹੈ। ਨੈਸ਼ਨਲ ਸਿੱਖ ਖੇਡਾਂ-2022 ਦੇ ਮਾਰਸ਼ਲ ਆਰਟਸ ਵਿੱਚੋਂ ਤਮਗੇ ਹਾਸਲ ਕਰਨ ਵਾਲੇ ਏਕਮਵੀਰ ਸਿੰਘ ਅਤੇ ਕਰਨਵੀਰ ਸਿੰਘ ਦਾ ਪ੍ਰਸ਼ੰਸ਼ਾ ਪੱਤਰ ਨਾਲ ਵਿਸ਼ੇਸ਼ ਸਨਮਾਨ ਕਰਨ ਮੌਕੇ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਅਤੇ ਖੇਡਾਂ ਦੇ ਖੇਤਰ ਵਿੱਚ ਪੰਜਾਬ ਨੂੰ ਮੁੜ ਮੋਹਰੀ ਸੂਬਾ ਬਣਾਉਣ ਲਈ ਸਰਗਰਮੀ ਆਰੰਭੀ ਹੋਈ ਹੈ। ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸੰਧਵਾਂ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ ਅਤੇ ਪੰਜਾਬ ਸਰਕਾਰ ਉਨਾਂ ਦੀ ਸਮਰੱਥਾ ਦਾ ਲਾਭ ਉਠਾਉਣ ਅਤੇ ਉਨਾਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਅਤੇ ਵਧੀਆ ਪ੍ਰਦਰਸ਼ਨ ਕਰਨ ਦੇ ਯੋਗ ਬਣਾਉਣ ਲਈ ਯਤਨ ਕਰ ਰਹੀ ਹੈ। ਉਨਾਂ ਇਹ ਵੀ ਦੱਸਿਆ ਕਿ ਹੁਣ ਪੰਜਾਬ ਵਿੱਚ ਖਿਡਾਰੀਆਂ ਨੂੰ ਅਤਿ ਆਧੁਨਿਕ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਖਿਡਾਰੀ ਆਪਣਾ ਵਧੀਆ ਪ੍ਰਦਰਸ਼ਨ ਦਿਖਾ ਸਕਣ ਤੇ ਦੇਸ਼ ਦਾ ਨਾਂਅ ਉਚਾ ਕਰ ਸਕਣ। ਗੌਰਤਬਲ ਹੈ ਕਿ ਨੈਸ਼ਨਲ ਸਿੱਖ ਖੇਡਾਂ-2022 ਵਿੱਚ ਪਟਿਆਲਾ ਏਕਮਵੀਰ ਸਿੰਘ ਅਤੇ ਮੋਹਾਲੀ ਦੇ ਕਰਨਵੀਰ ਸਿੰਘ ਨੇ ਬੂਡੋ ਕਾਈ ਡੋ ਮਿਕਸਡ ਮਾਰਸ਼ਲ ਆਰਟਸ ਦੇ ਖੇਤਰ ਵਿੱਚ ਸੋਨ ਤਮਗੇ ਹਾਸਲ ਕੀਤੇ ਹਨ।. ਸੰਧਵਾਂ ਨੇ ਕਿਹਾ ਕਿ ਇਨਾਂ ਖਿਡਾਰੀਆਂ ਵੱਲੋਂ ਸੋਨ ਤਮਗੇ ਹਾਸਲ ਕਰਨ ਸੂਬੇ ਲਈ ਬਹੁਤ ਫਖਰ ਦੀ ਗੱਲ ਹੈ। ਉਨਾਂ ਕਿਹਾ ਕਿ ਇਨਾਂ ਖਿਡਾਰੀਆਂ ਨੇ ਰਾਸ਼ਟਰੀ ਪੱਧਰ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਉਨਾਂ ਨੇ ਦੋਵਾਂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਨਾਂ ਦੀ ਸਿਹਤਯਾਬੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਹੈ।



# ਬਾਬਾ ਮੱਤੀ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**

ਡਰੋਲੀ ਕਲਾਂ ਸਥਿਤ ਗੁਰੂਦੁਆਰਾ ਸ਼ਹੀਦ ਬਾਬਾ ਮੱਤੀ ਜੀ ਵਿਖੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੀ ਦੇਖਰੇਖ ਹੇਠ ਸ਼ਹੀਦ ਬਾਬਾ ਮੱਤੀ ਜੀ ਦਾ ਸ਼ਹੀਦੀ ਦਿਹਾੜਾ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸਵੇਰੇ 8 ਵਜੇ ਤੋ ਸ਼ੁਰੂ ਹੋਏ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ,ਕਥਾਵਾਚਕਾਂ ਵਿੱਚ ਭਾਈ ਲਖਵੀਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ,ਰਾਗੀ ਜੱਥਾ ਭਾਈ ਹਰਜੋਤ ਸਿੰਘ ਜਖਮੀ ਜਲੰਧਰ ਵਾਲੇ,ਰਾਗੀ ਜੱਥਾ ਸਰਬਜੀਤ ਸਿੰਘ ਨੂਰਪੁਰੀ ਕਪੂਰਥਲੇ ਵਾਲੇ, ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਅਤੇ ਢਾਡੀ ਭਾਈ ਸੁਖਵਿੰਦਰ ਸਿੰਘ ਅਨਮੋਲ ਨੇ ਕਥਾ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਵੱਡੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੋੜਿਆ। ਸਮਾਗਮ ਸੰਬੰਧੀ ਜਾਣਕਾਰੀ ਦਿੰਦਿਆ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਨੇ ਦੱਸਿਆ ਕਿ ਬਾਬਾ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਾਲਾਨਾ ਫ੍ਰੀ ਮੈਡੀਕਲ ਕੈਂਪ ਦੌਰਾਨ ਹੱਡੀਆਂ ਅਤੇ ਜੋੜਾਂ ,ਜਨਰਲ ਮੈਡੀਸੀਨ,ਚਮੜੀ ਰੋਗ ਦੇ ਮਰੀਜਾਂ ਦਾ ਮੁਆਇਆ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਖੂਨ ਦਾਨ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਸ਼ਹੀਦ ਬਾਬਾ ਮੱਤੀ ਰਾਜਪੂਤ ਸਭਾ ਦੇ ਪ੍ਰਧਾਨ ਜਰਨੈਲ ਸਿੰਘ ਨਡਾਲੋਂ, ਰਣਵੀਰ ਸਿੰਘ, ਜੱਥੇਦਾਰ ਕਰਮ ਸਿੰਘ, ਜਸਪਾਲ ਸਿੰਘ ਸਾਭਾ, ਜਰਨੈਲ ਸਿੰਘ, ਸੁਰਿੰਦਰ ਸਿੰਘ, ਹਰਦਿਆਲ ਸਿੰਘ , ਕਮਲਜੀਤ ਸਿੰਘ ਲੱਕੀ, ਬਲਬੀਰ ਸਿੰਘ, ਹਰਦੀਪ ਸਿੰਘ, ਨਰਿੰਦਰ ਸਿੰਘ, ਸਰਪੰਚ ਰਛਪਾਲ ਸਿੰਘ ਪਾਲਾ, ਅਮਰੀਕ ਸਿੰਘ,ਸਰਪੰਚੁ ਹਰਵਿੰਦਰ ਸਿੰਘ ਕਾਲਰਾ, ਮੈਨੇਜਰ ਜਸਬੀਰ ਸਿੰਘ ਅਤੇ ਹੋਰਨਾਂ ਅਪਣੀ ਸੇਵਾ ਬਾਖੂਬੀ ਨਿਭਾਈ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਰਜੀਤ ਸਿੰਘ ਨੇ ਬਾਖੂਬੀ ਨਿਭਾਈ।



# ਭੈਰੋਂਮਾਜਰਾ ਵਿਖੇ ਕਬੱਡੀ ਕੱਪ 29 ਨੂੰ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਅਤੇ ਸੱਚਖੰਡ ਵਾਸੀ ਸੰਤ ਬਾਬਾ ਸਰਦੂਲ ਸਿੰਘ ਭੈਰੋਂ ਮਾਜਰਾ ਵਾਲਿਆਂ ਦੀ ਯਾਦ ਵਿੱਚ ਕਬੱਡੀ ਕੱਪ 29 ਜਨਵਰੀ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਕੱਪ ਦਾ ਪੋਸਟਰ ਜੱਥੇਦਾਰ ਬਾਬਾ ਸੁੱਖਪਾਲ ਸਿੰਘ ਭੈਰੋਂ ਮਾਜਰਾ ਵਾਲਿਆਂ ਜਾਰੀ ਕੀਤਾ ਅਤੇ ਦੱਸਿਆ ਹੈ ਕਿ ਇਹ ਕਬੱਡੀ ਕੱਪ ਮਹਾਂਪੁਰਖਾਂ ਦੀ ਯਾਦ ਵਿੱਚ ਸੰਤ ਬਾਬਾ ਕਰਤਾਰ ਸਿੰਘ ਵੈਲਫੇਅਰ ਕਲੱਬ ਪਿੰਡ ਭੈਰੋਂ ਮਾਜਰਾ, ਐਨ. ਆਰ. ਆਈ ਵੀਰ ਅਤੇ ਸਮੂਹ ਸੰਗਤ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਇੰਟਰਨੈਸ਼ਨਲ ਕਬੱਡੀ ਖਿਡਾਰੀ ਨਰਪਿੰਦਰ ਸਿੰਘ ਭਿੰਦਾ ਭੈਰੋਂਮਾਜਰਾ ਅਤੇ ਕਲੱਬ ਪ੍ਰਧਾਨ ਗੁਰਿੰਦਰ ਸਿੰਘ ਨੇ ਦੱਸਿਆ ਕਿ ਇਸ ਕਬੱਡੀ ਕੱਪ ਦਾ ਉਦਘਾਟਨ ਸੰਤ ਬਾਬਾ ਅਮਰ ਸਿੰਘ ਭੈਰੋਂ ਮਾਜਰਾ ਵਾਲੇ ਕਰਨਗੇ ਅਤੇ ਇਸ ਕਬੱਡੀ ਕੱਪ ਵਿੱਚ ਪੰਜਾਬ, ਹਰਿਆਣਾ ਹਿਮਾਚਲ ਦੀਆਂ ਟੀਮਾਂ ਇਸ ਕਬੱਡੀ ਕੱਪ ਵਿੱਚ ਹਿੱਸਾ ਲੈਣਗੀਆਂ ਅਤੇ ਲੜਕੀਆਂ ਦੇ ਮੈਚ ਵੀ ਕਰਵਾਏ ਜਾਣਗੇ। ਪੋਸਟਰ ਜਾਰੀ ਕਰਨ ਸਮੇਂ ਜੱਥੇਦਾਰ ਬਾਬਾ ਸੁੱਖਪਾਲ ਸਿੰਘ ਭੈਰੋਂ ਮਾਜਰਾ ਵਾਲੇ, ਡਾ. ਅਵਤਾਰ ਸਿੰਘ ਘੁੰਮਣ, ਇੰਟਰਨੈਸ਼ਨਲ ਕਬੱਡੀ ਖਿਡਾਰੀ ਨਰਪਿੰਦਰ ਸਿੰਘ ਭਿੰਦਾ, ਕਲੱਬ ਪ੍ਰਧਾਨ ਗੁਰਿੰਦਰ ਸਿੰਘ ਕਾਕਾ, ਜਤਿੰਦਰ ਸਿੰਘ, ਗੁਰਿੰਦਰ ਸਿੰਘ ਗਿੰਦੂ, ਸਰਬਜੀਤ ਸਿੰਘ ਕਾਲਾ, ਬਲਵਿੰਦਰ ਸਿੰਘ ਭਿੰਦੀ, ਜੱਸ ਭੈਰੋਂ ਮਾਜਰਾ, ਕਮਲਜੀਤ ਸਿੰਘ ਮਾਛੀਵਾੜਾ ਸਾਹਿਬ, ਜੱਗਾ ਭੈਰੋਂਮਾਜਰਾ ਅਤੇ ਸੋਨੂੰ ਸੈਣੀ ਆਦਿ ਹਾਜਰ ਸਨ।

# ਜੀਤ ਲਾਲ ਭੱਟੀ 'ਤੇ ਲਾਏ 'ਆਪ' ਦੇ ਮੁਢਲੇ ਸਾਥੀਆਂ ਨੂੰ ਦਰਕਿਨਾਰ ਕਰਨ ਦੇ ਦੋਸ਼

**ਆਦਮਪੁਰ (ਪਰਮਜੀਤ ਸਿੰਘ)**

ਪਿੰਡ ਢੰਡੋਰ ( ਹਲਕਾ ਆਦਮਪੁਰ, ਜਲੰਧਰ ) ਵਿਖੇ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਅਨੇਕ ਅਹੁਦੇਦਾਰ ਅਤੇ ਸੀਨੀਅਰ ਆਗੂ ਇੱਕਠੇ ਹੋਏ । ਇਸ ਵਿੱਚ ਤਕਰੀਬਨ 60 ਤੋਂ ਵੀ ਵੱਧ ਪਾਰਟੀ ਦੇ ਸਾਥੀਆਂ ਨੇ ਹਿੱਸਾ ਲਿਆ । ਉਨ੍ਹਾਂ ਅਪਣੇ ਅਪਣੇ ਇਲਾਕੇ ਦੀ , ਪਿੰਡਾਂ ਦੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ । ਹਰਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਸਰਕਾਰ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ । ਖਾਸ ਤੌਰ 'ਤੇ ਭ੍ਰਿਸ਼ਟਾਚਾਰ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਤੋਂ ਹਰ ਵਰਗ ਖੁਸ਼ ਹੈ । ਆਉਣ ਵਾਲੇ ਕੁੱਝ ਮਹੀਨਿਆਂ ਬਾਅਦ ਸਰਕਾਰੀ ਸਕੂਲਾਂ ਵਿੱਚ ਲੜਕੀਆਂ ਲਈ ਮੁਫਤ ਬੱਸ ਸੇਵਾ ਸ਼ੁਰੂ ਕੀਤੀ ਜਾਏਗੀ । ਪੰਜਾਬ ਵਿੱਚ 117 ਸਰਕਾਰੀ ਸਕੂਲ ਅੰਤਰਰਾਸ਼ਟਰੀ ਪੱਧਰ ਦੇ ਬਣਾਏ ਜਾਣਗੇ ( ਸਕੂਲ ਔਫ ਐਮੀਨੈਂਸ )। ਗਣਤੰਤਰ ਦਿਵਸ 'ਤੇ ਤਕਰੀਬਨ 400 ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ । ਕੈਨੇਡਾ ਤੋਂ ਆਏ ਆਪ ਦੇ ਸਮਰਥਕ ਕਮਲਜੀਤ ਸਿੰਘ ਮਿਨਹਾਸ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਵੀ ਪੰਜਾਬ ਸਰਕਾਰ ਦੀ ਕਾਰਗੁਜਾਰੀ ਦੀ ਸ਼ਲਾਘਾ ਕੀਤੀ ਜਾਂਦੀ ਹੈ । ਉਨ੍ਹਾਂ ਦਸਿਆ ਕਿ ਐਨ ਆਰ ਆਈ ਪਰਵਾਰ ਖੁਸ਼ ਹਨ ਕਿ ਪੰਜਾਬ ਵੀ ਭ੍ਰਿਸ਼ਟਾਚਾਰ ਮੁਕਤ ਹੋ ਜਾਏਗਾ । ਆਪ ਦੇ ਅਨੇਕ ਸਾਥੀਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ । ਇਕ ਗੱਲ ਜੋ ਸਭਨਾਂ ਨੇ ਕਹੀ ਕਿ ਜੀਤ ਲਾਲ ਭੱਟੀ ( ਹਲਕਾ ਇੰਚਾਰਜ ਆਦਮਪੁਰ ) ਆਪ ਦੇ ਮੁੱਢ ਤੋਂ ਜੁੜੇ ਸਾਥੀਆਂ ਨੂੰ ਦਰਕਿਨਾਰ ਕਰ ਰਿਹਾ ਹੈ। ਉਨ੍ਹਾਂ ਨਾਲ ਉਹ ਬੰਦੇ ਅਕਸਰ ਨਜਰ ਆਂਦੇ ਹਨ ਜਿਨ੍ਹਾਂ ਨੇ ਕਦੀ ਵੀ ਆਪ ਪਾਰਟੀ ਲਈ ਕੰਮ ਨਹੀਂ ਕੀਤਾ, ਸਗੋਂ ਦੂਜਿਆਂ ਪਾਰਟੀਆਂ ਲਈ ਕੰਮ ਕੀਤਾ। ਭੱਟੀ ਵਲੋਂ ਪੁਰਾਣੇ ਵਲੰਟੀਅਰ ਨੂੰ ਪਿਛੇ ਛੱਡ ਕੇ ਨਵਿਆਂ ਨੂੰ ਅੱਗੇ ਰਖਿਆ ਜਾ ਰਿਹਾ ਹੈ , ਜਿਨ੍ਹਾਂ ਦੀ ਪਾਰਟੀ ਨੂੰ ਕੋਈ ਦੇਣ ਨਹੀਂ ਹੈ । ਭੱਟੀ ਦੇ ਇਸ ਵਤੀਰੇ ਨਾਲ , ਆਦਮਪੁਰ ਹਲਕੇ ਵਿੱਚ ਪਾਰਟੀ ਦਾ ਅਕਸ ਖਰਾਬ ਹੋ ਰਿਹਾ ਹੈ। ਉਨ੍ਹਾਂ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਬੇਨਤੀ ਕੀਤੀ ਹੈ ਕਿ ਇਸ ਗੱਲ 'ਤੇ ਗੌਰ ਕਰਨ ਦੀ ਲੋੜ ਹੈ । ਸਭ ਨੇ ਇਹ ਮੱਤ ਵੀ ਰੱਖਿਆ ਕਿ ਆਪ ਪਾਰਟੀ ਲਈ ਦਿਨ ਰਾਤ ਮਿਹਨਤ ਕਰਾਂਗੇ , ਭਗਵੰਤ ਸਿੰਘ ਮਾਨ ਦੇ ਹੱਥ ਹੋਰ ਮਜਬੂਤ ਕਰਾਂਗੇ । ਇਸ ਮੌਕੇ 'ਤੇ ਪਾਰਟੀ ਦੇ ਸੀਨੀਅਰ ਆਗੂ ਹਰਿੰਦਰ ਸਿੰਘ, ਰਾਕੇਸ਼ ਮੱਟੂ , ਅਸ਼ੋਕ ਕੁਮਾਰ, ਡਾਕਟਰ ਪਰਮਜੀਤ ਸਿੰਘ, ਬਰਕਤ ਰਾਮ, ਮਹਿੰਦਰ ਸਿੰਘ, ਸਰਪੰਚ ਗੁਰਮੀਤ ਸਿੰਘ, ਲਤੀਫ ਮੁਹੰਮਦ, ਅਮਰੀਕ ਦਰਦੀ, ਗੁਰਵਿੰਦਰ ਗੋਲਡੀ, ਸਰਵਣ ਸਿੰਘ, ਗੁਰਮੀਤ ਸਿੰਘ ਭਟਨੂਰਾ , ਜਸਵਿੰਦਰ ਸਿੰਘ ਸੈਂਹਬੀ, ਜਸਪਾਲ ਸਿੰਘ, ਗੁਰਧਿਆਨ ਸਿੰਘ, ਗੁਰਨਾਮ ਸਿੰਘ, ਸੁਰਿੰਦਰ ਸਿੰਘ, ਮਨਿੰਦਰ ਸਿੰਘ, ਸ਼ਿੰਗਾਰਾ ਸਿੰਘ, ਸੰਤੋਖ ਸਿੰਘ, ਬਲਬੀਰ ਸਿੰਘ, ਕਮਲਜੀਤ ਸਿੰਘ, ਹੁਸਨ ਲਾਲ, ਬਲਬੀਰ ਮਹਿਮੀ, ਸ਼ਿੰਦਾ, ਨਰਿੰਦਰ ਸਿੰਘ , ਸੀਮਾ, ਰਣਜੀਤ ਕੌਰ, ਰਵਿੰਦਰ ਸੈਣੀ, ਅਵਤਾਰ ਸਿੰਘ, ਪਾਲਜੀਤ ਸਿੰਘ, ਕੁਲਵੰਤ ਕੌਰ, ਜਸਵੀਰ ਸਿੰਘ, ਬਲਜੀਤ ਸਿੰਘ, ਆਦ ਹੋਰ ਵੀ ਅਨੇਕਾਂ ਸਾਥੀ ਹਾਜਰ ਸਨ ।



# ਮੁਢਲੇ ਸਿਹਤ ਕੇਂਦਰ ਵਿਖੇ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ



**ਮਹਿਤਪੁਰ (ਰਾਜਾ)**

ਸਿਵਿਲ ਸਰਜਨ ਜਲੰਧਰ ਡਾ ਰਮਨ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਐੱਸ ਐਮ ਓ ਮਹਿਤਪੁਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਮੁੱਢਲਾ ਸਹਿਤ ਕੇਂਦਰ ਮਹਿਤਪੁਰ ਵਿਖੇ ਅੱਖਾਂ ਦੇ ਕੈਂਪ ਵਿਚ 440 ਲਾਭ ਪਾਤਰੀਆਂ ਨੇ ਲਾਹਾ ਲਿਆ । ਉਨ੍ਹਾਂ ਦੱਸਿਆ ਕਿ ਸਿਵਿਲ ਹਸਪਤਾਲ ਜਲੰਧਰ ਤੋ ਆਈ ਮੋਬਾਇਲ ਯੂਨਿਟ ਦੀ ਸਮੁੱਚੀ ਟੀਮ ਵਲੋਂ ਬੜੀ ਤਸੱਲੀ ਨਾਲ ਮਰੀਜ਼ਾਂ ਦੀ ਜਾਂਚ ਡਾ ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਹੋਈ। ਇਨ੍ਹਾਂ 440 ਮਰੀਜਾਂ ਵਿਚੋਂ 34 ਮਰੀਜਾਂ ਦਾ ਚਿੱਟੇ ਮੋਤੀਆ ਦਾ ਉਪਰੇਸ਼ਨ ਸਿਵਿਲ ਹਸਪਤਾਲ ਜਲੰਧਰ ਵਿਖੇ। ਕੈਂਪ ਦੌਰਾਨ 210 ਮਰੀਜ਼ਾਂ ਦੀ ਨਜ਼ਰ ਦੀ ਜਾਂਚ ਕੀਤੀ ਗਈ। ਵਿਸ਼ੇਸ਼ ਯੋਗਦਾਨ ਡਾ. ਨਰਿੰਦਰ ਭੱਟੀ ਅਤੇ ਬਲਾਕ ਐਜੂਕੇਟਰ ਸੰਦੀਪ ਵਲੋਂ ਦਿੱਤਾ ਗਿਆ।

# ਗਣਤੰਤਰ ਦਿਵਸ 'ਤੇ ਨੰਬਰਦਾਰ ਯੂਨੀਅਨ ਦੇ ਵਿਹੜੇ ਡਾ. ਦਾਹੀਆ ਤੇ ਬੀਬੀ ਮਾਨ ਕਰਨਗੇ ਸ਼ਿਰਕਤ : ਸੰਧੂ



**ਨੂਰਮਹਿਲ(ਬਾਲ ਕ੍ਰਿਸ਼ਨ ਬਾਲੀ)** -ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਪ੍ਰੈਸ ਨੋਟ ਰਾਹੀਂ ਬੜੇ ਗੌਰਵਮਈ ਸਲੀਕੇ ਨਾਲ ਦੱਸਿਆ ਕਿ ਨੰਬਰਦਾਰ ਯੂਨੀਅਨ ਵੱਲੋਂ ਇਸ ਵਾਰ 25ਵਾਂ ਸਿਲਵਰ ਜੁਬਲੀ ਕੌਮੀ ਤਿਉਹਾਰ ਜਸ਼ਨ-ਏ-ਗਣਤੰਤਰ-2023 ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸੁਭਾਗੇ ਮੌਕੇ ਡਾ: ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ ਮੁੱਖ ਮਹਿਮਾਨ ਅਤੇ ਸ੍ਰੀਮਤੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਯੂਨੀਅਨ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ, ਕੈਸ਼ੀਅਰ ਰਾਮ ਦਾਸ ਬਾਲੂ ਅਤੇ ਪੀ.ਆਰ.ਓ ਜਗਨ ਨਾਥ ਚਾਹਲ ਨੇ ਦੱਸਿਆ ਕਿ ਨੰਬਰਦਾਰ ਯੂਨੀਅਨ ਵੱਲੋਂ ਲਗਾਤਾਰ ਦੇਸ਼ ਦਾ ਕੌਮੀ ਝੰਡਾ ਲਹਿਰਾਇਆ ਗਿਆ ਹੈ। ਯੂਨੀਅਨ ਵੱਲੋਂ 25ਵਾਂ ਸਿਲਵਰ ਜੁਬਲੀ ਕੌਮੀ ਤਿਉਹਾਰ 26 ਜਨਵਰੀ ਨੂੰ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਮਨਾਇਆ ਜਾਵੇਗਾ।

# ਪਾਵਰਕਾਮ ਦੇ ਕਰਮਚਾਰੀ ਸੰਗਰੂਰ ਰੈਲੀ 'ਚ ਸ਼ਾਮਲ ਹੋਣਗੇ : ਗਿੱਲ

**ਮੋਹਾਲੀ (ਗੁਰਜੀਤ ਬਿੱਲਾ)**-ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਐਸ ਏ ਐਸ ਨਗਰ ਦੀ ਸਪੈਸ਼ਲ ਡਵੀਜ਼ਨ ਦੀ ਮੀਟਿੰਗ ਸਰਕਲ ਪ੍ਰਧਾਨ ਮੋਹਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਇਸ ਡਵੀਜ਼ਨ ਦੇ ਵੱਖ ਵੱਖ ਅਹੁਦੇਦਾਰਾਂ ਨੇ ਹਿੱਸਾ ਲਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਨਰਲ ਸਕੱਤਰ ਸੁਰਿੰਦਰ ਸਿੰਘ ਲਹੌਰੀਆ ਨੇ ਦੱਸਿਆ ਕਿ ਇਸ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ 1680, 22ਬੀ ਚੰਡੀਗੜ੍ਹ ਦੇ ਸੱਦੇ 'ਤੇ 29 ਜਨਵਰੀ ਨੂੰ ਸੰਗਰੂਰ ਵਿਖੇ ਮਹਾ ਰੈਲੀ ਹੋ ਰਹੀ ਜਿਸ ਵਿੱਚ ਵੱਡੇ ਪੱਧਰ 'ਤੇ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਸ ਰੈਲੀ ਵਿੱਚ ਫੈਡਰੇਸ਼ਨ ਨਾਲ ਸੰਬੰਧਿਤ ਜਥੇਬੰਦੀਆਂ ਸ਼ਮੂਲੀਅਤ ਕਰਨਗੀਆਂ। ਪੰਜਾਬ ਸਰਕਾਰ ਮੁਲਾਜਮਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਤੋਂ ਟਾਲਾ ਵੱਟ ਰਹੀ ਹੈ, ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ, ਜਿਸ ਦਾ ਮੁਲਾਜ਼ਮ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਮੀਟਿੰਗ ਡਵੀਜ਼ਨ ਸਕੱਤਰ ਬਲਵਿੰਦਰ ਕੁਮਾਰ, ਜਸਬੀਰ ਸਿੰਘ ਡਡਵਾਲ, ਨਿਖਲ ਕੁਮਾਰ, ਸੁਖਦੇਵ ਸਿੰਘ ਠਾਕਰ,ਮੈਡਮ ਲਵਲੀਨ ਕੌਰ ,ਮੈਡਮ ਰਾਜਵਿੰਦਰ ਕੌਰ ,ਮੈਡਮ ਨੀਲਮ,ਮੈਡਮ ਰਮਨ ਲਾਬਾ, ਮੈਡਮ ਨੇਹਾ ਨੇ ਹਿੱਸਾ ਲਿਆ ਅਤੇ ਫੈਡਰੇਸ਼ਨ ਏਟਕ ਦੀ ਮੈਂਬਰਸ਼ਿਪ ਨੂੰ ਵਧਾਉਣ ਦਾ ਪ੍ਰਣ ਲਿਆ। ਮੀਟਿੰਗ ਦੇ ਅਖੀਰ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਲਹੌਰੀਆ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਮੁਲਾਜ਼ਮਾਂ ਵਿਚਲੇ ਰੋਸ ਨੂੰ ਠੱਲ ਪਾਉਣ ਲਈ ਦੀ ਹੱਕੀ ਮੰਗਾਂ ਨੂੰ ਪ੍ਰਵਾਨ ਕਰੇ ਨਹੀਂ ਤਾਂ ਮੁਲਾਜ਼ਮ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਮਹਾਰਾਣੀ ਪਰਨੀਤ ਕੌਰ ਨੇ ਚੌਧਰੀ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਦੇ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਮੌਤ 14 ਜਨਵਰੀ ਨੂੰ ਲਾਡੂਵਾਲ ਦੇ ਟੌਲ ਪਲਾਜਾ ਵਿਖੇ ਦਿਲ ਦਾ ਦੌਰਾ ਪੈਣ ਕਰਕੇ ਹੋ ਗਈ ਸੀ। ਉਸ ਸਮੇਂ ਪੰਜਾਬ ਵਿੱਚ ਉਹ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੀ ਜਲੰਧਰ ਦੀ ਅਗਵਾਈ ਕਰਨ ਪਹੁੰਚੇ ਸਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ ਚੌਧਰੀ ਸੰਤੋਖ ਸਿੰਘ ਦੇ ਘਰ ਦੁੱਖ ਦਾ ਪ੍ਰਗਟਾਵਾ ਕਰਨ ਪੁਹੰਚੀ। ਉਨ੍ਹਾਂ ਨੇ ਕਿਹਾ ਕਿ ਚੌਧਰੀ ਸੰਤੋਖ ਸਿੰਘ ਮਹਾਨ ਕਾਂਗਰਸੀ ਨੇਤਾ ਸੀ। ਮੇਰੇ ਪਰਵਾਰ ਨਾਲ ਉਨ੍ਹਾਂ ਦੇ ਗੂੜ੍ਹੇ ਸਬੰਧ ਸਨ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਨ੍ਹਾਂ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ। ਉਨ੍ਹਾਂ ਦਾ ਜਾਣਾ ਪਰਵਾਰ ਤੇ ਸਮਾਜ ਨੂੰ ਬਹੁਤ ਵੱਡਾ ਘਾਟਾ ਹੈ, ਇਸ ਨੂੰ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਦਲਜੀਤ ਸਿੰਘ ਚੀਮਾ ਵੀ ਚੌਧਰੀ ਸੰਤੋਖ ਸਿੰਘ ਦੇ ਘਰ ਉਨ੍ਹਾਂ ਦਾ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨੂੰ ਚਾਇਨਾ ਡੋਰ ਤੋਂ ਦੂਰ ਰਹਿਣ ਲਈ ਪ੍ਰੇਰਿਆ



**ਸੁਲਤਾਨਪੁਰ ਲੋਧੀ, (ਹਨੀ)**

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਹੇਠ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਦੀਆਂ ਹਦਾਇਤਾਂ ਅਨੁਸਾਰ, ਵਿਦਿਆਰਥੀਆਂ ਨੂੰ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕੀਤਾ ਗਿਆ । ਅਧਿਆਪਕਾਂ ਵੱਲੋਂ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕਤਾ ਭਾਸ਼ਣ ਦਿੱਤਾ ਗਿਆ ਅਤੇ ਵਿਦਿਆਰਥੀਆਂ ਨੇ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਿਆ। ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਬੰਧਕ ਇੰਜੀਨੀਅਰ ਨਿਮਰਤਾ ਕੌਰ ਨੇ ਵੀ ਵਿਦਿਆਰਥੀਆਂ ਨੂੰ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੱਦੇ 'ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ



ਬੁਢਲਾਡਾ (ਅਸ਼ੋਕ ਲਾਕੜਾ)

ਕੇਂਦਰੀ ਭਾਜਪਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਿਸਟਮ ਨੂੰ ਕੇਂਦਰੀ ਅਰਥ-ਵਿਵਸਥਾ ਲਈ ਨੁਕਸਾਨਦਾਇਕ ਐਲਾਨਣ ਤੇ ਨਿਯਮਾਂ ਦੀ ਆੜ ਹੇਠ ਇਸ ਨੂੰ ਲਾਗੂ ਕਰਨ ਵਾਲੇ ਸੂਬਿਆਂ ਵਿੱਚ ਹੋ ਰਹੀ ਮੁੜ ਬਹਾਲੀ ਅੱਗੇ ਪਾਏ ਜਾ ਰਹੇ ਅੜਿੱਕਿਆਂ ਖਿਲਾਫ ਇੱਥੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਕਨਵੀਨਰ ਲਖਵਿੰਦਰ ਸਿੰਘ ਦੀ ਅਗਵਾਈ ਹੇਠ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਕੇਂਦਰ ਸਰਕਾਰ ਖਿਲਾਫ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਆਗੂਆਂ ਜਸਵੀਰ ਸਿੰਘ ਭੰਮਾ, ਲਖਵਿੰਦਰ ਸਿੰਘ ਬੁਢਲਾਡਾ, ਗੁਰਲਾਲ ਸਿੰਘ ਤੇ ਗੁਰਦਾਸ ਸਿੰਘ ਗੁਰਨੇ ਨੇ ਕਿਹਾ ਕਿ ਪਿਛਲੇ ਦਿਨਾਂ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਨੀਤੀ ਆਯੋਗ ਦੇ ਉੱਪ-ਚੇਅਰਮੈਨ ਸੁਮਨ ਬੇਰੀ ਤੇ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਸੰਜੀਵ ਸਾਨਿਆਲ ਵੱਲੋਂ ਪੁਰਾਣੀ ਪੈਨਸ਼ਨ ਵਿਰੁੱਧ ਮੋਰਚਾ ਖੋਲ੍ਹਦਿਆਂ ਕੇਂਦਰੀ ਏਜੰਸੀ ਪੀ ਐੱਫ ਆਰ ਡੀ ਏ ਅਧੀਨ ਕਈ ਲੱਖ ਕਰੋੜ ਦੀ ਐੱਨ ਪੀ ਐੱਸ ਜਮ੍ਹਾਂ ਰਾਸ਼ੀ ਨੂੰ ਮੋੜਨ ਦੀ ਸੂਬਿਆਂ ਕੋਲੋਂ ਕੀਤੀ ਗਈ ਮੰਗ ਨੂੰ ਰੱਦ ਕਰਨ, ਇਸ ਪੈਨਸ਼ਨ ਸਕੀਮ ਨੂੰ ਵਿਕਾਸ ਲਈ ਰੁਕਾਵਟ ਤੇ ਅਰਥ-ਵਿਵਸਥਾ ਸਮੇਤ ਅਗਲੀਆਂ ਪੀੜ੍ਹੀਆਂ ਲਈ ਬੋਝ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਦੇਸ਼ ਦੇ ਸਮੂਹ ਸਾਂਸਦ ਤੇ ਵਿਧਾਨ ਸਭਾਵਾਂ ਦੇ ਵਿਧਾਇਕ ਖੁਦ ਪੁਰਾਣੀ ਪੈਨਸ਼ਨ ਅਧੀਨ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਉੱਥੇ ਹੀ ਪੰਜਾਬ ਸਰਕਾਰ ਵੱਲੋਂ ਦੋ ਮਹੀਨੇ ਪਹਿਲਾਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਵੋਟਾਂ ਲੈਣ ਖਾਤਰ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਜਾਰੀ ਕੀਤਾ ਨੋਟੀਫਿਕੇਸ਼ਨ, ਹੁਣ ਨਵੀਆਂ ਭਰਤੀਆਂ ਉੱਤੇ ਵੀ ਨਵੀਂ ਪੈਨਸ਼ਨ ਵਾਲੀਆਂ ਮੱਦਾਂ ਲਾਗੂ ਕੀਤੇ ਜਾਣ ਨਾਲ ਖੋਖਲਾ ਸਾਬਤ ਹੋ ਚੁੱਕਿਆ ਹੈ। ਫਰੰਟ ਦੇ ਆਗੂਆਂ ਸੰਤੋਸ਼ ਸਿੰਘ ਤੇ ਲਖਵਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਪੈਨਸ਼ਨ ਵਿਰੋਧੀ ਨੀਤੀ ਖਿਲਾਫ ਪੰਜਾਬ ਭਰ 'ਚ ਐੱਨ.ਪੀ.ਐੱਸ. ਮੁਲਾਜ਼ਮ 29 ਜਨਵਰੀ ਨੂੰ ਫਗਵਾੜਾ ਵਿਖੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਰਿਹਾਇਸ਼ ਵੱਲ ਸੂਬਾ ਪੱਧਰੀ ਰੋਸ ਮਾਰਚ ਕਰਨਗੇ। ਜੇਕਰ ਪੰਜਾਬ ਸਰਕਾਰ ਨਵੀਂ ਪੈਨਸ਼ਨ ਸਕੀਮ ਨੂੰ ਮੁਕੰਮਲ ਵਾਪਸ ਲੈਣ ਤੇ ਪੈਨਸ਼ਨ ਐਕਟ 1972 ਅਧਾਰਿਤ ਪੁਰਾਣੀ ਪੈਨਸ਼ਨ ਦੇ ਮੁੱਖ ਲਾਭਾਂ ਦੀ ਗਰੰਟੀ ਕਰਦਾ ਸਪੱਸ਼ਟ ਤੇ ਸਮਾਂਬੱਧ ਵਿਧੀ ਵਿਧਾਨ ਜਾਰੀ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵਿਰੁੱਧ ਵੀ ਤਿੱਖਾ ਸੰਘਰਸ਼ ਕਰਕੇ ਸਰਕਾਰ ਦੇ ਸਿਆਸੀ ਜੁਮਲੇ ਦਾ ਪਰਦਾਫਾਸ਼ ਕੀਤਾ ਜਾਵੇਗਾ। ਇਸ ਮੌਕੇ ਰਣਜੀਤ ਸਿੰਘ ਬਰ੍ਹੇ, ਨਿਤਿਨ ਕੁਮਾਰ ਬੁਢਲਾਡਾ, ਕੁਲਵਿੰਦਰ ਸਿੰਘ ਰੱਲੀ, ਜਗਤਾਰ ਸਿੰਘ ਜਵਾਹਰਕੇ, ਓ ਡੀ ਐੱਲ ਯੂਨੀਅਨ ਦੇ ਸੂਬਾ ਆਗੂ ਰਿਸ਼ੀਪਾਲ, ਮੁਕੇਸ਼ ਬੋਹਾ, ਅਕਾਸ਼ਦੀਪ, ਮਨਜੀਤ ਕੁਮਾਰ, ਕ੍ਰਿਸ਼ਨ ਤਿਵਾੜੀ, ਨਿਤੇਸ਼ ਕੁਮਾਰ ਕੰਪਿਊਟਰ ਫੈਕਲਟੀ ਯੂਨੀਅਨ, ਪ੍ਰੇਮ ਕੁਮਾਰ ਭੀਖੀ, ਅਮਰੀਕ ਭੀਖੀ ਆਦਿ ਹਾਜ਼ਰ ਸਨ।

# ਭਗਵੰਤ ਮਾਨ ਬਠਿੰਡਾ 'ਚ ਲਹਿਰਾਉਣਗੇ ਤਿਰੰਗਾ

## ਡੀ ਸੀ ਨੇ ਫੁੱਲ ਡਰੈੱਸ ਰਿਹਰਸਲ ਦਾ ਲਿਆ ਜਾਇਜ਼ਾ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਦੇਸ਼ ਦੇ 74ਵੇਂ ਗਣਤੰਤਰਤਾ ਦਿਵਸ ਮੌਕੇ 26 ਜਨਵਰੀ 2023 ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਸੰਬੰਧੀ ਸਥਾਨਕ ਸ਼ਹੀਦ ਭਗਤ ਸਿੰਘ ਸਟੇਡੀਅਮ 'ਚ ਫੁੱਲ ਡਰੈੱਸ ਰਿਹਰਸਲ ਕਰਵਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ 74ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਫੁੱਲ ਡਰੈੱਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪੁਲਸ ਮੁਖੀ ਜੇ. ਇਲਨਚੇਲੀਅਨ, ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪਲਵੀ ਚੌਧਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਉਪਰੰਤ ਪਰੇਡ ਕਮਾਂਡਰ ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਮਾਰਚ ਪਾਸਟ ਕੀਤਾ ਗਿਆ। ਰਿਹਰਸਲ ਮੌਕੇ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੀਟੀ ਸ਼ੋਅ, ਗੱਤਕਾ, ਮਲਵਈ ਗਿੱਧਾ, ਗਿੱਧਾ ਅਤੇ ਭੰਗੜੇ ਤੋਂ ਇਲਾਵਾ ਦੇਸ਼ ਭਗਤੀ ਨਾਲ ਸੰਬੰਧਤ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ। ਡਿਪਟੀ ਕਮਿਸ਼ਨਰ ਵੱਲੋਂ ਗਣਤੰਤਰ ਦਿਵਸ ਸੰਬੰਧੀ ਚੱਲ ਰਹੀਆਂ ਤਿਆਰੀਆਂ ਬਾਰੇ ਰੀਵਿਊ ਮੀਟਿੰਗ ਕੀਤੀ ਗਈ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਰਾਹੁਲ, ਸਿਖਲਾਈ ਅਧੀਨ (ਆਈ ਏ ਐੱਸ) ਅਧਿਕਾਰੀ ਮੈਡਮ ਮਾਨਸੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਡਾ. ਆਰ ਪੀ ਸਿੰਘ, ਸਹਾਇਕ ਕਮਿਸ਼ਨਰ ਜਨਰਲ ਸ. ਸਾਰੰਗ ਪ੍ਰੀਤ ਸਿੰਘ ਔਜਲਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਮੌਜੂਦ ਸਨ।

# ਮੈਰਿਟ 'ਚ ਆਈ ਲੜਕੀ ਨੇ ਹਲਕਾ ਵਿਧਾਇਕ 'ਤੇ ਧੱਕੇਸ਼ਾਹੀ ਦੇ ਲਗਾਏ ਦੋਸ਼

## ਮੈਰਿਟ 'ਚ ਆਉਣ ਦੇ ਬਾਵਜੂਦ ਨਹੀਂ ਕਰਵਾਇਆ ਜਾ ਰਿਹਾ ਜੁਆਇਨ



ਮਾਨਸਾ (ਰੀਤਵਾਲ)-ਪਿੰਡ ਫੱਤਾ ਮਾਲੋਕਾ ਦੀ ਲੜਕੀ ਨੇ ਹਲਕਾ ਵਿਧਾਇਕ ਸਰਦੂਲਗੜ੍ਹ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਮੈਰਿਟ 'ਚ ਹੋਣ ਦੇ ਬਾਵਜੂਦ ਉਸ ਨੂੰ ਨੌਕਰੀ ਨਹੀਂ ਦਿੱਤੀ ਜਾ ਰਹੀ। ਇਹ ਮਾਮਲਾ ਸੋਸ਼ਲ ਮੀਡੀਆ 'ਤੇ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗੁਰਪ੍ਰੀਤ ਕੌਰ ਪੁੱਤਰੀ ਦਰਸ਼ਨ ਸਿੰਘ ਵਾਸੀ ਫੱਤਾ ਮਾਲੋਕਾ ਨੇ ਪੱਤਰਕਾਰਾਂ ਨੂੰ ਸਬੂਤ ਪੇਸ਼ ਕਰਦਿਆਂ ਦੱਸਿਆ ਕਿ ਸਹਿਕਾਰਤਾ ਵਿਭਾਗ ਵੱਲੋਂ ਕੋਆਪ੍ਰੇਟਿਵ ਸੁਸਾਇਟੀਆਂ 'ਚ ਕੁਝ ਖਾਲੀ ਪੋਸਟਾਂ ਨੂੰ ਭਰਨ ਲਈ ਇਸ਼ਤਿਹਾਰ ਦਿੱਤਾ ਸੀ। ਇਸ 'ਤੇ ਉਸ ਵੱਲੋਂ ਫੱਤਾ ਮਾਲੋਕਾ ਕੋਆਪ੍ਰੇਟਿਵ ਸੁਸਾਇਟੀ ਦੀ ਪੋਸਟ ਲਈ ਅਪਲਾਈ ਕੀਤਾ ਸੀ, ਜਿਸ ਵਿੱਚ ਐਪਲੀਕੇਟਾਂ 'ਚੋਂ ਮੇਰੀ ਮੈਰਿਟ ਪਹਿਲੇ ਨੰਬਰ 'ਤੇ ਆ ਗਈ। ਮੈਨੂੰ ਕਿਹਾ ਗਿਆ ਕਿ ਤੁਹਾਨੂੰ ਜਲਦੀ ਹੀ ਇਸ ਪੋਸਟ ਲਈ ਜੁਆਇਨ ਕਰਵਾ ਦਿੱਤਾ ਜਾਵੇਗਾ, ਪਰ ਉਸ ਤੋਂ ਬਾਅਦ ਹਲਕਾ ਵਿਧਾਇਕ ਵੱਲੋਂ ਮੈਨੂੰ ਇਹ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਗਏ ਕਿ ਤੈਨੂੰ ਪਿੰਡ ਬੀਰੋਕੇ ਕਲਾਂ ਵਿਖੇ ਬੈਂਕ 'ਚ ਸਿਲੈਕਟ ਕਰਵਾ ਦਿੰਦੇ ਹਾਂ, ਪਰ ਮੈਂ ਵਿਧਾਇਕ ਨੂੰ ਕਿਹਾ ਕਿ ਮੈਂ ਜਿਸ ਪੋਸਟ ਲਈ ਅਪਲਾਈ ਕੀਤਾ ਹੈ ਤੇ ਮੇਰੀ ਮੈਰਿਟ ਵੀ ਬਣਦੀ ਹੈ, ਮੈਂ ਤਾਂ ਉੱਥੇ ਹੀ ਜੁਆਇਨ ਕਰਾਂਗੀ। ਜਦੋਂ ਮੈਂ ਇਸ ਸਬੰਧ 'ਚ ਡੀ. ਆਰ. ਮਾਨਸਾ ਨੂੰ ਮਿਲੀ ਤਾਂ ਉਹ ਵੀ ਮੈਨੂੰ ਵਿਧਾਇਕ ਦੀ ਤਰ੍ਹਾਂ ਮੇਰੀ ਬਣਦੀ ਨੌਕਰੀ ਦੇਣ 'ਚ ਆਨਾਕਾਨੀ ਕਰਦੇ ਰਹੇ। ਉਨ੍ਹਾ ਕਿਹਾ ਕਿ ਮੈਂ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਵੀ ਇਹ ਸ਼ਿਕਾਇਤ ਭੇਜ ਕੇ ਇਨਸਾਫ ਦੀ ਮੰਗ ਕੀਤੀ ਹੈ, ਪਰ ਅਜੇ ਤੱਕ ਮੈਨੂੰ ਕੋਈ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਬਦਲਾਅ ਦੇ ਨਾਮ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ, ਪਰ ਕੁਝ ਰਿਵਾਇਤੀ ਪਾਰਟੀਆਂ 'ਚੋਂ ਆ ਕੇ ਬਣੇ ਵਿਧਾਇਕ ਆਪਣੀਆਂ ਮਨ-ਮਰਜ਼ੀਆਂ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾ ਕੇ ਮੈਨੂੰ ਮੇਰਾ ਬਣਦਾ ਹੱਕ ਦਿਵਾਇਆ ਜਾਵੇ। ਇਸ ਸੰਬੰਧੀ ਹਲਕਾ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦਾ ਕਹਿਣਾ ਹੈ ਕਿ ਇਹ ਕੰਮ ਤਾਂ ਸਿਲੈਕਸ਼ਨ ਕਮੇਟੀ ਦਾ ਹੈ। ਉਨ੍ਹਾ ਸਿਲੈਕਸ਼ਨ ਕੀਤੀ ਹੈ ਤੇ ਸਬੰਧਤ ਮਹਿਕਮੇ ਨੇ ਜੁਆਇਨ ਕਰਾਉਣਾ ਹੈ। ਮੇਰੇ 'ਤੇ ਲਗਾਏ ਦੋਸ਼ ਬੇਬੁਨਿਆਦ ਹਨ। ਇਸ ਸਬੰਧੀ ਡੀ ਆਰ ਮਾਨਸਾ ਨਾਲ ਰਾਬਤਾ ਕਾਇਮ ਕਰਨ 'ਤੇ ਉਨ੍ਹਾ ਕਿਹਾ ਕਿ ਇਹ ਪੋਸਟ ਇੱਕ ਸਾਲ ਲਈ ਆਰਜ਼ੀ ਤੌਰ 'ਤੇ ਹੈ। ਜਦ ਵੀ ਕਿਸੇ ਨੂੰ ਇਸ ਪੋਸਟ 'ਤੇ ਰੱਖਣਾ ਹੈ ਤਾਂ ਉਹ ਕੋਆਪ੍ਰੇਟਿਵ ਸੁਸਾਇਟੀ ਦੇ ਮੈਂਬਰਾਂ ਦੀ ਸਹਿਮਤੀ ਨਾਲ ਹੀ ਰੱਖਿਆ ਜਾਵੇਗਾ।

## ਕਾਤਰਾਂ

### ਫੌਜ ਭਰਤੀ ਰੈਲੀ ਲਈ ਸੀ-ਪਾਈਟ ਕੈਂਪ ਵਿਖੇ ਤਿਆਰੀ

ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)-ਬਰਨਾਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ ਦੇ ਨੌਜਵਾਨਾਂ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੀ-ਪਾਈਟ ਕੈਂਪ ਬੋੜਾਵਾਲ ਵਿਖੇ ਫੌਜ ਦੀ ਭਰਤੀ ਰੈਲੀ ਲਈ ਪ੍ਰੀ-ਟ੍ਰੇਨਿੰਗ ਕੈਂਪ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਂਪ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਪਟਿਆਲਾ ਵਿਖੇ ਇਸ ਸਾਲ ਹੋਣ ਵਾਲੀ ਭਰਤੀ ਰੈਲੀ ਲਈ ਸਰੀਰਕ ਤੇ ਲਿਖਤੀ ਪੇਪਰ ਦੀ ਤਿਆਰੀ ਕਰਵਾਉਣ ਹਿੱਤ ਸੀ-ਪਾਈਟ ਬੋੜਾਵਾਲ ਵਿਖੇ ਕੈਂਪ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਅਗਨੀਵੀਰ ਫੌਜ ਰੈਲੀ ਲਈ ਆਰਮੀ ਜੀ. ਡੀ. ਲਈ ਕੱਦ 170 ਸੈਂਟੀਮੀਟਰ, ਭਾਰ 50 ਕਿਲੋ ਤੇ ਛਾਤੀ 77-82 ਸੈਂਟੀਮੀਟਰ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਦੀ ਵਿੱਦਿਅਕ ਯੋਗਤਾ 45 ਫੀਸਦੀ ਅੰਕਾਂ ਨਾਲ ਦਸਵੀਂ ਪਾਸ ਜਾਂ ਬਾਰਵੀਂ ਪਾਸ ਹੋਣੀ ਚਾਹੀਦੀ ਹੈ। ਸੀ ਪਾਈਟ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ ਦਾਖਲੇ ਲਈ ਰੋਜ਼ਾਨਾ ਦਫ਼ਤਰੀ ਦਿਨਾਂ 'ਚ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 3 ਵਜੇ ਤੱਕ ਭਰਤੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੌਜਵਾਨ ਆਪਣੇ ਨਾਲ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਤੇ 2 ਫੋਟੋਆਂ ਲੈ ਕੇ ਆਉਣ। ਕੈਂਪ ਵਿੱਚ ਟ੍ਰੇਨਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਮੁਫ਼ਤ ਖਾਣਾ ਤੇ ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਉਪਲੱਬਧ ਹੈ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉੱਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ ਤੇ ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਅਮਰਜੀਤ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਫਤਿਹਪੁਰ ਚੰਗੀਆਂ ਦਾ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਬਾਰਵੀਂ ਕਲਾਸ 2021 ਪਾਸਆਊਟ ਵਿਦਿਆਰਥੀ ਹੋਣ ਦੇ ਬਾਵਜੂਦ ਆਈ ਸੀ ਐੱਚ ਐੱਮ ਕਾਲਜ ਆਡੇਲੈਡ ਅਸਟ੍ਰੇਲੀਆ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਕੇਂਦਰੀ ਵਿਦਿਆਲਿਆ ਉੱਭਾਵਾਲ ਵਿਖੇ ਪੇਂਟਿੰਗ ਮੁਕਾਬਲੇ ਕਰਵਾਏ



ਲੌਂਗੋਵਾਲ/ਸੰਗਰੂਰ (ਕੁਲਦੀਪ ਅੱਤਰੀ, ਪ੍ਰਦੀਪ ਸੱਪਲ/ਪ੍ਰਵੀਨ ਸਿੰਘ)-ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਪ੍ਰਿੰਸੀਪਲ ਅੰਜਨਾ ਗੰਗਵਾਰ ਦੀ ਅਗਵਾਈ ਹੇਠ ਕੇਂਦਰੀ ਵਿਦਿਆਲਿਆ ਉੱਭਾਵਾਲ ਵਿਖੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਲਿਖੀ ਕਿਤਾਬ "ਐਗਜ਼ਾਮ ਵਾਰੀਅਰ" ਦੇ ਮੰਤਰਾਂ ਨੂੰ ਦਰਸਾਇਆ ਗਿਆ। ਮੁਕਾਬਲੇ ਵਿੱਚ 17 ਸਕੂਲਾਂ ਦੇ 100 ਵਿਦਿਆਰਥੀਆਂ ਨੇ ਭਾਗ ਲਿਆ। ਮੁਕਾਬਲੇ ਦੇ ਸਰਵੋਤਮ ਵਿਦਿਆਰਥੀਆਂ ਪ੍ਰਨੀਤ ਕੌਰ ਸਪਰਿੰਗ ਡੇਲ ਪਬਲਿਕ ਸਕੂਲ, ਤਮੰਨਾ ਫਾਰਚਿਊਨ ਕਾਨਵੈਂਟ ਸਕੂਲ, ਪ੍ਰਿਯਾਂਸ਼ੂ ਕੁਮਾਰ ਬਚਪਨ ਸਕੂਲ, ਕਰਮਨ ਪ੍ਰੀਤ ਕੇਂਦਰੀ ਵਿਦਿਆਲਿਆ ਉੱਭਾਵਾਲ, ਹਰਸ਼ਿਤਾ ਗਰੋਵਰ ਬਚਪਨ ਸਕੂਲ ਨੂੰ ਜਿਊਰੀ ਮੈਂਬਰਾਂ ਮਨਜੀਤ ਸਿੰਘ, ਅਭਿਜੀਤ ਸਿੰਘ ਤੇ ਅਨੀਤਾ ਗਰੋਵਰ ਵੱਲੋਂ ਕਿਤਾਬਾਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਤੇ ਸਾਰੇ ਭਾਗੀਦਾਰਾਂ ਨੂੰ "ਪ੍ਰੀਖਿਆ ਵਾਰੀਅਰ' ਕਿਤਾਬ ਦਿੱਤੀ ਗਈ। ਮੁਕਾਬਲੇ ਦੇ ਸੰਚਾਲਨ 'ਚ ਰਾਜ ਕੁਮਾਰ ਸ਼ਰਮਾ, ਵਿਕਾਸ ਗੁਪਤਾ, ਮਨਸ਼ਾ ਸਾਂਗਵਾਨ, ਮੋਨੀਸ਼ਾ ਮਲਹੋਤਰਾ ਦਾ ਵਿਸ਼ੇਸ਼ ਯੋਗਦਾਨ ਰਿਹਾ।

# 'ਭਾਰਤ ਜੋੜੋ ਯਾਤਰਾ' ਨੂੰ ਮਿਲ ਰਹੇ ਸਹਿਯੋਗ ਤੋਂ ਵਿਰੋਧੀ ਘਬਰਾਏ : ਹੈਨਰੀ



ਸਨਮੀਕ ਸਿੰਘ ਹੈਨਰੀ ਗੱਲਬਾਤ ਕਰਦੇ ਹੋਏ।

ਲਹਿਰਾਗਾਗਾ (ਗਰਗ)-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਪੈਦਲ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਨੂੰ ਮਿਲ ਰਿਹਾ ਜਨ-ਸਮਰਥਨ ਕਾਂਗਰਸ ਦੇ 2024 ਵਿੱਚ ਸੱਤਾ 'ਚ ਆਉਣ ਦਾ ਸੰਕੇਤ ਹੈ, ਜਿਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਘਬਰਾਈਆਂ ਹੋਈਆਂ ਹਨ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਮੈਂਬਰ ਤੇ ਯਾਤਰਾ ਲਈ ਹਲਕਾ ਦਿੜ੍ਹਬਾ ਦੇ ਕੁਆਰਡੀਨੇਟਰ ਸਨਮੀਕ ਸਿੰਘ ਹੈਨਰੀ ਨੇ ਰਾਹੁਲ ਗਾਂਧੀ ਦੇ ਨਾਲ ਭਾਰਤ ਜੋੜੋ ਯਾਤਰਾ ਵਿੱਚ ਸ਼ਿਰਕਤ ਕਰਨ ਉਪਰੰਤ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਘਬਰਾਹਟ ਵਿੱਚ ਆ ਕੇ ਕੋਰੋਨਾ ਦੇ ਨਾਂਅ 'ਤੇ ਭਾਰਤ ਜੋੜੋ ਯਾਤਰਾ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ, ਪਰ ਦੇਸ਼ ਦੇ ਚਹੇਤੇ ਨੌਜਵਾਨ ਆਗੂ ਰਾਹੁਲ ਗਾਂਧੀ ਨੇ ਕੋਈ ਪ੍ਰਵਾਹ ਕੀਤੇ ਬਿਨਾਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਯਾਤਰਾ ਜਾਰੀ ਰੱਖੀ। ਰਾਹੁਲ ਗਾਂਧੀ ਵੱਲੋਂ ਕੱਢੀ ਜਾ ਰਹੀ ਪੈਦਲ ਭਾਰਤ ਜੋੜੋ ਯਾਤਰਾ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖਿਆ ਜਾਵੇਗਾ। ਉਨ੍ਹਾ ਭਾਜਪਾ 'ਚ ਸ਼ਾਮਲ ਹੋ ਰਹੇ ਕਾਂਗਰਸੀ ਆਗੂਆਂ ਬਾਰੇ ਕਿਹਾ ਕਿ ਜਿਹੜਾ ਆਗੂ ਆਪਣੀ ਮਾਂ ਪਾਰਟੀ ਵਿੱਚ ਰਹਿ ਕੇ ਕੁਝ ਪ੍ਰਾਪਤ ਨਹੀਂ ਕਰ ਸਕਦਾ, ਉਹ ਹੋਰਨਾਂ ਪਾਰਟੀਆਂ 'ਚ ਜਾ ਕੇ ਵੀ ਕੁੱਝ ਪ੍ਰਾਪਤ ਨਹੀਂ ਕਰ ਸਕਦਾ। ਉਨ੍ਹਾ ਕਾਂਗਰਸ ਨੂੰ ਧਰਮ ਨਿਰਪੱਖ ਪਾਰਟੀ ਦੱਸਦਿਆਂ ਕਿਹਾ ਕਿ ਕਾਂਗਰਸ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ, ਜਿਹੜੀ ਹਰ ਧਰਮ ਤੇ ਵਰਗ ਦਾ ਸਤਿਕਾਰ ਕਰਦੀ ਹੈ, ਜਦੋਂ ਕਿ ਭਾਜਪਾ-ਅਕਾਲੀ ਦਲ ਤੇ ਆਪ ਜਿਹੀਆਂ ਫਿਰਕਾਪ੍ਰਸਤ ਪਾਰਟੀਆਂ ਲੋਕਾਂ ਨੂੰ ਧਰਮ ਤੇ ਜਾਤ ਦੇ ਨਾਂਅ 'ਤੇ ਲੜਾ ਕੇ ਘਟੀਆ ਸਿਆਸਤ ਕਰਦੀਆਂ ਹਨ। ਉਨ੍ਹਾ ਦਾਅਵਾ ਕੀਤਾ ਕਿ ਆਉਣ ਵਾਲਾ ਸਮਾਂ ਦੇਸ਼ 'ਚ ਕਾਂਗਰਸ ਦਾ ਹੀ ਹੈ। ਇਸ ਮੌਕੇ ਉਨ੍ਹਾਂ ਨਾਲ ਬੂਟਾ ਸਿੰਘ ਭੁਟਾਲ, ਗੁਰੀ, ਅਰਸ਼, ਲਹਿਲ ਖੁਰਦ, ਮਨਦੀਪ ਸਿੰਘ ਕਾਲੀਆ, ਗੁਰਪਿਆਰ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਲਈ 29 ਨੂੰ ਸੋਮ ਪਕਾਸ਼ ਦੀ ਰਿਹਾਇਸ਼ ਵੱਲ ਹੋਵੇਗਾ ਰੋਸ ਮਾਰਚ

ਸਮਰਾਲਾ (ਸੁਰਜੀਤ ਸਿੰਘ)

ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਦੀ ਸੂਬਿਆਂ ਵਿੱਚ ਹੋ ਰਹੀ ਮੁੜ ਬਹਾਲੀ ਅੱਗੇ ਪਾਏ ਜਾ ਰਹੇ ਅੜਿੱਕਿਆਂ ਖਿਲਾਫ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਦੇ ਸੱਦੇ 'ਤੇ 29 ਜਨਵਰੀ ਨੂੰ ਫਗਵਾੜਾ ਵਿਖੇ ਰੈਲੀ ਕਰਨ ਉਪਰੰਤ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਕੋਠੀ ਵੱਲ ਰੋਸ ਮਾਰਚ ਕੀਤਾ ਜਾਵੇਗਾ, ਜਿਸ ਦਾ ਭਰਵਾਂ ਹਿੱਸਾ ਬਨਣ ਲਈ ਲੁਧਿਆਣੇ ਜ਼ਿਲ੍ਹੇ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਵੱਲੋਂ ਵੀ ਕਮਰਕੱਸੇ ਕਰ ਲਏ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਪਾਪਤੀ ਫਰੰਟ ਲੁਧਿਆਣਾ ਦੇ ਆਗੂਆਂ ਹਰਿੰਦਰ ਕੁਮਾਰ, ਤੇਜਿੰਦਰ ਸਿੰਘ, ਇਕਬਾਲ ਸਿੰਘ, ਹਰਵਿੰਦਰ ਸਿੰਘ, ਸੁਸ਼ੀਲ ਸਿੰਘ ਤੇ ਫਰੰਟ ਦੇ ਜ਼ਿਲ੍ਹਾ ਲੁਧਿਆਣਾ ਦੇ ਸਲਾਹਕਾਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਕਿਹਾ ਕਿ ਪਿਛਲੇ ਦਿਨਾਂ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਨੀਤੀ ਆਯੋਗ ਦੇ ਉੱਪ-ਚੇਅਰਮੈਨ ਸੁਮਨ ਬੇਰੀ ਤੇ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਸੰਜੀਵ ਸਾਨਿਆਲ ਵੱਲੋਂ ਪੁਰਾਣੀ ਪੈਨਸ਼ਨ ਵਿਰੁੱਧ ਮੋਰਚਾ ਖੋਲ੍ਹਦਿਆਂ ਕੇਂਦਰੀ ਏਜੰਸੀ ਪੀ ਐੱਫ ਆਰ ਡੀ ਏ ਅਧੀਨ ਕਈ ਲੱਖ ਕਰੋੜ ਦੀ ਐੱਨ ਪੀ ਐੱਸ ਜਮ੍ਹਾਂ ਰਾਸ਼ੀ ਨੂੰ ਮੋੜਨ ਦੀ ਸੂਬਿਆਂ ਕੋਲੋਂ ਕੀਤੀ ਗਈ ਮੰਗ ਨੂੰ ਰੱਦ ਕਰਨ, ਇਸ ਪੈਨਸ਼ਨ ਸਕੀਮ ਨੂੰ ਵਿਕਾਸ ਲਈ ਰੁਕਾਵਟ ਤੇ ਅਰਥ-ਵਿਵਸਥਾ ਸਮੇਤ ਅਗਲੀਆਂ ਪੀੜ੍ਹੀਆਂ ਲਈ ਬੋਝ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਦੇਸ ਦੇ ਸਮੂਹ ਸਾਂਸਦ ਤੇ ਵਿਧਾਨ ਸਭਾਵਾਂ ਦੇ ਵਿਧਾਇਕ ਖੁਦ ਪੁਰਾਣੀ ਪੈਨਸ਼ਨ ਅਧੀਨ ਪੈਨਸ਼ਨ ਪ੍ਰਾਪਤ ਕਰ ਰਹੇ ਹਨ, ਜਿਸ ਤੋਂ ਇਨ੍ਹਾਂ ਮੰਤਰੀਆਂ ਤੇ ਨੀਤੀਕਾਰਾਂ ਦੇ ਦੋਹਰੇ ਕਿਰਦਾਰ ਦਾ ਸਪੱਸ਼ਟ ਪ੍ਰਗਟਾਵਾ ਹੁੰਦਾ ਹੈ। ਉੱਥੇ ਹੀ ਪੰਜਾਬ ਸਰਕਾਰ ਵੱਲੋਂ ਦੋ ਮਹੀਨੇ ਪਹਿਲਾਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਵੋਟਾਂ ਲੈਣ ਖਾਤਰ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਜਾਰੀ ਕੀਤਾ ਨੋਟੀਫਿਕੇਸ਼ਨ, ਹੁਣ ਨਵੀਆਂ ਭਰਤੀਆ ਉੱਤੇ ਵੀ ਨਵੀਂ ਪੈਨਸ਼ਨ ਵਾਲੀਆਂ ਮੱਦਾਂ ਲਾਗੂ ਕੀਤੇ ਜਾਣ ਨਾਲ ਖੋਖਲਾ ਸਾਬਿਤ ਹੋ ਚੁੱਕਿਆ ਹੈ। ਆਗੂਆਂ ਨੇ ਕਿਹਾ ਕਿ ਇਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਰਾਣੀ ਪੈਨਸ਼ਨ ਪਾਪਤੀ ਫਰੰਟ ਪੰਜਾਬ ਦੇ ਸੱਦੇ 'ਤੇ ਪੰਜਾਬ ਦੇ ਵੱਖ-ਵੱਖ ਬਲਾਕਾਂ, ਤਹਿਸੀਲਾਂ ਤੇ ਜ਼ਿਲ੍ਹਿਆਂ ਵਿੱਚ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ ਹਨ, ਹੁਣ ਫਰੰਟ 29 ਜਨਵਰੀ ਨੂੰ ਫਗਵਾੜਾ ਵਿਖੇ ਰੈਲੀ ਕਰਕੇ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਕੋਠੀ ਵੱਲ ਮਾਰਚ ਕੀਤਾ ਜਾ ਰਿਹਾ ਹੈ। ਜ਼ਿਲ੍ਹੇ ਵਿੱਚ ਟੀਮਾ ਬਣਾ ਕੇ ਸਕੂਲਾਂ, ਸਰਕਾਰੀ ਦਫਤਰਾਂ, ਕਾਰਪੋਰੇਸ਼ਨਾਂ ਵਿੱਚ ਮੁਲਾਜ਼ਮਾਂ ਨੂੰ ਐੱਨ.ਪੀ.ਐੱਸ. ਦੇ ਨੁਕਸਾਨਾਂ ਸਬਧੀ ਜਾਗ੍ਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ 'ਚ ਮੁਲਾਜ਼ਮ ਰਾਜ ਮੰਤਰੀ ਦੀ ਕੋਠੀ ਵੱਲ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਸ਼ਮੂਲੀਅਤ ਕਰਨਗੇ। ਇਸ ਸਮੇਂ ਰਜਿੰਦਰ ਜੰਡਿਆਲੀ, ਸੰਦੀਪ, ਰਾਕੇਸ਼, ਜੁਗਰਾਜ ਸਿੰਘ, ਹਰਮਨਜੀਤ ਸਿੰਘ ਆਦਿ ਹਾਜ਼ਰ ਸਨ।




# ਹੈਵਨ ਬਿਊਟੀ ਸੈਲੂਨ ਤੇ ਅਕੈਡਮੀ ਵੱਲੋਂ ਸੈਮੀਨਾਰ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਬਰਗਾੜੀ) ਦੇ ਵਿਦਿਆਰਥੀਆਂ ਨੇ ਹੈਵਨ ਬਿਊਟੀ ਸੈਲੂਨ ਤੇ ਅਕੈਡਮੀ ਵਿਖੇ ਇੱਕ ਸੈਮੀਨਾਰ ਵਿੱਚ ਸ਼ਿਰਕਤ ਕੀਤੀ। -ਇਸ ਵਿੱਚ ਫੇਸੀਅਲ ਅਤੇ ਨੇਲ ਐਕਸਟੈਂਸ਼ਨ ਸਾਡੀ ਮੁਹਾਰਤ ਹਾਸਲ ਕੀਤੀ ਮਾਹਿਰਾਂ ਨੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਸ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੇ ਇਸ ਦਾ ਖੂਬ ਆਨੰਦ ਮਾਣਿਆ ਤੇ ਪ੍ਰੋਗਰਾਮ ਤੋਂ ਹਰ ਕਿਸਮ ਦੀ ਤਾਜ਼ਗੀ ਪ੍ਰਾਪਤ ਕਰਦਿਆਂ ਉਨ੍ਹਾਂ ਕਿਹਾ ਕਿ ਆਖਰਕਾਰ, ਇਹ ਸਿੱਖਣਾ ਸਾਡੇ ਲਈ ਭਵਿੱਖ ਵਿਚ ਲਾਭ ਮੰਦ ਸਾਬਿਤ ਹੋਵੇਗਾ। ਇਸ ਮੌਕੇ ਪ੍ਰਦੀਪ ਮੈਮ ਬਿਊਟੀ ਐਕਸਪਰਟ ਨੇ ਐਡਵਾਂਸ ਫੇਸੀਅਲ ਡੈਮੋ ਤੇ ਸਿਮਰਨ ਮੈਮ ਨੇਲ ਐਕਸਪਰਟ ਦੁਆਰਾ ਡੈਮੋ ਦਿੱਤਾ ਗਿਆ। ਉਨ੍ਹਾਂ ਨੇਲ ਐਕਸਟੈਂਸ਼ਨ ਡੈਮੋ ਬਹੁਤ ਵਧੀਆ ਢੰਗ ਨਾਲ ਦਿੱਤਾ ਗਿਆ। ਇਸ ਮੌਕੇ ਪਵਨ ਮਨਚੰਦਾ (ਡਾਇਰੈਕਟਰ) ਨਵਦੀਪ ਕੌਰ ਮਾਹਲਾ (ਸੈਂਟਰ ਹੈੱਡ ਮੈਨੇਜਰ) ਨੇ ਸਾਰੀ ਟੀਮ ਮੈਂਬਰਾਂ ਤੇ ਹੈਵਨ ਟੀਮ ਦੇ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਸੈਮੀਨਾਰ ਵਿੱਚ ਪਹੁੰਚ ਕੇ ਬਹੁਕੀਮਤੀ ਯੋਗਦਾਨ ਪਾਇਆ।

# ਅਧੀਨ ਸੇਵਾਵਾਂ ਚੋਣ ਬੋਰਡ ਦਾ ਸੋਧਿਆ ਪਾਠਕ੍ਰਮ ਤਰਕਸੰਗਤ ਨਹੀਂ, ਸਰਕਾਰ ਮੁੜ ਸਮੀਖਿਆ ਕਰੇ : ਮਾਨਸ਼ਾਹੀਆ

ਮਾਨਸਾ (ਆਤਮਾ ਸਿੰਘ ਪਮਾਰ)

ਪੰਜਾਬ ਵਿੱਚ ਸਰਕਾਰ ਵੱਲੋਂ ਤੀਸਰੇ ਦਰਜੇ ਦੀਆਂ ਅਸਾਮੀਆਂ ਨੂੰ ਭਰਨ ਲਈ ਬਾਕਾਇਦਾ ਇਸ਼ਤਿਹਾਰ ਦਿੱਤਾ ਜਾਂਦਾ ਹੈ। ਇਨ੍ਹਾਂ ਅਸਾਮੀਆਂ ਲਈ ਬਕਾਇਦਾ ਸੇਵਾ ਨਿਯਮਾਂ ਤੋਂ ਇਲਾਵਾ ਚੋਣ ਤੋਂ ਪਹਿਲਾਂ ਪ੍ਰੀਖਿਆ ਲੈਣ ਲਈ ਪਾਠਕ੍ਰਮ ਵੀ ਪਹੀਲਾਂ ਹੀ ਨਿਰਧਾਰਤ ਕੀਤਾ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝਾ ਕੀਤਾ। ਉਨ੍ਹਾ ਦੱਸਿਆ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਹੈ, ਉਦੋਂ ਤੋਂ ਹੀ ਪ੍ਰੀਖਿਆ ਲਈ ਪਾਠਕ੍ਰਮ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਪ੍ਰੀਖਿਆ ਵਿੱਚੋਂ ਬਾਹਰੀ ਸੂਬਿਆਂ ਦੇ ਵਿਦਿਆਰਥੀ ਜ਼ਿਆਦਾ ਗਿਣਤੀ ਵਿੱਚ ਮੈਰਿਟ 'ਤੇ ਆ ਜਾਂਦੇ ਹਨ। ਨਤੀਜੇ ਵਜੋਂ ਪੰਜਾਬ ਦੇ ਬਸ਼ਿੰਦੇ ਨੌਕਰੀ ਤੋਂ ਵਾਂਝੇ ਰਹਿ ਜਾਂਦੇ ਸਨ। ਮੌਜੂਦਾ ਪੰਜਾਬ ਸਰਕਾਰ, ਜੋ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਤੇ ਸਿਰਫ ਪੰਜਾਬੀਆਂ ਨੂੰ ਹੀ ਨੌਕਰੀਆਂ ਦੇਣ ਦੇ ਦਮਗਜ਼ੇ ਮਾਰਦੀ ਰਹਿੰਦੀ ਹੈ, ਨੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਕਲਰਕਾਂ ਤੇ ਹੋਰ ਤੀਜੇ ਦਰਜੇ ਦੀਆਂ ਅਸਾਮੀਆਂ ਭਰਨ ਲਈ ਪਾਠਕ੍ਰਮ ਵਿੱਚ ਕੁਝ ਸੋਧ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਜਿਸ ਨਾਲ ਪੰਜਾਬ ਦੇ ਉਮੀਦਵਾਰਾਂ ਦੇ ਮੁਕਾਬਲੇ ਦੂਜੇ ਸੂਬਿਆਂ ਦੇ ਉਮੀਦਵਾਰਾਂ ਦੇ ਮੈਰਿਟ ਵਿੱਚ ਆਉਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਸੋਧੇ ਹੋਏ ਨੋਟੀਫਿਕੇਸ਼ਨ ਦਾ ਹਵਾਲਾ ਦਿੰਦਿਆਂ ਮਾਨਸਸ਼ਾਹੀਆ ਨੇ ਦੱਸਿਆ ਕਿ ਪਹਿਲੇ ਤਰੀਕੇ ਨਾਲ ਇੱਕ ਹੀ 150 ਨੰਬਰ ਦਾ ਪੇਪਰ ਲਿਆ ਜਾਂਦਾ ਸੀ, ਜਿਸ ਦੇ ਪਾਠਕ੍ਰਮ 'ਚ 'ਜਨਰਲਨਾਲਿਜ ਐਂਡ ਕਰੰਟ ਅਫੇਅਰਜ਼, ਇੰਗਲਿਸ਼, ਪੰਜਾਬੀ, ਲੌਜੀਕਲ ਰੀਜ਼ਨਿੰਗ ਐਂਡ ਮੈਂਟਲ ਅਬਿਲਟੀ, ਪੰਜਾਬ ਹਿਸਟਰੀ ਐਂਡ ਕਲਚਰ' ਸਿਲੇਬਸ ਵਿੱਚ ਸ਼ਾਮਲ ਸੀ, ਜਿਸ ਵਿੱਚ ਪੰਜਾਬੀ ਤੇ ਪੰਜਾਬ ਦੇ ਇਤਿਹਾਸ ਦੇ ਕਈ ਪ੍ਰਸ਼ਨ ਪੁੱਛੇ ਜਾਂਦੇ ਸਨ, ਜਦੋਂਕਿ ਨਵੇਂ ਪਾਠਕ੍ਰਮ "ਜਨਰਲ ਨਾਲਿਜ ਤੇ ਕਰੰਟ ਅਫੇਅਰਜ਼, ਇੰਗਲਿਸ਼, ਪੰਜਾਬੀ, ਲੌਜੀਕਲ ਰੀਜ਼ਨਿੰਗ ਐਂਡ ਮੈਂਟਲ ਅਬਿਲਟੀ" ਸਿਲੇਬਸ 'ਚੋਂ 50 ਨੰਬਰ ਦਾ ਪੇਪਰ ਪੰਜਾਬੀ ਦਾ ਘੱਟੋ ਘੱਟ ਨਿਰਧਾਰਤ ਯੋਗਤਾ ਲਈ ਲਿਆ ਜਾਵੇਗਾ, ਤੇ 100 ਨੰਬਰ ਦਾ ਪੇਪਰ ਨਵੇਂ ਨਿਰਧਾਰਤ ਪਾਠਕ੍ਰਮ ਵਿੱਚੋਂ ਲਿਆ ਜਾਵੇਗਾ, ਜਿਸ 'ਚ ਪੰਜਾਬੀ ਤੇ ਪੰਜਾਬ ਦਾ ਇਤਿਹਾਸ ਅੱਖੋਂ-ਪ੍ਰੋਖੇ ਕਰਨ ਨਾਲ ਪੰਜਾਬ ਦੇ ਉਮੀਦਵਾਰਾਂ ਦੀ ਮੈਰਿਟ ਵਿੱਚ ਆਉਣ ਦੀ ਉਮੀਦ ਬਹੁਤ ਘੱਟ ਜਾਵੇਗੀ, ਜੋ ਕਿ ਉਨ੍ਹਾਂ ਨਾਲ ਸਰਾਸਰ ਧੱਕਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਾਹਰੀ ਸੂਬਿਆਂ ਦੇ ਉਮੀਦਵਾਰਾਂ ਦੀ ਭਰਤੀ 'ਤੇ ਮੁਕੰਮਲ ਰੋਕ ਲਾਈ ਜਾਵੇ ਤੇ ਪੰਜਾਬੀ ਅਤੇ ਪੰਜਾਬ ਦੇ ਇਤਿਹਾਸ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੱਧ ਤੋਂ ਵੱਧ ਮਹੱਤਤਾ ਦਿੱਤੀ ਜਾਵੇ, ਜਿਸ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚੋਂ ਪੜ੍ਹੇ ਵਿਦਿਆਰਥੀ ਵੀ ਨੌਕਰੀਆਂ ਪ੍ਰਾਪਤ ਕਰਨ ਦੇ ਕਾਬਲ ਹੋ ਸਕਣ।

# ਯੂਨੀਵਰਸਿਟੀ ਕਾਲਜ ਢਿੱਲਵਾਂ ਨੂੰ 40.80 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ




ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਯੂਨੀਵਰਸਿਟੀ ਕਾਲਜ ਢਿੱਲਵਾਂ, ਬਰਨਾਲਾ ਨੂੰ ਪੰਜਾਬ ਸਰਕਾਰ ਵੱਲੋਂ 40.80 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਗਈ ਹੈ। ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਡਾ. ਲਖਵਿੰਦਰ ਸਿੰਘ ਰੱਖੜਾ ਨੇ ਦੱਸਿਆ ਕਿ ਇਹ ਗ੍ਰਾਂਟ ਕਾਲਜ ਦੀ ਮੁਰੰਮਤ ਲਈ ਵਰਤੀ ਜਾਵੇਗੀ। ਉਨ੍ਹਾ ਦੱਸਿਆ ਕਿ ਇਹ ਗਰਾਂਟ ਪੀ ਡਬਲਿਊ ਡੀ ਵਿਭਾਗ ਬਰਨਾਲਾ ਨੂੰ ਪ੍ਰਾਪਤ ਹੋ ਚੁੱਕੀ ਹੈ ਤੇ ਜਲਦੀ ਹੀ ਕੰਮ ਦੇ ਟੈਂਡਰ ਲਗਾਏ ਜਾਣਗੇ। ਉਨ੍ਹਾ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਐੱਮ.ਐੱਲ.ਏ. ਭਦੌੜ ਸ੍ਰ. ਲਾਭ ਸਿੰਘ ਉਗੋਕੇ, ਰਵੀ ਢਿੱਲਵਾਂ ਤੇ ਬਿੰਦਰ ਸਿੰਘ ਖਾਲਸਾ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਸਟਾਫ ਮੈਂਬਰਾਂ ਤੋਂ ਇਲਾਵਾ ਪਾਲਾ ਢਿੱਲੋਂ, ਜਗਤਾਰ ਤਾਰੀ, ਪੰਮਾ ਵਾਦੀਆ, ਕੁਲਦੀਪ ਸਿੰਘ, ਬਬਲੀ ਸਿੰਘ, ਹਰਦੇਵ ਸਿੰਘ, ਅੰਮ੍ਰਿਤ ਸਿੰਘ, ਸੇਵਕ ਸਿੰਘ ਤੇ ਰਾਜਾ ਪੰਡਿਤ ਆਦਿ ਹਾਜ਼ਰ ਸਨ।

# ਅਗਰਵਾਲ ਧਰਮਸ਼ਾਲਾ ਤੇ ਸਕੂਲ ਕਮੇਟੀ ਦੀ ਚੋਣ ਨੂੰ ਲੈ ਕੇ ਸਾਬਕਾ ਪ੍ਰਧਾਨ ਨੇ ਮੌਜੂਦਾ ਕਮੇਟੀ 'ਤੇ ਲਾਏ ਦੋਸ਼

## ਅਜਲਾਸ ਨਾ ਬੁਲਾਉਣ 'ਤੇ 27 ਨੂੰ ਭੁੱਖ ਹੜਤਾਲ 'ਤੇ ਬੈਠਣ ਦਾ ਫੈਸਲਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ੍ਰੀ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੀ ਹਰ ਤਿੰਨ ਸਾਲ ਬਾਅਦ ਚੋਣ ਕਰਵਾਈ ਜਾਂਦੀ ਹੈ, ਜਿਸ ਦੀ ਮਿਆਦ 18 ਜਨਵਰੀ ਨੂੰ ਖਤਮ ਹੋਣ ਦੇ ਬਾਵਜੂਦ ਅਗਲੀ ਚੋਣ ਕਰਵਾਉਣ ਲਈ ਸਮੇਂ ਸਿਰ ਅਜਲਾਸ ਨਾ ਬੁਲਾਏ ਜਾਣ 'ਤੇ ਕਮੇਟੀ ਦੇ ਸਾਬਕਾ ਪ੍ਰਧਾਨ ਮਦਨ ਮਿੱਤਲ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਰਾਹੀਂ ਇਸ ਚੋਣ ਨੂੰ ਜਲਦੀ ਕਰਵਾਉਣ ਦੀ ਮੰਗ ਕੀਤੀ ਗਈ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਦਨ ਮਿੱਤਲ ਨੇ ਕਿਹਾ ਕਿ ਇਸ ਕਮੇਟੀ ਦੀ ਹਰ ਤਿੰਨ ਸਾਲ ਬਾਅਦ ਚੋਣ ਸ਼ਹਿਰ ਦੀ ਅਗਰਵਾਲ ਬਿਰਾਦਰੀ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਹੈ, ਜਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ ਪੁਰਾਣੀ ਕਮੇਟੀ ਵੱਲੋਂ ਅਜਲਾਸ ਬੁਲਾ ਕੇ ਆਪਣੇ ਤਿੰਨ ਸਾਲ ਦਾ ਲੇਖਾ-ਜੋਖਾ ਦੱਸਿਆ ਜਾਂਦਾ ਹੈ ਅਤੇ ਨਵੀਂ ਚੋਣ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ। ਚੋਣ ਕਮੇਟੀ ਕੁਝ ਦਿਨ ਦੀ ਪ੍ਰਕਿਰਿਆ ਤੋਂ ਬਾਅਦ ਚੋਣ ਕਰਵਾ ਕੇ ਨਵੀਂ ਕਮੇਟੀ ਦਾ ਗਠਨ ਕਰ ਦਿੰਦੀ ਹੈ। ਉਨ੍ਹਾ ਕਿਹਾ ਕਿ ਇਸ ਕਮੇਟੀ ਨੇ ਆਪਣੀ ਟਰਮ ਪੂਰੀ ਹੋਣ ਦੇ ਬਾਵਜੂਦ ਨਾ ਤਾਂ ਅਜਲਾਸ ਬੁਲਾਇਆ ਹੈ ਤੇ ਨਾ ਹੀ ਚੋਣ ਕਮੇਟੀ ਦਾ ਗਠਨ ਕੀਤਾ ਹੈ। ਮਦਨ ਮਿੱਤਲ ਨੇ ਕਿਹਾ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਹੈ ਕਿ ਕਮੇਟੀ ਅਜਲਾਸ ਚੱਲ ਰਹੇ ਮੰਦਰ ਦੇ ਕਾਰਜ ਨੂੰ ਪੂਰਾ ਕਰਵਾਉਣ ਦਾ ਬਹਾਨਾ ਲਗਾ ਕੇ 26 ਫਰਵਰੀ ਨੂੰ ਬੁਲਾ ਰਹੀ ਹੈ, ਜਦੋਂਕਿ ਮੰਦਰ ਦਾ ਨਿਰਮਾਣ ਕਾਰਜ ਪਿਛਲੇ ਦਸ ਸਾਲਾਂ ਤੋਂ ਚੱਲ ਰਿਹਾ ਹੈ ਤੇ ਇਸ ਦੌਰਾਨ ਵੱਖ-ਵੱਖ ਕਮੇਟੀਆਂ ਦਾ ਹੋਂਦ ਵਿੱਚ ਆਉਣ ਤੋਂ ਬਾਅਦ ਵੀ ਇਹ ਕਾਰਜ ਚੱਲਦਾ ਆ ਰਿਹਾ ਹੈ। ਉਨ੍ਹਾ ਕਿਹਾ ਕਿ ਮੇਰੀ ਪਿਛਲੀ ਟਰਮ ਵਿੱਚ ਵੀ ਮੰਦਰ ਤੋਂ ਇਲਾਵਾ ਹੋਰ ਕਾਰਜ ਵੀ ਅਧੂਰੇ ਰਹਿ ਗਏ ਸਨ, ਪਰ ਫਿਰ ਵੀ ਮੈਂ ਸਮੇਂ ਸਿਰ ਅਜਲਾਸ ਬੁਲਾ ਕੇ ਚੋਣ ਕਮੇਟੀ ਦਾ ਗਠਨ ਕੀਤਾ ਸੀ। ਉਨ੍ਹਾਂ ਅਗਰਵਾਲ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਇਹ ਚੋਣ ਕਰਵਾਉਣ ਲਈ ਅਜਲਾਸ ਬੁਲਾਉਣ ਲਈ ਅੱਗੇ ਆਉਣ। ਮਦਨ ਮਿੱਤਲ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਅਗਲੇ 2-3 ਦਿਨਾਂ 'ਚ ਅਗਰਵਾਲ ਬਿਰਾਦਰੀ ਦਾ ਅਜਲਾਸ ਨਾ ਬੁਲਾਇਆ ਗਿਆ ਤਾਂ ਉਹ 27 ਜਨਵਰੀ ਨੂੰ ਅਗਰਵਾਲ ਧਰਮਸ਼ਾਲਾ ਕਮੇਟੀ ਦੇ ਗੇਟ ਮੂਹਰੇ ਭੁੱਖ ਹੜਤਾਲ 'ਤੇ ਬੈਠ ਕੇ ਆਪਣਾ ਰੋਸ ਜ਼ਾਹਰ ਕਰਨਗੇ, ਜਿਸ ਦੀ ਜ਼ਿੰਮੇਵਾਰ ਮੌਜੂਦਾ ਕਮੇਟੀ ਦੀ ਹੋਵੇਗੀ। ਇਸ ਸੰਬਧੀ ਜਦੋਂ ਅਗਰਵਾਲ ਧਰਮਸ਼ਾਲਾ ਕਮੇਟੀ ਦੇ ਮੌਜੂਦਾ ਪ੍ਰਧਾਨ ਜੀਵਨ ਗਰਗ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।



# ਵਿਦਿਆਰਥੀਆਂ ਨੇ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ




ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਵਾਹੀ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਚੀਨੀ ਡੋਰ ਦੀ ਵਰਤੋਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਇਕੱਠ ਕਰਕੇ ਲੋਕਾਂ ਨੂੰ ਦੱਸਿਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਸ਼ਹਿਰ ਦੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਚੀਨੀ ਡੋਰ ਦੀ ਵਰਤੋਂ ਨਾ ਕਰਨ, ਕਿਉਂਕਿ ਇਹ ਮਨੁੱਖਾਂ ਤੇ ਪੰਛੀਆਂ ਲਈ ਖਤਰਨਾਕ ਹੈ। ਸਕੂਲ ਦੇ ਪ੍ਰਿੰਸੀਪਲ ਮੈਡਮ ਨਿੰਦਾ ਅਲਤਾਫ ਨੇ ਕਿਹਾ ਕਿ ਪੈਦਲ ਚੱਲਣ ਵਾਲਿਆਂ ਤੇ ਬਾਈਕ ਸਵਾਰਾਂ ਦੇ ਸਾਵਧਾਨ ਨਜ਼ਰੀਏ ਦੇ ਬਾਵਜੂਦ ਚੀਨੀ ਡੋਰ ਅਚਾਨਕ ਜਾਨਲੇਵਾ ਸੱਟਾਂ ਦਾ ਕਾਰਨ ਬਣਦੀ ਹੈ। ਸ਼ਹਿਰੀ ਖੇਤਰ ਵਿੱਚ ਇਸ ਡੋਰ ਦੀ ਵਰਤੋਂ ਕਰਨ ਨਾਲ ਬਿਜਲੀ ਦੇ ਕਰੰਟ ਲੱਗਣ ਦੀਆਂ ਘਟਨਾਵਾਂ ਵੀ ਸਾਡੇ ਸਾਹਮਣੇ ਆ ਰਹੀਆਂ ਹਨ। ਐੱਨ.ਐੱਸ.ਐੱਸ. ਯੂਨਿਟ ਇੰਚਾਰਜ ਪਾਵੇਲ ਬਾਂਸਲ ਨੇ ਇਸ 'ਮਾਰੂ ਦੁਸ਼ਮਣ' ਦਾ ਮੁਕੰਮਲ ਤੌਰ 'ਤੇ ਬਾਈਕਾਟ ਕਰਨ 'ਤੇ ਜ਼ੋਰ ਦਿੱਤਾ। ਐੱਨ.ਐੱਸ.ਐੱਸ. ਯੂਨਿਟ ਦੇ ਸਹਾਇਕ ਪੰਕਜ ਬਾਂਸਲ ਨੇ ਨਿਯਮਤ ਸੂਤੀ ਧਾਗੇ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ, ਚਾਈਨਾ ਡੋਰ ਦੀ ਵਰਤੋਂ ਨਾ ਕਰਕੇ ਅਸੀਂ ਪੰਛੀਆਂ ਤੇ ਇਨਸਾਨਾਂ ਦੀ ਜਾਨ ਬਚਾ ਸਕਦੇ ਹਾਂ। ਚਾਈਨਾ ਡੋਰ 'ਤੇ ਸੰਪੂਰਨ ਪਾਬੰਦੀ ਲਗਾਉਣ ਨਾਲ ਵੱਡੇ ਪੱਧਰ 'ਤੇ ਜਾਨੀ ਨੁਕਸਾਨ ਤੋਂ ਬਚਾਅ ਹੋ ਸਕਦਾ ਹੈ। ਰੈਲੀ ਦੀ ਅਗਵਾਈ ਕਰ ਰਹੇ ਸਕੂਲ ਦੇ ਇੱਕ ਵਿਦਿਆਰਥੀ ਪ੍ਰਭਜੋਤ ਸਿੰਘ ਨੇ ਕਿਹਾ ਕਿ ਹਾਨੀਕਾਰਕ ਪਦਾਰਥਾਂ ਨਾਲ ਲੇਪ ਕੀਤੇ ਨਾਈਲੋਨ ਜਾਂ ਸਿੰਥੈਟਿਕ ਧਾਗੇ ਨਾ ਸਿਰਫ ਮਨੁੱਖਾਂ ਲਈ ਖਤਰਨਾਕ ਹਨ, ਸਗੋਂ ਪੰਛੀਆਂ ਲਈ ਵੀ ਜਾਨਲੇਵਾ ਹਨ। ਸਕੂਲੀ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਖੇਡ ਮੰਤਰੀ ਦੇ ਓ ਐੱਸ ਡੀ ਹਸਨਪ੍ਰੀਤ ਭਾਰਦਵਾਜ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਮੁਹਿੰਮ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਲੋਕ ਭਲਾਈ ਦੇ ਕਾਰਜ 'ਚ ਸਹਿਯੋਗ ਦੇਣ ਲਈ ਜ਼ਿਲ੍ਹਾ ਖਜ਼ਾਨਾ ਅਫਸਰ ਬਲਵੰਤ ਸਿੰਘ, ਸਿਮਰਦੀਪ ਸਿੰਘ ਡੀ ਐੱਮ ਸਪੋਰਟਸ, ਪ੍ਰਿੰਸੀਪਲ ਕਸ਼ਮੀਰ ਸਿੰਘ, ਸੁਨੀਲ ਕੁਮਾਰ, ਮਲਕੀਤ ਸਿੰਘ ਡੀ ਪੀ ਈ, ਮੱਲ ਸਿੰਘ, ਨੀਰਜ ਕੁਮਾਰ ਆਦਿ ਨੇ ਹਾਜ਼ਰੀ ਲਗਵਾਈ।

# ਮਾਤਾ ਕਾਂਤਾ ਦੇਵੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



ਧੂਰੀ (ਸੁਖਦੇਵ ਧੂਰੀ)-ਡਾ. ਧਰਮ ਚੰਦ ਬਾਤਿਸ਼ ਦੀ ਧਰਮ ਪਤਨੀ ਬੀਬੀ ਕਾਂਤਾ ਦੇਵੀ ਦੀ ਅੰਤਮ ਅਰਦਾਸ ਮੌਕੇ ਵੱਖ-ਵੱਖ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਵਿੱਦਿਅਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰਦੁਆਰਾ ਹਾਅ ਦਾ ਨਾਅਰਾ ਮਲੇਰਕੋਟਲਾ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਬੀਬੀ ਕਾਂਤਾ ਦੇਵੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੇ ਮਾਤਾ ਜੀ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਉਨ੍ਹਾਂ ਨੂੰ ਮਿਹਨਤ, ਸਿਰੜ ਤੇ ਪਿਆਰ ਦਾ ਮੁਜੱਸਮਾ ਕਰਾਰ ਦਿੰਦੇ ਹੋਏ ਕਿਹਾ ਕਿ ਮਾਤਾ ਜੀ ਨੇ ਪਰਵਾਰ ਦੀ ਪਰਵਰਿਸ਼ ਦੇ ਬਹੁਤ ਹੀ ਉੱਚ ਮਿਆਰ ਸਥਾਪਤ ਕੀਤੇ ਹਨ ਅਤੇ ਵਾਤਿਸ਼ ਪਰਵਾਰ ਦਾ ਨਾਂਅ ਪੂਰੇ ਪੰਜਾਬ ਵਿੱਚ ਰੌਸ਼ਨ ਕੀਤਾ। ਇਸ ਮੌਕੇ ਡਾ ਧਰਮ ਚੰਦ ਵਾਤਿਸ਼ ਨੂੰ ਸਿਰੋਪਾਓ ਦੀ ਬਖਸ਼ਿਸ਼ ਵੀ ਕੀਤੀ ਗਈ। ਇਸ ਮੌਕੇ ਵੱਖ-ਵੱਖ ਜ਼ਿਲ੍ਹਿਆਂ ਦੇ ਸਿੱਖਿਆ ਅਧਿਕਾਰੀਆਂ ਤੋਂ ਇਲਾਵਾ ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਪ੍ਰਧਾਨ ਦਿਗ ਵਿਜੇ ਪਾਲ ਸ਼ਰਮਾ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਹਰਚੰਦਪੁਰੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾਕਟਰ ਸੁਖਦੇਵ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਖੁਸਵਿੰਦਰ ਕੁਮਾਰ, ਜਥੇਦਾਰ ਹਰਦੇਵ ਸਿੰਘ ਸੇਹਕੇ, ਡਾਕਟਰ ਮੁਹੰਮਦ ਇਕਬਾਲ, ਅਵਤਾਰ ਸਿੰਘ ਢਢੋਗਲ, ਨਵਜੋਤ ਸਿੰਘ ਜਰਗ ਤੇ ਵਿਨੋਦ ਹਾਂਡਾ ਆਦਿ ਵੀ ਹਾਜ਼ਰ ਸਨ।

# ਐਮੀਨੈਂਸ ਸਕੂਲਾਂ 'ਚ ਜੌਗਰਫ਼ੀ ਵਿਸ਼ਾ ਚਾਲੂ ਕਰਨ ਦੀ ਮੰਗ

ਮੋਗਾ (ਅਮਰਜੀਤ ਬੱਬਰੀ)-ਜੌਗਰਫ਼ੀ ਪੋਸਟ ਗਰੈਜੂਏਟ ਟੀਚਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਲੈਕਚਰਾਰ ਸੁਖਜਿੰਦਰ ਸਿੰਘ ਸੁੱਖੀ ਤੇ ਮੀਤ ਪ੍ਰਧਾਨ ਲੈਕਚਰਾਰ ਨਰੇਸ਼ ਸਲੂਜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਪੰਜਾਬ ਦੇ ਕੁੱਲ 2026 ਸੀਨੀਅਰ ਸੈਕੰਡਰੀ ਲਈ ਲੈਕਚਰਾਰਾਂ ਦੀਆਂ ਕੁੱਲ ਮੰਨਜ਼ੂਰਸ਼ੁਦਾ 13252 ਆਸਾਮੀਆਂ ਵਿੱਚੋਂ ਭੂਗੋਲ ਵਿਸ਼ੇ ਦੇ ਲੈਕਚਰਾਰਾਂ ਦੀਆਂ ਕੇਵਲ 357 ਮੰਨਜ਼ੂਰ ਆਸਾਮੀਆਂ ਹੋਣ ਕਰਕੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਅੱਖੋਂ ਪਰੋਖੇ ਕੀਤੇ ਜਾਣ ਤੇ ਇਸ ਵਿਤਕਰੇ ਨੂੰ ਦੂਰ ਕਰਵਾਉਣ ਬਾਰੇ ਡੂੰਘੀ ਵਿਚਾਰ ਚਰਚਾ ਕੀਤੀ ਗਈ ਅਤੇ ਪੰਜਾਬ ਸਰਕਾਰ ਵੱਲੋਂ ਅੱਪਗ੍ਰੇਡ ਕੀਤੇ ਜਾ ਰਹੇ 117 ਐਮੀਨੈਂਸ ਸਕੂਲਾਂ ਵਿੱਚ ਜੌਗਰਫ਼ੀ ਵਿਸ਼ਾ ਚਾਲੂ ਕਰਵਾਉਣ ਬਾਰੇ ਵੀ ਚਰਚਾ ਹੋਈ। ਜਥੇਬੰਦੀ ਦੇ ਸੂਬਾ ਸਕੱਤਰ ਸ਼ਮਸ਼ੇਰ ਸਿੰਘ ਸ਼ੈਰੀ ਨੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਮੌਜੂਦਾ ਸਮੇਂ ਜੌਗਰਫ਼ੀ ਲੈਕਚਰਾਰਾਂ ਦੀਆਂ ਮੰਨਜ਼ੂਰਸ਼ੁਦਾ 357 ਆਸਾਮੀਆਂ ਵਿੱਚੋਂ ਵੀ 130 ਆਸਾਮੀਆਂ ਖਾਲੀ ਪਈਆਂ ਹਨ ਤੇ ਇਨ੍ਹਾਂ ਨੂੰ ਵੀ ਜਾਣ-ਬੁੱਝ ਕੇ ਈ-ਪੰਜਾਬ ਪੋਰਟਲ 'ਤੇ ਦਰਸਾਇਆ ਹੀ ਨਹੀਂ ਜਾ ਰਿਹਾ, ਜਿਸ ਨਾਲ ਇਨ੍ਹਾਂ ਨੂੰ ਭਰਨ ਦਾ ਕੰਮ ਰੁਕਿਆ ਹੋਇਆ ਹੈ। ਜਥੇਬੰਦੀ ਦੇ ਖਜ਼ਾਨਚੀ ਚਮਕੌਰ ਸਿੰਘ ਮੋਗਾ ਨੇ ਦੱਸਿਆ ਕਿ ਜੌਗਰਫ਼ੀ ਵਿਸ਼ੇ ਲੈਕਚਰਾਰਾਂ ਦੀਆਂ ਆਸਾਮੀਆਂ ਦੀ ਤੁਲਨਾ ਵਿੱਚ ਹਿਊਮੈਨਿਟੀਜ਼ ਗਰੁੱਪ ਦੇ ਵਿਸ਼ੇ ਇਤਿਹਾਸ ਦੀਆਂ 1448, ਰਾਜਨੀਤੀ ਸ਼ਾਸਤਰ ਦੀਆਂ 1425 ਤੇ ਅਰਥ-ਸ਼ਾਸਤਰ ਦੀਆਂ 1193 ਆਸਾਮੀਆਂ ਮੰਨਜ਼ੂਰ ਹਨ। ਮੀਟਿੰਗ ਦੌਰਾਨ ਜਥੇਬੰਦੀ ਦੇ ਆਗੂ ਤੇਜਵੀਰ ਸਿੰਘ ਤੇ ਮੈਡਮ ਅਮਨਦੀਪ ਕੌਰ ਨੇ ਤੱਥ ਤੇ ਅੰਕੜੇ ਪੇਸ਼ ਕੀਤੇ ਕਿ ਪੰਜਾਬ ਦੇ ਮੁਕਾਬਲੇ ਗੁਆਂਢੀ ਰਾਜ ਹਰਿਆਣਾ ਨੇ 2012 ਵਿੱਚ ਜੌਗਰਫ਼ੀ ਵਿਸ਼ੇ ਦੇ 710 ਲੈਕਚਰਾਰਾਂ ਤੇ ਰਾਜਸਥਾਨ ਸਰਕਾਰ ਵੱਲੋਂ ਸਾਲ 2022 ਵਿੱਚ ਸਿੱਧੀ ਭਰਤੀ ਰਾਹੀਂ 793 ਜੌਗਰਫ਼ੀ ਲੈਕਚਰਾਰਾਂ ਨੂੰ ਨਿਯੁਕਤ ਕੀਤਾ ਗਿਆ। ਮੀਟਿੰਗ ਦੌਰਾਨ ਮੰਗ ਕੀਤੀ ਗਈ ਇਸ ਵਿਸ਼ੇ ਦੀਆਂ ਦੀ ਆਸਾਮੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਅੱਪਗ੍ਰੇਡ ਕੀਤੇ ਗਏ 117 ਐਮੀਨੈਂਸ ਸਕੂਲਾਂ 'ਚ ਜੌਗਰਫ਼ੀ ਲੈਕਚਰਾਰ ਦੀ ਆਸਾਮੀ ਦੇ ਕੇ ਵਿਦਿਆਰਥੀਆਂ ਨੂੰ ਇਹ ਵਿਸ਼ਾ ਪੜ੍ਹਨ ਦੀ ਸਹੂਲਤ ਦਿੱਤੀ ਜਾਵੇ ਤੇ ਖਾਲੀ ਪਈਆਂ 130 ਆਸਾਮੀਆਂ ਨੂੰ ਈ-ਪੰਜਾਬ ਪੋਰਟਲ ਦਰਸਾ ਕੇ ਪਦਉੱਨਤੀ ਤੇ ਸਿੱਧੀ ਭਰਤੀ ਲਈ ਭਰਿਆ ਜਾਵੇ ਅਤੇ ਇਹ ਵਿਸ਼ਾ ਪੜ੍ਹਾਏ ਜਾਣ ਵਾਲੇ ਸਕੂਲਾਂ ਵਿੱਚ ਜੌਗਰਫ਼ੀ ਲੈਬ ਦੇ ਪ੍ਰਬੰਧ ਕੀਤੇ ਜਾਣ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਬਠਿੰਡਾ ਸ਼ੰਕਰ ਲਾਲ ਤੇ ਜ਼ਿਲ੍ਹਾ ਪ੍ਰਧਾਨ ਮੋਗਾ ਜਤਿੰਦਰ ਸਿੰਘ ਤੋਂ ਇਲਾਵਾ ਲੈਕਚਰਾਰ ਖਰੈਤ ਚੰਦ, ਭੁਪਿੰਦਰ ਕੌਰ, ਸ਼ਵਿੰਦਰ ਕੌਰ, ਭਗਵਾਨ ਸਿੰਘ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਜਸਵੀਰ ਸਿੰਘ, ਪੂਨਮ ਬਾਘਲਾ, ਮਨਜੀਤ ਸਿੰਘ, ਸਰਬਜੀਤ ਕੌਰ, ਗੁਰਪ੍ਰੀਤ ਕੌਰ, ਜਸਵੀਰ ਕੌਰ, ਪਰਮਜੀਤ ਕੌਰ, ਅਮਨਪ੍ਰੀਤ ਸਿੰਘ, ਅਮਰਜੀਤ ਕੌਰ, ਮੋਨਿਕਾ ਸ਼ਰਮਾ, ਕਮਲਜੀਤ ਕੌਰ, ਰਵਿੰਦਰ ਕੌਰ, ਦਵਿੰਦਰ ਸਿੰਘ, ਰੀਟਾ ਰਾਣੀ, ਸੁਖਪ੍ਰੀਤ ਸਿੰਘ, ਸੁਖਵਿੰਦਰ ਸਿੰਘ ਤੇ ਜਗਸੀਰ ਸਿੰਘ ਨੇ ਸ਼ਮੂਲੀਅਤ ਕੀਤੀ।




ਜੌਗਰਫ਼ੀ ਪੋਸਟ ਗਰੈਜੂਏਟ ਟੀਚਰਜ਼ ਯੂਨੀਅਨ ਦੇ ਮੈਂਬਰ ਮੀਟਿੰਗ ਉਪਰੰਤ ਪ੍ਰਦਰਸ਼ਨ ਦੌਰਾਨ ਮੰਗਾਂ ਸਾਂਝੀਆਂ ਕਰਦੇ ਹੋਏ।

# ਜਿਹੜਾ ਦੁਕਾਨਦਾਰ ਚਾਇਨਾ ਡੋਰ ਵੇਚਦਾ ਫੜਿਆ ਗਿਆ ਉਹ ਬਸੰਤ ਪੰਚਮੀ ਜੇਲ੍ਹ 'ਚ ਮਨਾਏਗਾ : ਡੀ ਐੱਸ ਪੀ

## ਡਰੋਨ ਰਾਹੀਂ ਸ਼ਹਿਰ ਦੇ ਚੱਪੇ-ਚੱਪੇ 'ਤੇ ਨਿਗ੍ਹਾ ਹੋਵੇਗੀ

ਸਮਰਾਲਾ (ਸੁਰਜੀਤ ਸਿੰਘ)-ਜ਼ਿੰਦਗੀ ਲਈ ਘਾਤਕ ਬਣੀ ਚਾਈਨਾ ਡੋਰ ਖਿਲਾਫ ਜਿੱਥੇ ਸੂਬਾ ਸਰਕਾਰ ਸਖਤ ਹੈ, ਉੱਥੇ ਅੱਜ ਵਰਿਆਮ ਸਿੰਘ ਡੀ ਐੱਸ ਪੀ ਸਮਰਾਲਾ ਨੇ ਸਥਾਨਕ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਚਾਈਨਾ ਡੋਰ ਖਿਲਾਫ 'ਜ਼ੀਰੋ ਟੌਲਰੈਂਸ' ਦੀ ਪਾਲਸੀ ਵਰਤ ਕੇ ਕਾਰਵਾਈ ਕੀਤੀ ਜਾਵੇਗੀ। ਜਿਹੜੇ ਦੁਕਾਨਦਾਰ ਚਾਈਨਾ ਡੋਰ ਵੇਚਦੇ ਫੜੇ ਗਏ ਤੇ ਜਿਹੜੇ ਪਤੰਗਬਾਜ਼ੀ ਦੇ ਸ਼ੌਕੀਨ ਚਾਈਨਾ ਡੋਰ ਵਾਲੀ ਪਤੰਗ ਉਡਾਉਂਦੇ ਫੜੇ ਗਏ, ਉਹ ਇਹ ਸਮਝ ਲੈਣ ਕੇ ਉਨ੍ਹਾਂ ਦੀ ਬਸੰਤ ਪੰਚਮੀ ਜੇਲ੍ਹ ਵਿੱਚ ਹੀ ਮੰਨੇਗੀ। ਉਨ੍ਹਾ ਕਿਹਾ ਕਿ ਦੋਸ਼ੀ ਭਾਵੇਂ ਕਿੰਨੇ ਵੀ ਅਸਰ-ਰਸੂਖ ਵਾਲੇ ਕਿਉਂ ਨਾ ਹੋਣ, ਉਨ੍ਹਾਂ ਦੇ ਖਿਲਾਫ ਮੁਕੱਦਮਾ ਦਰਜ ਹੋਵੇਗਾ। ਉਨ੍ਹਾ ਕਿਹਾ ਕਿ ਚਾਈਨਾ ਡੋਰ ਅਜਿਹੀ ਘਾਤਕ ਡੋਰ ਹੈ ਕਿ ਦੋ ਪਹੀਆ ਵਾਹਨ ਚਲਾਉਂਦੇ ਹੋਏ ਜਿਸ ਦੇ ਵੀ ਗਲੇ ਵਿੱਚ ਫਸ ਗਈ ਤਾਂ ਇਹ ਜਾਨ ਵੀ ਲੈ ਸਕਦੀ ਹੈ। ਉਨ੍ਹਾ ਕਿਹਾ ਕਿ ਅਜਿਹੇ ਕੇਸਾਂ ਵਿੱਚ ਦੋਸ਼ੀ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਜਾਵੇਗਾ। ਉਨ੍ਹਾ ਕਿਹਾ ਵੇਚਣ ਤੇ ਖਰੀਦਣ ਵਾਲੇ ਦੋਹਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਜਾਵੇਗਾ। ਜਿਹੜੇ ਨਾਬਾਲਗ ਬੱਚਿਆਂ ਨੂੰ ਪਤੰਗ ਉਡਾਉਣ ਲਈ ਉਨ੍ਹਾਂ ਦੇ ਮਾਪੇ ਚਾਈਨਾ ਡੋਰ ਮੁਹੱਈਆ ਕਰਾਉਣਗੇ, ਉਨ੍ਹਾਂ 'ਤੇ ਵੀ ਬਣਦੀਆਂ ਧਾਰਾਵਾਂ ਅਧੀਨ ਕੇਸ ਦਰਜ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਸਮਰਾਲਾ ਤੇ ਮਾਛੀਵਾੜਾ ਦੇ ਸ਼ਹਿਰੀ ਖੇਤਰਾਂ 'ਚ ਕੋਠਿਆਂ 'ਤੇ ਚੜ੍ਹੇ ਪਤੰਗਬਾਜ਼ਾਂ ਵਿਰੁੱਧ ਡਰੋਨ ਰਾਹੀਂ ਨਿਗਾਹੇਬਾਨੀ ਕੀਤੀ ਜਾਵੇਗੀ ਤੇ ਇਹ ਸਿਲਸਿਲਾ ਬਸੰਤ ਪੰਚਮੀ ਤੱਕ ਮੁਸੱਲਸਲ ਜਾਰੀ ਰਹੇਗਾ। ਉਨ੍ਹਾ ਦੱਸਿਆ ਕਿ ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਪਿੰਡਾਂ ਦੇ ਗੁਰਦੁਆਰਿਆਂ ਰਾਹੀਂ ਮੁਨਾਦੀ ਕਰਵਾਈ ਗਈ ਹੈ ਤੇ ਨਾਲ ਹੀ ਇਹ ਜ਼ਿੰਮੇਵਾਰੀ ਪਿੰਡ ਦੀ ਪੰਚਾਇਤ ਤੇ ਵਿਸ਼ੇਸ਼ ਕਰਕੇ ਸਰਪੰਚਾਂ ਨੂੰ ਵੀ ਦਿੱਤੀ ਗਈ ਹੈ। ਸ਼ਹਿਰ 'ਚ ਵੀ ਸਪੀਕਰ ਤੇ ਆਮ ਮੁਨਾਦੀ ਕਰਾਈ ਜਾ ਰਹੀ ਹੈ।



CMYK

# ਟੋਲ ਪਲਾਜ਼ਾ ਤਜਵੀਜ਼ ਰੱਦ ਕਰਵਾਉਣ ਲਈ ਧਰਨਾ 23ਵੇਂ ਦਿਨ 'ਚ ਦਾਖਲ

## ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਅੱਜ ਕੀਤੀ ਧਰਨੇ 'ਚ ਭਰਵੀਂ ਸ਼ਮੂਲੀਅਤ



ਧਾਰੀਵਾਲ, ਕਲਾਨੌਰ (ਮਨਦੀਪ ਸਿੰਘ ਵਿੱਕੀ/ਮਨਦੀਪ ਕੌਹਲੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਸੰਘਰਸ਼ ਕਮੇਟੀ ਖਹਿਰਾ ਕੋਟਲੀ ਗੁਰਦਾਸਪੁਰ ਵਲੋਂ ਇਥੋਂ ਨਜ਼ਦੀਕ ਖਹਿਰਾ ਕੋਟਲੀ 'ਚ ਟੋਲ ਪਲਾਜ਼ੇ ਦੀ ਤਜਵੀਜ਼ ਨੂੰ ਰੱਦ ਕਰਵਾਉਣ ਲਈ ਚੱਲ ਰਹੇ ਧਰਨੇ ਦੇ 23ਵੇਂ ਦਿਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦਾ ਜਥਾ ਸ਼ਮਸ਼ੇਰ ਸਿੰਘ ਨਵਾਂ ਪਿੰਡ ਸੂਬਾਈ ਜਾਇੰਟ ਸਕੱਤਰ, ਖੁਸ਼ਪ੍ਰੀਤ ਸਿੰਘ ਕਲਾਨੌਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਨੌਜਵਾਨ ਧਰਨੇ ਵਿੱਚ ਸ਼ਾਮਲ ਹੋਏ।

ਧਰਨੇ 'ਤੇ ਬੈਠੇ ਨੌਜਵਾਨ ਸਾਥੀਆਂ ਨੂੰ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ, ਪ੍ਰੈੱਸ ਸਕੱਤਰ ਸਰਦੂਲ ਸਿੰਘ, ਬਲਜੀਤ ਸਿੰਘ, ਬਲਕਾਰ ਸਿੰਘ ਨੜਾਂਵਾਲੀ, ਪੰਜਾਬ ਕਿਸਾਨ ਸਭਾ ਵਲੋਂ ਜਰਨੈਲ ਸਿੰਘ, ਸਾਬਕਾ ਸੈਨਿਕ ਸੰਘਰਸ਼ ਕਮੇਟੀ ਵਲੋਂ ਪੇਮ ਸਿੰਘ, ਬੀਕੇਯੂ ਏਕਤਾ ਉਗਰਾਹਾਂ ਵਲੋਂ ਨਾਜਰ ਸਿੰਘ, ਟਰਾਂਸਪੋਰਟ ਯੂਨੀਅਨ ਵਲੋਂ ਕੁਲਦੀਪ ਸਿੰਘ ਸ਼ਹੂਰ, ਬਲਬੀਰ ਸਿੰਘ ਕਿਲਾ ਨੱਥੂ ਸਿੰਘ, ਪੰਜਾਬ ਕਿਸਾਨ ਯੂਨੀਅਨ ਹਰਬੰਸ ਸਿੰਘ, ਹਰਜਿੰਦਰ ਸਿੰਘ ਆਦਿ ਨੇ ਧਰਨਾਕਾਰੀਆਂ ਨੂੰ ਹਾਰ ਪਾ ਕੇ ਧਰਨੇ 'ਤੇ ਬੈਠਾਇਆ।

ਇਸ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਮਸ਼ੇਰ ਸਿੰਘ ਨਵਾਂ ਪਿੰਡ ਅਤੇ ਖੁਸ਼ਪ੍ਰੀਤ ਸਿੰਘ ਕਲਾਨੌਰ ਨੇ ਕਿਹਾ ਕਿ ਟੋਲ ਪਲਾਜ਼ਾ ਲੱਗਣ ਨਾਲ ਲੋਕਾਂ ਉੱਪਰ ਵਾਧੂ ਆਰਥਿਕ ਬੋਝ ਪਵੇਗਾ ਕਿਉਂਕਿ ਇਸ ਰੋਡ ਉੱਪਰ ਕਲਾਨੌਰ, ਡੇਰਾ ਬਾਬਾ ਨਾਨਕ, ਧਿਆਨਪੁਰ ਆਦਿ ਥਾਵਾਂ 'ਤੇ ਧਾਰਮਿਕ ਅਤੇ ਇਤਿਹਾਸਿਕ ਅਸਥਾਨ ਹਨ ਅਤੇ ਇਨ੍ਹਾਂ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਵਾਲਿਆਂ ਸੰਗਤਾਂ ਉੱਪਰ ਵੀ ਇਸ ਟੋਲ ਪਲਾਜ਼ੇ ਦਾ ਅਸਰ ਪਾਵੇਗਾ ਜਦਕਿ ਸੰਗਤਾਂ ਪਹਿਲਾਂ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਲੱਗੀ 20 ਡਾਲਰ ਫੀਸ ਖਤਮ ਕਰਨ ਦੀ ਮੰਗ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਜਦ ਤੱਕ ਸਰਕਾਰ ਇਸ ਟੋਲ ਪਲਾਜ਼ੇ ਦੀ ਤਜਵੀਜ਼ ਨੂੰ ਰੱਦ ਨਹੀਂ ਕਰ ਦਿੰਦੀ ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਸੁਖਚਰਨ ਸਿੰਘ ਕਲਾਨੌਰ, ਸਤਨਾਮ ਸਿੰਘ, ਲਵਪ੍ਰੀਤ ਸਿੰਘ, ਨਿਸ਼ਾਨ ਸਿੰਘ, ਰਣਜੀਤ ਸਿੰਘ, ਅਮਪਾਲ ਸਿੰਘ, ਸੁਖਦੇਵ ਸਿੰਘ ਭੀਖੋਵਾਲੀ, ਸੁੱਚਾ ਮਸੀਹ ਵਿਰਕ, ਸਾਹਿਲ ਮਸੀਹ, ਅਮਨਦੀਪ ਸਿੰਘ ਅਗਵਾਨ, ਗੁਰਵਿੰਦਰ ਸਿੰਘ ਰਹੀਮਾਬਾਦ, ਅਤਿੰਦਰਪਾਲ ਸਿੰਘ, ਹਰਮਨਪ੍ਰੀਤ ਸਿੰਘ, ਜਗਰੂਪ ਸਿੰਘ, ਗੁਰਵਿਕਰਮ ਸਿੰਘ, ਰਜਿੰਦ ਸਿੰਘ, ਰਜਿੰਦਰ ਸਿੰਘ, ਮੇਹਰ ਸਿੰਘ ਤਲਵੰਡੀ ਗੁਰਾਇਆ, ਵਕੀਲ ਸਿੰਘ, ਮੇਜਰ ਸਿੰਘ, ਮਜਿੰਦਰ ਸਿੰਘ, ਮਨਪ੍ਰੀਤ ਸਿੰਘ, ਜਸਕਰਨ ਸਿੰਘ ਅਤੇ ਚਮਕੌਰ ਸਿੰਘ ਕਲਾਨੌਰ ਆਦਿ ਹਾਜ਼ਰ ਸਨ।

# 11 ਫਰਵਰੀ ਦੀ ਲੋਕ ਅਦਾਲਤ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ



ਤਰਨਤਾਰਨ (ਪ੍ਰਿਤਪਾਲ ਸਿੰਘ)- ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਪ੍ਰਿਆ ਸੂਦ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਤਿਮਾ ਅਰੋੜਾ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨਤਾਰਨ ਵੱਲੋਂ ਪਿੰਡ ਨੰਦਪੁਰ, ਖੱਬੇ ਰਾਜਪੂਤਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੈਰੋਂ ਵਿਖੇ ਵਕੀਲਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਰਾਹੀਂ 11.02.2023 ਨੂੰ ਲੱਗ ਰਹੀ ਲੋਕ ਅਦਾਲਤ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਵੱਲੋਂ ਸੈਮੀਨਾਰ ਦਾ ਆਯੋਜਿਤ ਕੀਤਾ ਗਿਆ।

ਇਸ ਸੈਮੀਨਾਰ ਵਿੱਚ ਮਨਦੀਪ ਸਿੰਘ ਵਕੀਲ ਅਤੇ ਯਾਦਵਿੰਦਰ ਸਿੰਘ ਪੀ. ਐਲ. ਵੀ. ਨੇ 11 ਫਰਵਰੀ ਨੂੰ ਲੱਗ ਰਹੀ ਲੋਕ ਅਦਾਲਤ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨਤਾਰਨ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ। ਇਸ ਵਿੱਚ ਪਿੰਡ ਵਾਸੀਆਂ ਨੂੰ ਦੱਸਿਆ ਕਿ ਲੋਕ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਦੋਵਾਂ ਧਿਰਾਂ ਦਾ ਪੈਸਾ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਅਦਾਲਤਾਂ ਵਿੱਚ ਪੈਂਡਿੰਗ ਪਏ ਹੋਣ, ਲੋਕ ਅਦਾਲਤ ਵਿੱਚ ਫੈਸਲੇ ਲਈ ਸ਼ਾਮਿਲ ਕੀਤੇ ਜਾਂਦੇ ਹਨ। ਜੋ ਝਗੜਾ ਅਦਾਲਤ ਵਿੱਚ ਨਾ ਚੱਲਦਾ ਹੋਵੇ ਉਹ ਮਾਮਲਾ ਵੀ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਲਿਆਂਦਾ ਜਾ ਸਕਦਾ ਹੈ। ਵਕੀਲ ਸਾਹਿਬ ਨੇ ਦੱਸਿਆ ਕਿ ਪੰਜਾਬ ਰਾਜ ਦੀਆਂ ਸਾਰੀਆਂ ਕਚਹਿਰੀਆਂ/ਅਦਾਲਤਾਂ ਵਿੱਚ ਹਰ ਮਹੀਨੇ ਦੇ ਅਖੀਰਲੇ ਕੰਮਕਾਜੀ ਸ਼ਨੀਵਾਰ ਲੋਕ ਅਦਾਲਤ ਲਗਾਈ ਜਾਂਦੀ ਹੈ। ਇਸ ਦੇ ਨਾਲ-ਨਾਲ ਲੇਬਰ ਕੋਰਟ, ਉਪਭੋਗਤਾ ਕੋਰਟ ਵਿੱਚ ਹਰ ਮਹੀਨੇ ਦੇ ਅਖੀਰਲੇ ਸ਼ੁੱਕਰਵਾਰ ਲੋਕ ਅਦਾਲਤ ਲਗਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕੇ ਲੋਕ ਅਦਾਲਤ ਵਿੱਚ ਕੇਸ ਲਗਾਉਣ ਦਾ ਬਹੁਤ ਅਸਾਨ ਤਰੀਕਾ ਹੈ ਜਿਵੇਂ ਲੋਕ ਅਦਾਲਤ ਵਿੱਚ ਕੇਸ ਲਗਵਾਉਣ ਦੇ ਚਾਹਵਾਨ ਵਿਅਕਤੀ ਸੰਬੰਧਿਤ ਅਦਾਲਤ ਦੇ ਜੱਜ ਸਾਹਿਬਾਨ ਨੂੰ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨਤਾਰਨ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ।

ਵਕੀਲ ਸਾਹਿਬ ਨੇ ਦੱਸਿਆ ਕਿ ਲੋਕ ਅਦਾਲਤ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਕਿ ਇਸਦੇ ਫੈਸਲੇ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਇਸਦੇ ਫੈਸਲੇ ਦੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ, ਇਸਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਨਾਲ ਧਿਰਾਂ ਵਿੱਚ ਦੁਸ਼ਮਣੀ ਘਟਦੀ ਹੈ ਅਤੇ ਧਿਰਾਂ ਵਿੱਚ ਭਾਈਚਾਰਾ ਵੱਧਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲੇ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ।

# ਕੌਮੀ ਇਨਸਾਫ ਮੋਰਚੇ ਨੂੰ ਮਿਲੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਪੂਰਨ ਹਮਾਇਤ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਅੱਜ ਕੌਮੀ ਇਨਸਾਫ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗੁੰਮ ਹੋਣ ਸੰਬੰਧੀ ਲੱਗੇ ਮੋਰਚੇ ਦੀ ਹਮਾਇਤ ਕਰਦਿਆਂ ਜ਼ੋਨ ਸ੍ਰੀ ਖਡੂਰ ਸਾਹਿਬ ਦੇ ਪ੍ਰਧਾਨ ਪਾਖਰ ਸਿੰਘ ਲਾਲਪੁਰਾ ਅਤੇ ਪ੍ਰਿੰਸੀਪਲ ਨਵਤੇਜ ਸਿੰਘ ਏਕਲਗੱਡਾ ਨੇ ਸਾਂਝੇ ਲਿਖਤੀ ਪ੍ਰੈੱਸ ਨੋਟ 'ਚ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਇਸ ਮੋਰਚੇ ਦੀ ਹਮਾਇਤ ਵਿੱਚ 1 ਫਰਵਰੀ ਨੂੰ ਚੰਡੀਗੜ੍ਹ ਵਿਖੇ ਲੱਗੇ ਮੋਰਚੇ ਵਿੱਚ ਵੱਧ ਤੋਂ ਵੱਧ ਸੰਗਤ ਲੈ ਕੇ ਪਹੁੰਚਣਗੇ। ਜਥੇਬੰਦੀ ਨੇ ਮੋਰਚੇ ਦੀ ਹਮਾਇਤ ਕਰਦਿਆਂ ਕਿਹਾ ਕਿ ਅਜੇ ਤੱਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਕੋਈ ਵੀ ਸਜ਼ਾ ਨਾ ਦੇ ਸਕਣਾ, ਬੰਦੀ ਸਿੰਘਾ ਦੀ ਰਿਹਾਈ ਨਾ ਹੋਣਾ ਬੇਇਨਸਾਫੀ ਦਾ ਪ੍ਰਤੱਖ ਪ੍ਰਮਾਣ ਹੈ । ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਇਸ ਬਾਰੇ ਭੋਰਾ ਵੀ ਚਿੰਤਿਤ ਨਹੀਂ ਹਨ। ਸੋ ਕੌਮੀ ਇਨਸਾਫ ਮੋਰਚੇ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ, ਬਰਗਾੜੀ ਮੋਰਚੇ ਨਾਲ ਸਬੰਧਤ ਮੋਰਚਾ ਆਰੰਭਿਆ ਹੋਇਆ ਹੈ। ਸੋ ਜਿੰਨਾ ਚਿਰ ਤੱਕ ਇਨਸਾਫ ਨਹੀਂ ਮਿਲਦਾ ਮੋਰਚਾ ਜਾਰੀ ਰਹੇਗਾ। ਆਗੂਆਂ ਨੇ ਦੱਸਿਆ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਈ ਠੋਸ ਕਦਮ ਨਹੀਂ ਉਠਾ ਰਹੀ ਜਦਕਿ ਇਸ ਦੇ ਉਲਟ ਸਜ਼ਾ ਭੁਗਤ ਰਿਹਾ ਬਲਾਤਕਾਰੀ ਸੌਦਾ ਸਾਧ ਜਦੋਂ ਮਰਜ਼ੀ ਪੈਰੋਲ 'ਤੇ ਬਾਹਰ ਜਾਂਦਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਸਰਕਾਰਾਂ ਬਲਾਤਕਾਰੀ ਸੌਦਾ ਸਾਧ 'ਤੇ ਕਿੰਨੀਆਂ ਮਿਹਰਬਾਨ ਹਨ।

ਆਗੂਆਂ ਨੂੰ ਅੱਗੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪੰਜਾਬ ਦੇ ਭਖਦੇ ਮਸਲਿਆਂ ਨੂੰ ਲੈ ਕੇ 26 ਜਨਵਰੀ ਨੂੰ ਪੰਜਾਬ ਦੇ ਸਾਰੇ ਡੀਸੀ ਦਫਤਰਾਂ ਦਾ ਘਿਰਾਉ ਕੀਤਾ ਜਾਵੇਗਾ, ਅਤੇ 29 ਜਨਵਰੀ ਨੂੰ ਪੂਰੇ ਪੰਜਾਬ ਦੀਆਂ ਰੇਲਾਂ ਦਾ ਚੱਕਾ (12:00 ਵਜੇ ਤੋਂ ਲੈ ਕੇ 04:00 ਵਜੇ ਤੱਕ) ਜਾਮ ਕੀਤਾ ਜਾਵੇਗਾ। ਜੇਕਰ ਫਿਰ ਵੀ ਸਰਕਾਰਾਂ ਨੇ ਇਨ੍ਹਾਂ ਮਸਲਿਆਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ 'ਚ ਵੱਡੀ ਪੱਧਰ 'ਤੇ ਮੋਰਚੇ ਲਗਾ ਕੇ ਕੁੰਭਕਰਨੀ ਨੀਂਦ ਵਿੱਚ ਸੁੱਤੀਆਂ ਸਰਕਾਰਾਂ ਨੂੰ ਜਗਾਇਆ ਜਾਵੇਗਾ।

# ਖੇਤੀਬਾੜੀ ਮਾਹਿਰਾਂ ਵੱਲੋਂ ਕਣਕ ਦੀ ਫਸਲ ਦਾ ਸਰਵੇਖਣ



ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ ਅਤੇ ਖੇਤੀਬਾੜੀ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਪੱਟੀ ਦੇ ਕਿਸਾਨਾਂ ਦੇ ਖੇਤਾਂ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਖੇਤੀ ਮਾਹਿਰਾਂ ਨੇ ਲੌਹਕਾ, ਕੈਰੋਂ, ਪੱਟੀ, ਬੰਗਲਾ ਰਾਏ ਅਤੇ ਸਭਰਾ ਦੇ ਕਿਸਾਨਾਂ ਨਾਲ ਤਕਨੀਕੀ ਵਿਚਾਰ ਵਟਾਂਦਰਾ ਕੀਤਾ। ਇਸ ਦੌਰਾਨ ਮਾਹਿਰਾਂ ਨੇ ਵੱਖ-ਵੱਖ ਤਰੀਕੇ ਨਾਲ ਬੀਜੀਆਂ ਕਣਕਾਂ ਦਾ ਨਿਰੀਖਣ ਕਰਦਿਆਂ ਕਿਸਾਨਾਂ ਨੂੰ ਨਦੀਨ, ਖਾਦ, ਪਾਣੀ ਅਤੇ ਪੌਦਾ ਸੁਰੱਖਿਆ ਪ੍ਰਬੰਧਾਂ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਪਰਮਿੰਦਰ ਕੌਰ ਸੀਨੀਅਰ ਪਸਾਰ ਮਾਹਿਰ (ਪੌਦਾ ਰੋਗ), ਡਾ ਪਰਮਿੰਦਰ ਸਿੰਘ ਸੰਧੂ ਪਸਾਰ ਮਾਹਿਰ, ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ, ਪੱਟੀ ਅਤੇ ਡਾ. ਸੰਦੀਪ ਸਿੰਘ ਏਡੀਓ (ਪੀਪੀ) ਨੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਨੂੰ ਅਪਨਾਉਣ ਵਿੱਚ ਦਰਪੇਸ਼ ਮੁਸ਼ਕਲਾਂ ਦੇ ਹੱਲ ਦੱਸਦਿਆਂ ਉਨ੍ਹਾਂ ਦੇ ਉੱਦਮ ਦੀ ਸਰਾਹਨਾ ਕੀਤੀ। ਇਸ ਮੌਕੇ ਸੂਝਵਾਨ ਕਿਸਾਨ ਰਮਨਦੀਪ ਸਿੰਘ, ਬਲਕਾਰ ਸਿੰਘ, ਪ੍ਰਿੰਸੀਪਲ ਗੁਰਪ੍ਰਤਾਪ ਸਿੰਘ, ਕਿਸਾਨ ਆਗੂ ਕਰਨੈਲ ਸਿੰਘ, ਕਰਮਜੀਤ ਸਿੰਘ, ਬਾਬਾ ਤਰਸੇਮ ਸਿੰਘ ਅਤੇ ਜਗੀਰ ਸਿੰਘ ਨੇ ਪਰਾਲੀ ਪ੍ਰਬੰਧਨ ਕਰਦਿਆਂ ਅਪਣਾਈਆਂ ਤਕਨੀਕਾਂ ਦੇ ਫਾਇਦੇ ਅਤੇ ਔਕੜਾਂ ਸਬੰਧੀ ਮਾਹਿਰਾਂ ਨਾਲ ਜਾਣਕਾਰੀ ਸਾਂਝੀ ਕੀਤੀ।

# ਸਿਵਲ ਹਸਪਤਾਲ ਦੇ ਨਿਰਮਾਣ ਕਾਰਜਾਂ ਦਾ ਭੁੱਲਰ ਨੇ ਰੱਖਿਆ ਨੀਂਹ ਪੱਥਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋ ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਨੂੰ ਆਪਣਾ ਫਰਜ਼ ਸਮਝਦੇ ਹੋਏ ਵਿਧਾਨ ਸਭਾ ਹਲਕੇ ਪੱਟੀ ਦੇ ਪਿੰਡ ਗ੍ਰਾਮ ਪੰਚਾਇਤ ਢੋਟੀਆਂ ਬਲਾਕ ਨੌਸ਼ਹਿਰਾ ਪਨੂੰਆਂ ਵਿਖੇ ਸਿਵਲ ਹਸਪਤਾਲ ਦਾ ਨਿਰਮਾਣ ਕਰਨ ਲਈ ਅੱਜ ਟ੍ਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਮੰਤਰੀ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਤੰਦਰੁਸਤ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਅਤੇ ਲੋਕਾਂ ਦੀ ਸਿਹਤ ਦਾ ਫਿਕਰ ਕਰਦੇ ਹੋਏ ਹੁਣ ਪਿੰਡ ਪੱਧਰ ਤੇ ਲੋਕਾਂ ਨੂੰ ਸਿਹਤ ਸਹੂਲਤਾਂ ਦਿੰਦੇ ਹੋਏ ਸਿਵਲ ਹਸਪਤਾਲ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਭੁੱਲਰ ਨੇ ਕਿਹਾ ਕਿ ਇਸ ਹਸਪਤਾਲ ਦੇ ਬਣਨ ਨਾਲ ਇਸ ਇਲਾਕੇ ਦੇ ਲੋਕਾਂ ਨੂੰ ਹੁਣ ਸ਼ਹਿਰ ਜਾਣ ਦੀ ਲੋੜ ਨਹੀਂ ਪਵੇਗੀ ਤੇ ਇਸ ਹਸਪਤਾਲ ਵਿਚ ਹਰ ਇਕ ਬਿਮਾਰੀ ਦਾ ਇਲਾਜ ਕਰਨ ਲਈ ਵੱਖ ਵੱਖ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ ਤੇ ਮਾਹਿਰ ਡਾਕਟਰਾਂ ਵਲੋਂ ਇਲਾਕੇ ਦੇ ਲੋਕਾਂ ਦੇ ਟੈਸਟ ਫ੍ਰੀ ਕੀਤੇ ਜਾਣਗੇ ਅਤੇ ਲੋਕਾਂ ਨੂੰ ਦਵਾਈਆ ਵੀ ਫ੍ਰੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੇਰੀ ਇਹੋ ਕੋਸ਼ਿਸ਼ ਹੈ ਕਿ ਮੇਰੇ ਹਲਕੇ ਦੇ ਲੋਕਾਂ ਨੂੰ ਸਿਹਤ ਤੇ ਸਿੱਖਿਆ ਦੀ ਸਹੂਲਤ ਪਹਿਲ ਦੇ ਆਧਾਰ 'ਤੇ ਮਿਲੇ। ਉਨ੍ਹਾਂ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਸੂਬੇ ਦੇ ਭਲੇ ਲਈ ਲੋਕ ਭਲਾਈ ਸਕੀਮਾਂ ਦਾ ਵਾਧਾ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ ਅਤੇ ਜਿਸ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਉੱਠ ਸਕੇ।

ਇਸ ਮੌਕੇ ਦਿਲਬਾਗ ਸਿੰਘ ਪੀ.ਏ, ਐਡਵੋਕੇਟ ਜਗਦੀਪ ਮਹਿਤਾ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ, ਰਜਿੰਦਰ ਸਿੰਘ ਉਸਮਾ, ਹਰਦਿਆਲ ਸਿੰਘ ਸੈਕਟਰੀ, ਹਰਮਨ ਸਿੰਘ ਉਸਮਾ, ਪ੍ਰਧਾਨ ਸਿਕੰਦਰ ਸਿੰਘ ਚੀਮਾਂ, ਗੁਰਪਿੰਦਰ ਸਿੰਘ ਉੱਪਲ, ਗੁਰਬਿੰਦਰ ਸਿੰਘ ਕਾਲੇਕੇ, ਸੈਕਟਰੀ ਸਰਬਜੀਤ ਸਿੰਘ, ਸੁਖਚੈਨ ਸਿੰਘ, ਹਰਜਿੰਦਰ ਸਿੰਘ, ਸੁਖ ਕੇਬਲ ਵਾਲਾ, ਅਵਤਾਰ ਸਿੰਘ ਬਲਾਕ ਪ੍ਰਧਾਨ, ਜਸਬੀਰ ਸਿੰਘ, ਡਾ. ਜਗਦੀਸ਼ ਸਿੰਘ, ਅਮਨਦੀਪ ਸਿੰਘ, ਬਿਕਰਮਜੀਤ ਸਿੰਘ ਸ਼ੇਰੋਂ, ਸੰਦੀਪ ਸਿੰਘ, ਜਸਬੀਰ ਸਿੰਘ ਸੇਰੋ, ਬਿੰਟੂ ਆੜ੍ਹਤੀਆ, ਪਰਮਜੀਤ ਸਿੰਘ ਚੰਬਲ, ਸੁਖਦੇਵ ਸਿੰਘ ਜਵੰਦਾ, ਗੁਰਦੇਵ ਸਿੰਘ, ਮੰਗਲ ਸਿੰਘ ਆਦਿ ਹਾਜ਼ਰ ਸਨ।

# ਜਮਹੂਰੀ ਕਿਸਾਨ ਸਭਾ ਵੱਲੋਂ ਗੰਡੀਵਿੰਡ 'ਚ ਅਜਲਾਸ

## ਲੌਹੁਕਾ ਸ਼ਰਾਬ ਫੈਕਟਰੀ ਵਿਰੁੱਧ ਘੋਲ ਵਿੱਢਣ ਦਾ ਲਿਆ ਫੈਸਲਾ



ਤਰਨ ਤਾਰਨ (ਪ੍ਰਿਤਪਾਲ ਸਿੰਘ)

ਅਜਲਾਸ ਦੀ ਸ਼ੁਰੂਆਤ ਜਗੀਰ ਸਿੰਘ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਉਣ ਅਤੇ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਨਾਲ ਕੀਤੀ ਗਈ। ਇਸ ਦੀ ਪ੍ਰਧਾਨਗੀ ਦਲਜੀਤ ਸਿੰਘ ਦਿਆਲਪੁਰਾ, ਰੇਸ਼ਮ ਸਿੰਘ ਫਲੋਕੇ, ਗੁਰਨਾਮ ਸਿੰਘ, ਜਗੀਰ ਸਿੰਘ ਗੰਡੀਵਿੰਡ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਸਵਾਗਤੀ ਭਾਸ਼ਣ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਤਿਕਾਰਤ ਆਗੂ ਕਸ਼ਮੀਰ ਸਿੰਘ ਨੇ ਪੜ੍ਹਿਆ। ਅਜਲਾਸ ਦੇ ਉਦਘਾਟਨੀ ਭਾਸ਼ਣ ਵਿਚ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਦੇਸ਼ ਲਈ ਖੇਤੀ ਦੀ ਮਹੱਤਤਾ ਦੱਸਦਿਆਂ ਵਿਸ਼ਵ ਵਪਾਰ ਸੰਸਥਾ ਵੱਲੋਂ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਕਾਰਪੋਰੇਟ ਪੱਖੀ ਠੋਸੀਆਂ ਨੀਤੀਆਂ ਦੀ ਚੀਰਫਾੜ ਕੀਤੀ। ਸਰਕਾਰਾਂ ਵੱਲੋਂ ਅੰਨ੍ਹੇਵਾਹ ਲਾਗੂ ਕੀਤੀਆਂ ਨੀਤੀਆਂ ਨੂੰ ਕਿਸਾਨੀ ਸਿਰ ਚੜ੍ਹੇ ਕਰਜ਼ ਅਤੇ ਖੁਦਕੁਸ਼ੀਆਂ ਲਈ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਸਾਨ ਪੱਖੀ, ਵਾਤਾਵਰਨ ਅਤੇ ਪਾਣੀ ਬਚਾਊ, ਖੇਤੀ ਅਧਾਰਤ ਸਨਅਤਾਂ ਰਾਹੀਂ ਰੋਜ਼ਗਾਰ ਮੁੱਖੀ ਨੀਤੀ ਅਪਣਾਉਣ ਦੀ ਲੋੜ ਉੱਪਰ ਜ਼ੋਰ ਦਿੱਤਾ। ਪਿਛਲੇ ਤਿੰਨ ਸਾਲਾਂ ਦੀ ਜਥੇਬੰਦਕ ਰਿਪੋਰਟ ਜ਼ਿਲ੍ਹਾ ਸਹਾਇਕ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਪੇਸ਼ ਕੀਤੀ ਜੋ ਡੈਲੀਗੇਟਾਂ ਵੱਲੋਂ ਭਰਪੂਰ ਬਹਿਸ ਤੋਂ ਬਾਅਦ ਕੁਝ ਵਾਧਿਆਂ ਨਾਲ ਸਰਬਸੰਮਤੀ ਨਾਲ ਪਾਸ ਕੀਤੀ ਗਈ। ਸੂਬਾਈ ਪ੍ਰੈੱਸ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਬੋਲਦਿਆਂ ਜਥੇਬੰਦੀ ਦੀ ਮਹੱਤਤਾ ਦੱਸਦਿਆਂ ਜਥੇਬੰਦੀ ਦੀ ਕਾਰਜ ਪ੍ਰਣਾਲੀ ਨੂੰ ਜਮਹੂਰੀ ਬਣਾਉਣ ਅਤੇ ਸਮੂਹਿਕ ਲੀਡਰਸ਼ਿਪ ਵਿਕਸਤ ਕਰਨ ਦੀ ਲੋੜ ਉੱਪਰ ਜ਼ੋਰ ਦਿੱਤਾ। ਉਨ੍ਹਾਂ ਨੇ 37 ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ। ਇਸ ਵਿੱਚ ਮਨਜੀਤ ਸਿੰਘ ਬੱਗੂ ਪ੍ਰਧਾਨ, ਜਗੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮੁਖਤਾਰ ਸਿੰਘ ਮੱਲਾ, ਕੇਵਲ ਸਿੰਘ ਮੀਤ ਪ੍ਰਧਾਨ ਅਤੇ ਮਾ. ਦਲਜੀਤ ਸਿੰਘ ਦਿਆਲਪੁਰਾ ਜਨਰਲ ਸਕੱਤਰ, ਜਸਪਾਲ ਸਿੰਘ ਝਬਾਲ, ਮਾ. ਹਰਭਜਨ ਸਿੰਘ ਚੂਸਲੇਵੜ, ਸਹਾਇਕ ਸਕੱਤਰ, ਰੇਸ਼ਮ ਸਿੰਘ ਫੈਲੋਕੇ ਖਜ਼ਾਨਚੀ ਚੁਣੇ ਗਏ। ਅਜਲਾਸ ਵਿੱਚ ਪਾਸ ਕੀਤੇ ਮਤਿਆਂ ਰਾਹੀਂ ਲਤੀਫਪੁਰਾ ਅਤੇ ਜ਼ੀਰਾ ਸ਼ਰਾਬ ਫੈਕਟਰੀ ਦੇ ਘੋਲ ਦੀ ਹਮਾਇਤ ਅਤੇ ਲੌਹੁਕਾ ਸ਼ਰਾਬ ਫੈਕਟਰੀ ਵੱਲੋਂ ਪ੍ਰਦੂਸ਼ਿਤ ਪਾਣੀ ਪਾਉਣ ਵਿਰੁੱਧ ਘੋਲ ਵਿੱਢਣ ਦਾ ਫੈਸਲਾ ਕੀਤਾ ਗਿਆ।

# 'ਜ਼ਿੰਦਗੀ ਐਕਸਪ੍ਰੈੱਸ' ਨੇ ਲੱਖਾਂ ਲੋਕਾਂ ਨੂੰ ਅੰਗਦਾਨ ਬਾਰੇ ਕੀਤਾ ਜਾਗਰੂਕ

ਅੰਮ੍ਰਿਤਸਰ: ਐਡਲਵਾਈਸ ਟੋਕੀਓ ਲਾਈਫ ਇੰਸ਼ੋਰੈਂਸ ਦੀ 'ਜ਼ਿੰਦਗੀ ਐਕਸਪ੍ਰੈੱਸ' 50 ਸ਼ਹਿਰਾਂ ਵਿੱਚ 5,500 ਕਿਲੋਮੀਟਰ ਦੀ ਯਾਤਰਾ ਕਰਕੇ ਅਤੇ 10 ਲੱਖ ਤੋਂ ਵੱਧ ਲੋਕਾਂ ਵਿੱਚ ਅੰਗ ਦਾਨ ਦੀ ਲੋੜ ਬਾਰੇ ਜਾਗਰੂਕਤਾ ਫੈਲਾਉਣ ਤੋਂ ਬਾਅਦ ਸਮਾਪਤ ਹੋ ਗਈ ਹੈ। ਪਿਛਲੇ 20 ਦਿਨਾਂ ਵਿੱਚ ਜੀਵਨ ਬੀਮਾਕਰਤਾ ਲੋਕਾਂ ਨੂੰ ਅੰਗ ਦਾਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਸਿੱਖਿਅਤ ਕਰਨ ਲਈ ਪਾਸਇਟਆਨ ਨਾਮ ਦੀ ਇੱਕ ਜਾਗਰੂਕਤਾ ਮੁਹਿੰਮ ਚਲੀ। ਸੁਮਿਤ ਰਾਏ ਐੱਮਡੀ ਅਤੇ ਸੀਈਓ ਐਡਲਵਾਈਸ ਟੋਕੀਓ ਲਾਈਫ ਇੰਸ਼ੋਰੈਂਸ ਨੇ ਕਿਹਾ ਕਿ ਅੱਜ ਦੀ ਸਮਾਪਤੀ ਸਾਡੀ ਅੰਗ ਦਾਨ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਸਾਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਪੂਰੇ ਸਫ਼ਰ ਦੌਰਾਨ ਜਿੱਥੇ ਵੀ ਅਸੀਂ ਰੁਕੇ, ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ। ਇਹ ਸਾਨੂੰ ਆਉਣ ਵਾਲੇ ਸਾਲਾਂ ਵਿੱਚ ਇਸ ਉਦੇਸ਼ ਲਈ ਆਪਣੇ ਯਤਨਾਂ ਦਾ ਵਿਸਥਾਰ ਕਰਨ ਲਈ ਬਹੁਤ ਆਤਮ ਵਿਸ਼ਵਾਸ ਪ੍ਰਦਾਨ ਕਰਦਾ ਹੈ। ਲਗਾਤਾਰ ਚੌਥੇ ਸਾਲ, ਮੋਹਨ ਫਾਊਂਡੇਸ਼ਨ ਨੇ ਜੀਵਨ ਬੀਮਾਕਰਤਾ ਦੇ ਨਾਲ ਇੱਕ ਗਿਆਨਵਾਨ ਸਾਥੀ ਵਜੋਂ ਭਾਈਵਾਲੀ ਕੀਤੀ ਅਤੇ 20 ਦਿਨਾਂ ਦੀ ਯਾਤਰਾ ਦੌਰਾਨ ਵਿਸ਼ਾ ਵਸਤੂ ਦੀ ਮੁਹਾਰਤ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਡਾ. ਸੁਨੀਲ ਸ਼ਰਾਫ ਮੈਨੇਜਿੰਗ ਟਰੱਸਟੀ ਅਤੇ ਮੋਹਨ ਫਾਊਂਡੇਸ਼ਨ ਦੇ ਸਹਿ-ਸੰਸਥਾਪਕ ਨੇ ਕਿਹਾ ਕਿ ਜਾਗਰੂਕਤਾ ਪੈਦਾ ਕਰਨਾ ਅਤੇ ਪ੍ਰਕਿਰਿਆਵਾਂ ਨੂੰ ਸਥਾਪਿਤ ਕਰਨਾ ਭਾਰਤ ਵਿੱਚ ਅੰਗ ਦਾਨ ਨੂੰ ਇੱਕ ਅਸਾਧਾਰਨ ਦੀ ਬਜਾਏ ਆਮ ਰੋਜ਼ਾਨਾ ਦੀ ਪ੍ਰਕਿਰਿਆ ਬਣਾਉਣ ਵਿੱਚ ਮਦਦ ਕਰੇਗਾ।

# ਜੀ ਐੱਨ ਡੀ ਯੂ ਵਿਖੇ ਆਰਮ ਰੈਸਲਿੰਗ ਮੁਕਾਬਲ਼ਿਆਂ 'ਚ ਲੜਕੇ-ਲੜਕੀਆਂ ਨੇ ਵਿਖਾਏ ਜੌਹਰ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਪੋਰਟਸ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਫਿਟ ਇੰਡੀਆ ਪ੍ਰੋਗਰਾਮ ਤਹਿਤ ਅੰਤਰ ਵਿਭਾਗੀ ਲੜਕੀਆਂ ਅਤੇ ਲੜਕਿਆਂ ਦੇ ਆਰਮ ਰੈਸਲਿੰਗ ਮੁਕਾਬਲਿਆਂ ਦਾ ਆਯੋਜਨ ਕਰਵਾਇਆ ਗਿਆ।



ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਦੀ ਅਗਵਾਈ ਅਤੇ ਡੀਨ ਵਿਦਿਆਰਥੀ ਭਲਾਈ ਪ੍ਰੋ. ਪ੍ਰੀਤ ਮਹਿੰਦਰ ਸਿੰਘ ਬੇਦੀ ਦੇ ਨਿਰਦੇਸ਼ਾਂ 'ਤੇ ਕਰਵਾਈਆਂ ਇਨ੍ਹਾਂ ਚੈਂਪੀਅਨਸ਼ਿਪ ਵਿਚ ਵੱਖ-ਵੱਖ ਵਿਭਾਗਾਂ ਦੇ ਫਸਵੇਂ ਮੁਕਾਬਲੇ ਹੋਏ ਜਿਨ੍ਹਾਂ ਵਿਚ 64 ਲੜਕੇ ਅਤੇ 27 ਲੜਕੀਆਂ ਸ਼ਾਮਿਲ ਸਨ। ਡਾ. ਅਮਨਦੀਪ ਸਿੰਘ, ਟੀਚਰ ਇੰਚਾਰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਪੋਰਟਸ ਐਂਡ ਨੋਡਲ ਅਫਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ ਫਿਟ ਇੰਡੀਆ ਪ੍ਰੋਗਰਾਮ ਆਫ ਇੰਡੀਆ ਨੇ ਦੱਸਿਆ ਕਿ ਲੜਕਿਆਂ ਦੇ ਮੁਕਾਬਲਿਆਂ ਦੇ 65 ਕਿਲੋ ਭਾਰ ਤਕ ਵਰਗ ਵਿਚ ਕਾਨੂੰਨ ਵਿਭਾਗ ਦੇ ਅਖਿਲ ਗਰੋਵਰ ਨੇ ਪਹਿਲਾ, ਸਿਵਲ ਇੰਜੀ: ਦੇ ਲਖਵਿੰਦਰ ਕੁਮਾਰ ਨੇ ਦੂਜਾ ਅਤੇ ਫਿਜ਼ਿਕਸ ਵਿਭਾਗ ਦੇ ਰਿਸ਼ੀ ਵਾਲੀਆ ਨੇ ਤੀਜਾ ਸਥਾਨ ਹਾਸਲ ਕੀਤਾ। 65 ਤੋਂ 75 ਕਿਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਆਰਕੀਟੈਕਚਰ ਵਿਭਾਗ ਦੇ ਸਾਦਿਆਨੂਰ ਰਹਿਮਾਨ, ਦੂਜਾ ਸਥਾਨ ਸਾਇੰਸ ਵਿਭਾਗ ਦੇ ਅਵਿਸ਼ ਅਤੇ ਤੀਜਾ ਸਥਾਨ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੇ ਸ਼ੇਖ ਸੈਮੂਅਲ ਨੇ ਜਿੱਤਿਆ। ਉਨ੍ਹਾਂ ਦੱਸਿਆ ਕਿ 75 ਕਿਲੋ ਤੋਂ 85 ਕਿਲੋ ਵਰਗ ਵਿੱਚ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੇ ਅਨੀਸ ਮਹਾਜਨ ਨੇ ਪਹਿਲਾ, ਇਤਿਹਾਸ ਦੇ ਰਾਜਵੀਰ ਸਿੰਘ ਨੇ ਦੂਜਾ ਅਤੇ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਸ਼੍ਰੀਕਾਂਤ ਆਰੀਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 85 ਕਿਲੋ ਤੋਂ ਉੱਪਰ ਦੇ ਵਰਗ ਵਿੱਚ ਪਹਿਲਾ ਸਥਾਨ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਦਯਾ ਸਿੰਘ, ਦੂਜਾ ਸਥਾਨ ਇਤਿਹਾਸ ਵਿਭਾਗ ਦੇ ਕੇਵਿਨ ਅਤੇ ਤੀਜਾ ਸਥਾਨ ਪੰਜਾਬ ਸਕੂਲ ਆਫ ਇਕਨਾਮਿਕਸ ਦੇ ਰਿਤਿਸ਼ ਸ਼ਰਮਾ ਨੇ ਪ੍ਰਾਪਤ ਕੀਤਾ। ਮਹਿਲਾ ਵਰਗ ਦੇ ਮੁਕਾਬਲ਼ਿਆਂ ਦੇ ਨਤੀਜਿਆਂ ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ 50 ਕਿਲੋਗ੍ਰਾਮ ਤੱਕ ਵਰਗ ਵਿੱਚ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀ ਸਿਮਰਨ ਨੇ ਪਹਿਲਾ; ਭੌਤਿਕ ਵਿਗਿਆਨ ਵਿਭਾਗ ਦੀ ਤਨੀਸ਼ਾ ਨੇ ਦੂਜਾ ਅਤੇ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀ ਇਸਮਾਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 50 ਕਿਲੋ ਤੋਂ 60 ਕਿਲੋ ਭਾਰ ਵਰਗ ਵਿੱਚ ਕੰਪਿਊਟਰ ਇੰਜੀਨਿਅਰਿੰਗ ਦੀ ਅਰਸ਼ੀਆ ਨੇ ਪਹਿਲਾ, ਆਰਕੀਟੈਕਚਰ ਵਿਭਾਗ ਦੀ ਇਸ਼ਨੀਤ ਕੌਰ ਨੇ ਦੂਜਾ ਅਤੇ ਆਰਕੀਟੈਕਚਰ ਵਿਭਾਗ ਦੀ ਗਰਿਮਾ ਨੇ ਤੀਜਾ ਸਥਾਨ ਹਾਸਲ ਕੀਤਾ। 60 ਕਿਲੋਗ੍ਰਾਮ ਤੋਂ ਉੱਪਰ ਦੀ ਸ਼੍ਰੇਣੀ ਵਿੱਚ ਰਾਜਨੀਤੀ ਸ਼ਾਸਤਰ ਦੀ ਦਿਵਿਆ ਸੇਠ ਨੇ ਪਹਿਲਾ; ਫਿਜ਼ਿਕਸ ਵਿਭਾਗ ਦੀ ਦੀਕਸ਼ਾ ਨੇ ਦੂਜਾ ਅਤੇ ਫਿਜ਼ੀਓਥਰੈਪੀ ਵਿਭਾਗ ਦੀ ਅਨੁਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਜੇਤੂ ਟੀਮਾਂ ਨੂੰ ਟਰਾਫੀਆਂ ਤਕਸੀਮ ਕਰਦਿਆਂ ਡਾ. ਬੇਦੀ ਨੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਨੂੰ ਨਿਖਾਰਦੀਆਂ ਹਨ। ਇਸ ਲਈ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਉਸਾਰੀ ਗਤੀਵਿਧੀਆਂ ਖਾਸ ਕਰਕੇ ਖੇਡਾਂ ਵਿਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ।

# ਸਰਕਾਰ ਦਿੱਲੀ ਵਾਲਿਆਂ ਦੇ ਪ੍ਰਭਾਵ ਹੇਠ ਪੰਜਾਬੀਆਂ ਦੇ ਹੱਕਾਂ 'ਤੇ ਮਾਰ ਰਹੀ ਹੈ ਡਾਕਾ : ਧਾਮੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਰਾਹੀਂ ਕਲਰਕ ਦੀ ਆਸਾਮੀ ਲਈ ਭਰਤੀ ਪ੍ਰਕਿਰਿਆ ਵਾਸਤੇ ਲਈ ਜਾਣ ਵਾਲੀ ਪ੍ਰੀਖਿਆ ਦੇ ਸਿਲੇਬਸ ਪੰਜਾਬੀ ਨੂੰ ਦਰਕਿਨਾਰ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੀ ਮਾਂ-ਭਾਸ਼ਾ, ਵਿਰਾਸਤ ਅਤੇ ਸੱਭਿਆਚਾਰ ਨੂੰ ਖੋਰਾ ਲਗਾਉਣ ਦੇ ਰਾਹ ਤੁਰੀ ਹੋਈ ਹੈ। ਇਹ ਪੰਜਾਬ ਦੇ ਨੌਜੁਆਨਾਂ ਨੂੰ ਅਸਰ-ਅੰਦਾਜ਼ ਕਰਨ ਵਾਲੀ ਕਾਰਵਾਈ ਹੈ, ਜਿਸ ਨੇ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਮਾਰਨ ਲਈ ਗੈਰ-ਪੰਜਾਬੀਆਂ ਦੀ ਭਰਤੀ ਲਈ ਵੀ ਰਾਹ ਖੋਲ੍ਹਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਕਰਨ ਦੀਆਂ ਗੱਲਾਂ ਕਰ ਕੇ ਕੇਵਲ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਨ, ਜਦਕਿ ਅਸਲੀਅਤ ਇਹ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਨੂੰ ਅੱਖੋਂ ਓਹਲੇ ਕਰਕੇ ਹਰ ਸਰਕਾਰੀ ਕਾਰਵਾਈ ਅੰਗਰੇਜ਼ੀ ਵਿਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੀ ਉਦਾਹਰਣ ਭਗਵੰਤ ਸਿੰਘ ਮਾਨ ਦੇ ਬੀਤੇ ਸਮੇਂ ਦੌਰਾਨ ਜਾਰੀ ਕੀਤੇ ਗਏ ਕਈ ਆਦੇਸ਼ ਹਨ। ਉਹ ਜਦੋਂ ਵੀ ਕੋਈ ਐਲਾਨ ਜਾਂ ਸਰਕੂਲਰ ਜਾਰੀ ਕਰਦੇ ਹਨ ਤਾਂ ਉਹ ਅੰਗਰੇਜ਼ੀ ਭਾਸ਼ਾ ਵਿਚ ਹੁੰਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਦਿੱਲੀ ਵਾਲਿਆਂ ਦੇ ਪ੍ਰਭਾਵ ਹੇਠ ਜਾਣਬੁਝ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਕਲਰਕਾਂ ਦੀ ਭਰਤੀ ਲਈ ਮੁੱਖ ਪੇਪਰ ਦੇ ਸਿਲੇਬਸ ਵਿੱਚੋਂ ਪੰਜਾਬੀ ਨੂੰ ਬਾਹਰ ਕਰਨ ਦੀ ਕਾਰਵਾਈ ਸਰਕਾਰ ਦੀ ਪੰਜਾਬ ਪ੍ਰਤੀ ਅਸਲ ਮਨਸ਼ਾ ਦਾ ਪ੍ਰਗਟਾਵਾ ਹੈ, ਜਿਸ ਤੋਂ ਭਗਵੰਤ ਸਿੰਘ ਮਾਨ ਬਰੀ ਨਹੀਂ ਹੋ ਸਕਦੇ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਰਚੀਆਂ ਜਾ ਰਹੀਆਂ ਪੰਜਾਬ ਅਤੇ ਪੰਜਾਬੀ ਭਾਸ਼ਾ ਮਾਰੂ ਸਾਜ਼ਿਸ਼ਾਂ ਨੂੰ ਪਛਾਣਨਾ ਸਮੇਂ ਦੀ ਵੱਡੀ ਲੋੜ ਹੈ ਅਤੇ ਹਰ ਪੰਜਾਬੀ ਨੂੰ ਇਸ ਦੇ ਵਿਰੋਧ ਵਿਚ ਖੜ੍ਹਾ ਹੋਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬੀ ਮਾਂ-ਭਾਸ਼ਾ ਨੂੰ ਨੀਵਾਂ ਦਿਖਾਉਣ ਵਾਲੀ ਹਰ ਕਾਰਵਾਈ ਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵਿਰੋਧ ਕਰਦੀ ਰਹੇਗੀ।

# ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਬਣਾਉਣ ਲਈ ਲਗਾਇਆ ਕੈਂਪ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)

ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਅਤੇ ਸਕਿੱਲ ਕੋਰਸਿਜ਼ ਕਰਵਾਉਣ ਲਈ ਵਧੀਕ ਡਿਪਟੀ ਕਮਿਸ਼ਨਰ (ਜ), ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸ. ਸ. ਸਕੂਲ, ਪਿੰਡ ਡੇਰੀਵਾਲ ਵਿਖੇ ਮੈਸਰਸ ਵਿਦਿਆਂਤਾ ਸਕਿੱਲ ਇੰਸਟੀਚਿਊਟ ਵੱਲੋਂ ਕੈਂਪ ਲਗਾਇਆ ਗਿਆ। ਇਸ ਮੌਕੇ ਮੋਬਲਾਇਜ਼ਰ ਸੁਖਵਿੰਦਰ ਸਿੰਘ, ਐੱਨ. ਐੱਸ. ਕਿਯੂ. ਐੱਫ. ਟੀਚਰ ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਵੱਖ-ਵੱਖ ਕੋਰਸਿਜ਼ ਕਰਵਾਏ ਜਾ ਰਹੇ ਹਨ, ਜੋ ਕਿ ਬਿਲਕੁੱਲ ਮੁਫਤ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਕੋਰਸ ਕਰਕੇ ਨੌਜਵਾਨਾਂ ਨੂੰ ਵੱਖ-ਵੱਖ ਪ੍ਰਾਈਵੇਟ ਸੈਕਟਰ ਕੰਪਨੀਆਂ ਦੀ ਨੌਕਰੀਆਂ ਵਿਚ ਲਵਾਇਆ ਜਾਂਦਾ ਹੈ। ਮੈਸਰਸ ਵਿਦਿਆਂਤਾ ਸਕਿੱਲ ਇੰਸਟੀਚਿਊਟ ਵੱਲੋਂ ਜਨਰਲ ਡਿਊਟੀ ਅਸਿਸਟੈਂਟ ਕੋਰਸਾਂ ਲਈ ਫਾਰਮ ਭਰਵਾਏ ਗਏ ਅਤੇ ਦੱਸਿਆ ਗਿਆ ਕਿ ਕੋਰਸ ਕਰਨ ਉਪਰੰਤ ਸਿਖਿਆਰਥੀਆਂ ਨੂੰ ਨਾਮੀ ਹਸਪਤਾਲਾਂ ਵਿਚ ਨੌਕਰੀਆਂ ਤੇ ਲਗਵਾਇਆ ਜਾਵੇਗਾ। ਇਸ ਮੌਕੇ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਡੀ. ਪੀ. ਐੱਮ. ਯੂ. ਸਟਾਫ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਦਸਿਆ ਗਿਆ ਕਿ ਜੋ ਨੌਜਵਾਨ ਸਵੈਰੁਜ਼ਗਾਰ ਕਰਨਾ ਚਾਹੁੰਦੇ ਹਨ, ਇਨ੍ਹਾਂ ਕੋਰਸਾਂ ਨੂੰ ਕਰਕੇ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਲੋਨ ਸਕੀਮਾਂ ਦਾ ਵੀ ਲਾਭ ਪ੍ਰਾਪਤ ਕਰ ਸਕਦੇ ਹਨ। ਇਸ ਕੈਂਪ ਵਿਚ ਪਹੰਚੇ ਉਮੀਦਵਾਰਾਂ ਨੂੰ ਵੱਖ-ਵੱਖ ਕੋਰਸਾਂ ਵਿਚ ਰਜਿਸਟਰਡ ਕੀਤਾ ਗਿਆ ਅਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਸਬੰਧ ਵਿੱਚ ਡੀ. ਪੀ. ਐਮ. ਯੂ. ਸਟਾਫ ਵੱਲੋਂ ਦੱਸਿਆ ਗਿਆ ਕਿ ਵਧੇਰੇ ਜਾਣਕਾਰੀ ਲਈ ਜ਼ਿਲਾ ਰੁਜ਼ਗਾਰ ਦਫਤਰ, ਕਮਰਾ ਨੰ 8, ਜ਼ਿਲਾ ਪ੍ਰਬੰਧਕੀ ਕਪਲੈਕਸ ਵਿਖੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਡੂੰਘਾ ਸਦਮਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਭਰਾ ਹਰਪ੍ਰੀਤ ਸਿੰਘ ਦੇ ਨੌਜਵਾਨ ਜਵਾਈ ਬਰਜਿੰਦਰ ਸਿੰਘ ਰੰਧਾਵਾ (ਆਈ. ਆਰ. ਐੱਸ.) ਅਚਨਚੇਤ ਦਿਲ ਦਾ ਦੌਰਾ ਪੈਣ ਕਰਕੇ ਚੱਲ ਵਸੇ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਅਮਰਜੀਤ ਸਿੰਘ ਵਿਕਰਾਂਤ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਐੱਸ. ਐੱਸ. ਛੀਨਾ ਅਤੇ ਸਮੂਹ ਮੈਂਬਰ ਸਾਹਿਬਾਨ ਨੇ ਸੋਗ ਦੀ ਇਸ ਘੜੀ ਵਿਚ ਡਾ. ਇੰਦਰਬੀਰ ਸਿੰਘ ਨਿੱਜਰ ਨਾਲ ਨੌਜਵਾਨ ਜਵਾਈ ਦੀ ਬੇਵਕਤੀ ਮੌਤ 'ਤੇ ਦੁੱਖ ਸਾਂਝਾ ਕੀਤਾ ਅਤੇ ਸਦਮੇ ਵਿਚ ਡੁੱਬੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ। ਉਨ੍ਹਾਂ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

# ਨਰੇਗਾ ਮਜ਼ਦੂਰਾਂ ਨੂੰ ਪਿਛਲਾ ਬਕਾਇਆ ਦੇਣ ਦੀ ਮੰਗ



ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਕੁੱਲ ਹਿੰਦ ਮਜ਼ਦੂਰ ਸਭਾ ਦੇ ਬਲਾਕ ਪ੍ਰਧਾਨ ਕਾਮਰੇਡ ਲਾਲ ਸਿੰਘ ਵਲਟੋਹਾ ਨੇ ਇਕ ਪ੍ਰੈੱਸ ਮਿਲਣੀ ਦੌਰਾਨ ਕਿਹਾ ਕਿ ਪਿੰਡ ਵਲਟੋਹਾ ਸੰਧੂ ਵਿੱਚ ਪੂਰੀ ਤਨਦੇਹੀ ਨਾਲ ਮਜ਼ਦੂਰ ਕੰਮ ਕਰ ਰਹੇ ਹਨ। ਅਸੀਂ ਪੰਜਾਬ ਸਰਕਾਰ ਪਾਸੋਂ ਮੰਗ ਕਰਦੇ ਹਾਂ ਕਿ ਪਿਛਲੇ ਸਮੇਂ ਦੌਰਾਨ ਨਰੇਗਾ ਦਾ ਕੰਮ ਕਰਦੇ ਮਜ਼ਦੂਰਾਂ ਨੂੰ ਪਿਛਲਾ ਬਕਾਇਆ ਅਜੇ ਤੱਕ ਨਹੀਂ ਮਿਲਿਆ, ਉਹ ਮਜ਼ਦੂਰਾਂ ਨੂੰ ਮਿਲਣਾ ਚਾਹੀਦਾ ਹੈ ਅਤੇ ਹੁਣ ਵਾਲੇ ਕੰਮ ਦੇ ਪੰਚਾਇਤ ਸੈਕਟਰੀ ਮਲਕੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਮਜ਼ਦੂਰਾਂ ਦੇ ਖਾਤਿਆਂ ਵਿੱਚ ਪੈਸੇ ਅਸੀਂ ਪਵਾ ਦਿਆਂਗੇ। ਪਿਛਲੇ ਕੰਮਾਂ ਬਾਰੇ ਮੈਨੂੰ ਕੁਝ ਵੀ ਜਾਣਕਾਰੀ ਨਹੀਂ ਹੈ ਕਿਉਂਕਿ ਮੈਂ ਇਥੇ ਥੋੜ੍ਹੇ ਸਮੇਂ ਤੋਂ ਹੀ ਆਇਆ ਹਾਂ। ਮੈਂ ਆਪਣੇ ਕੰਮ ਦੀ ਜ਼ਿੰਮੇਵਾਰੀ ਲਵਾਂਗਾ ਅਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਪੈਸੇ ਪਵਾ ਦਿਆਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਅਰਸਾਲ ਸਿੰਘ ਵਲਟੋਹਾ, ਆਲ ਇੰਡੀਆ ਕਿਸਾਨ ਸਭਾ ਦੇ ਬਲਾਕ ਸਕੱਤਰ ਰਣਜੀਤ ਸਿੰਘ ਬਹਾਦਰ ਨਗਰ, ਗੁਰਵਿੰਦਰ ਸਿੰਘ, ਸ਼ੇਰ ਸਿੰਘ, ਤਰਸੇਮ ਸਿੰਘ, ਅਰਨਦੀਪ ਸਿੰਘ, ਗੁਰਵਿੰਦਰ ਸਿੰਘ, ਸਤਨਾਮ ਸਿੰਘ ਗੋਰੀ, ਲਾਡੀ, ਹਰਜੀਤ ਸਿੰਘ, ਮਲਕੀਤ ਸਿੰਘ, ਵਿੱਕੀ, ਸਿੰਘ, ਮਹਿਲਪਰੀਤ ਸਿੰਘ, ਸੁਖਚੈਨ ਸਿੰਘ, ਬਲਜੀਤ ਸਿੰਘ ਅਤੇ ਅੰਗਰੇਜ਼ ਸਿੰਘ ਮੇਹਟ ਆਦਿ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 29 ਨੂੰ ਤਿੰਨ ਘੰਟੇ ਚੱਕਾ ਜਾਮ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰਬਾਲਾ ਦੀ ਅਗਵਾਈ ਵਿੱਚ 26 ਅਤੇ 29 ਜਨਵਰੀ ਦੇ ਪੰਜਾਬ ਪੱਧਰੀ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਸੂਬਾ ਕਮੇਟੀ ਵੱਲੋਂ ਲੋਕ ਰਾਏ ਨਾਲ ਉਲੀਕੇ ਗਏ ਪ੍ਰੋਗਰਾਮਾਂ ਦੀਆ ਤਿਆਰੀਆਂ ਪਿੰਡ ਪੱਧਰ 'ਤੇ ਚੱਲ ਰਹੀਆਂ ਹਨ ਜਿਨਾਂ ਵਿੱਚ ਮੁੱਖ ਰੂਪ ਵਿਚ 26 ਜਨਵਰੀ ਨੂੰ ਦਿੱਲੀ ਫਤਿਹ ਦਿਹਾੜੇ ਅਤੇ ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਮਰਪਿਤ ਵੱਡੇ ਇੱਕਠ ਕੀਤੇ ਜਾਣਗੇ ।29 ਜਨਵਰੀ ਨੂੰ ਪੂਰੇ ਪੰਜਾਬ 'ਚ ਤਿੰਨ ਘੰਟੇ,1 ਵਜੇ ਤੋਂ ਲੈ ਕੇ 3 ਵਜੇ ਤੱਕ, ਰੇਲ ਰੋਕੋ ਪ੍ਰੋਗਰਾਮ ਹੋਵੇਗਾ ਕਿਉਂਕਿ 29 ਜਨਵਰੀ 2021 ਸਿੰਘੂ ਬਾਰਡਰ ਦਿੱਲੀ ਮੋਰਚੇ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਟੇਜ 'ਤੇ ਆਰਐੱਸਐੱਸ ਦੇ ਗੁੰਡੇ ਅਮਨ ਡਬਾਸ ਤੇ ਪਰਦੀਪ ਖੱਤਰੀ ਦੀ ਅਗਵਾਈ ਵਿਚ ਜੋ ਉਸ ਵੇਲੇ ਭਾਜਪਾ ਦੇ ਮੁੱਖ ਆਗੂ ਸਨ, ਹਮਲਾ ਕੀਤਾ ਗਿਆ ਸੀ ਹਾਲਾਂਕਿ ਕੇਂਦਰ ਤੇ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ 29 ਜਨਵਰੀ ਦਾ ਰੇਲ ਰੋਕੋ ਅੰਦੋਲਨ ਗਰਦਾਸਪੁਰ ਵਿੱਚ ਲਗਾਤਾਰ ਜਾਰੀ ਰਹੇਗਾ ਕਿਉਂਕਿ ਭਾਰਤ ਮਾਲਾ ਯੋਜਨਾ ਤਹਿਤ ਜੰਮੂ ਕਟੜਾ ਐਕਸਪ੍ਰੈੱਸ ਵੇਅ ਅਤੇ ਅੰਮ੍ਰਿਤਸਰ-ਊਨਾ ਹਾਈਵੇ ਲਈ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤੇ ਬਗੈਰ ਜਬਰੀ ਸਰਕਾਰ ਜ਼ਮੀਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਲਗਾਤਾਰ ਕਰ ਰਹੀ ਹੈ ਅਤੇ ਗੰਨੇ ਦੀ ਪਿੜਾਈ ਲਈ ਪੂਰੀ ਪਰਚੀ ਵਿਤਰਣ ਕੈਲੰਡਰ ਨੂੰ ਬਗੈਰ ਵਿਤਕਰੇ ਤੋਂ ਲਾਗੂ ਕਰਾਉਣਾ ਇਸਦੀਆਂ ਮੁਖ ਮੰਗਾਂ ਹੋਣਗੀਆਂ। ਇਸ ਮੌਕੇ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਅਤੇ ਜ਼ਿਲ੍ਹਾ ਆਗੂ ਕੰਵਰਦਲੀਪ ਸੈਦੋਲਹਿਲ ਨੇ ਕਿਹਾ ਕਿ ਦਿੱਲੀ ਦੇ ਮੁਹੱਲਾ ਕਲੀਨਿਕ ਦੀ ਤਰਜ਼ ਤੇ ਪੰਜਾਬ ਵਿਚ ਆਮ ਆਦਮੀ ਕਲੀਨਿਕ ਖੋਲ੍ਹਣ ਦੇ ਨਾਮ ਤੇ ਪੰਜਾਬ ਦੀਆਂ ਪਿੰਡ ਪੱਧਰੀ ਡਿਸਪੈਂਸਰੀਆਂ ਨੂੰ ਤਬਾਹ ਕੀਤਾ ਜਾ ਰਿਹਾ ਹੈ, ਸਰਕਾਰ ਨੂੰ ਚਾਹੀਦਾ ਸੀ ਕਿ 1186 ਡਿਸਪੈਂਸਰੀਆਂ ਜਿਨ੍ਹਾਂ ਵਿੱਚੋਂ 550 ਵਿਚ ਡਾਕਟਰ ਨਹੀਂ ਹਨ, ਨੂੰ ਚੰਗੀ ਤਰਾਂ ਚਲਾਉਣ ਲਈ ਨਵੇਂ ਡਾਕਟਰ ਭਰਤੀ ਕਰਨੇ ਚਾਹੀਦੇ ਸਨ ਜਿਸ ਨਾਲ ਲੋਕਾਂ ਨੂੰ ਸਹਿਤ ਸਹੂਲਤ ਅਤੇ ਰੁਜ਼ਗਾਰ ਮਿਲਦਾ ਅਤੇ ਇਸਦੇ ਉਪਰ ਅਗਰ ਸਰਕਾਰ ਵੱਖਰੇ ਤੌਰ 'ਤੇ 500 ਕਲੀਨਿਕ ਖੋਲ੍ਹਦੀ ਤਾਂ ਕੁਝ ਸਮਝ ਬਣਦੀ ਸੀ ਪਰ ਸਰਕਾਰ ਨਾ ਸਿਰਫ ਲੋਕਾਂ ਨੂੰ ਬੇਵਕੂਫ ਸਮਝਣ ਦੀ ਗਲਤੀ ਕਰ ਰਹੀ ਹੈ ਬਲਕਿ ਟੈਕਸ ਦੇ ਪੈਸੇ ਸਿਰਫ ਆਪਣਾ ਨਾਮ ਚਮਕਾਉਣ ਲਈ ਬਰਬਾਦ ਕਰ ਰਹੀ ਹੈ। ਇਨ੍ਹਾਂ ਕਲੀਨਿਕਾਂ ਨਾਲ ਮੈਡੀਕਲ ਸੁਵਿਧਾ ਦੀ ਪੂਰਤੀ ਲਈ ਗਰੀਬਾਂ ਨੂੰ ਹੋਰ ਵੀ ਲੰਬਾ ਸਫਰ ਤਹਿ ਕਰਨਾ ਪਿਆ ਕਰੇਗਾ ਜਿਵੇਂ ਪਟਿਆਲਾ ਵਿਚ ਅੱਜ 99 ਦੇ ਕਰੀਬ ਮੈਡੀਕਲ ਸੁਵਿਧਾ ਦੇ ਕੇਂਦਰ ਹਨ ਪਰ ਇਸ ਮਾਡਲ ਦੇ ਲਾਗੂ ਹੋਣ ਪਿੱਛੋਂ ਉਹ ਘਟ ਕੇ 39 ਦੇ ਕਰੀਬ ਰਹਿ ਜਾਣਗੇ ।ਉਨ੍ਹਾਂ ਕਿਹਾ ਕਿ 2006 ਵਿਚ ਭਰਤੀ ਕੀਤੇ ਡਾਕਟਰਾਂ ਅਤੇ ਫਾਰਮਾਸਿਸਟਾਂ ਨਾਲ ਪੇਂਡੂ ਸਟੇਸ਼ਨ 'ਤੇ ਰਹਿ ਕੇ ਨੌਕਰੀ ਕਰਨ ਦੇ ਸਮਝੌਤੇ ਕੀਤੇ ਗਏ ਹਨ ਅਤੇ ਸਰਕਾਰ ਵੱਲੋ ਉਨ੍ਹਾਂ ਨੂੰ ਇਨ੍ਹਾਂ ਕਲੀਨਿਕਾਂ ਤੇ ਅਪੁਆਇੰਟ ਕਰਨਾ ਇਸ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਚੋਣ ਵਾਅਦਿਆਂ ਦੌਰਾਨ ਇਹ ਕਲੀਨਿਕ ਖੋਲਣ ਦੀ ਗੱਲ ਤਾਂ ਕੀਤੀ ਸੀ ਪਰ ਇਹ ਨਹੀਂ ਸੀ ਕੀਤੀ ਕਿ ਡਿਸਪੈਂਸਰੀਆਂ ਦੀ ਬਲੀ ਦੇ ਕੇ ਖੋਲ੍ਹੀਆਂ ਜਾਣਗੀਆਂ। ਸੋ ਸਰਕਾਰ ਇੱਕ ਵਾਰ ਫਿਰ ਪੰਜਾਬੀਆਂ ਨਾਲ ਧੋਖਾ ਕਰ ਰਹੀ ਹੈ ਤੇ ਜਥੇਬੰਦੀ ਇਸਦੀ ਸਖਤ ਨਿਖੇਧੀ ਕਰਦੀ ਹੈ। ਅਖੀਰ 'ਤੇ ਉਨ੍ਹਾਂ ਸਾਰੇ ਅੰਮ੍ਰਿਤਸਰ ਵਾਸੀਆਂ ਸਮੇਤ ਪੰਜਾਬੀਆਂ ਨੂੰ 26 ਤੇ 29 ਜਨਵਰੀ ਦੇ ਪ੍ਰੋਗਰਾਮਾਂ ਵਿਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।



# ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਸਰਹੱਦ ਨੇੜੇ ਧੜੱਲੇ ਨਾਲ ਹੁੰਦੀ ਹੈ ਮਾਈਨਿੰਗ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)-ਬੇਸ਼ੱਕ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਰਹੱਦ ਨੇੜੇ ਕਿਸੇ ਵੀ ਕਿਸਮ ਦੀ ਮਾਈਨਿੰਗ ਉੱਪਰ ਮੁਕੰਮਲ ਪਾਬੰਦੀ ਲਗਾਈ ਗਈ ਹੈ, ਪਰ ਭਾਰਤ-ਪਾਕਿ ਸਰੱਹਦ ਦੇ ਬਿਲਕੁਲ ਨਜ਼ਦੀਕ ਗੁਜ਼ਰਦੀ ਅੱਪਰਬਾਰੀ ਦੁਆਬ ਡਿਫੈਂਸ ਡਰੇਨ ਵਿੱਚ ਧੜੱਲੇ ਨਾਲ ਮਾਈਨਿੰਗ ਚੱਲ ਰਹੀ ਹੈ, ਜਿਸ ਕਾਰਨ ਡਿਫੈਂਸ ਡਰੇਨ ਵਿੱਚ ਡੂੰਘੇ ਟੋਏ ਪੈ ਗਏ ਹਨ ਅਤੇ ਜੰਗਲਾਤ ਵਿਭਾਗ ਵੱਲੋਂ ਲਗਾਏ ਬੂਟਿਆਂ ਨੂੰ ਵੀ ਕਾਫੀ ਨੁਕਸਾਨ ਹੋ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦੋਂ ਜੰਗਲਾਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਨਜਾਇਜ਼ ਮਾਈਨਿੰਗ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮਾਈਨਿੰਗ ਕਰਨ ਵਾਲੇ ਵਿਅਕਤੀਆਂ ਵੱਲੋਂ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਉੱਪਰ ਜਾਨਲੇਵਾ ਹਮਲਾ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਭੱਜ ਕੇ ਆਪਣੀ ਜਾਨ ਬਚਾਈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬੇਲਦਾਰ ਗੁਰਮੇਲ ਸਿੰਘ ਅਤੇ ਬੇਲਦਾਰ ਬਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਨਜਾਇਜ਼ ਮਾਈਨਿੰਗ ਕਾਰਨ ਪੱਟੜੀ ਉੱਪਰੋਂ ਲੰਘਦੀਆਂ ਟਰਾਲੀਆਂ ਕਾਰਨ ਛੋਟੇ ਬੂਟਿਆਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਮਾਈਨਿੰਗ ਕਰਨ ਵਾਲੇ ਵਿਅਕਤੀ ਰੇਤ ਦੀ ਆੜ ਵਿੱਚ ਕਈ ਰੁੱਖ ਵੀ ਕੱਟ ਕੇ ਲੈ ਜਾਂਦੇ ਹਨ। ਉਨ੍ਹਾਂ ਕਿਹਾ ਕਿ ਰੋਜ਼ਾਨਾ ਦਰਜਨਾਂ ਟਰਾਲੀਆਂ ਤੇ ਹੋਰ ਛੋਟੀਆਂ ਰੇਹੜੀਆਂ ਇੱਥੋਂ ਲੰਘਦੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਅੱਜ ਅਸੀਂ ਉਪਰੋਕਤ ਨਜਾਇਜ਼ ਮਾਈਨਿੰਗ ਕਰਨ ਵਾਲੇ ਵਿਅਕਤੀਆਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਸਾਡੇ ਉੱਪਰ ਕਹੀਆਂ ਨਾਲ ਹਮਲਾ ਕਰ ਦਿੱਤਾ। ਜ਼ਿਕਰਯੋਗ ਹੈ ਕਿ ਹਮਲੇ 'ਚ ਬੇਲਦਾਰ ਬਿੰਦਰ ਸਿੰਘ ਜ਼ਖਮੀ ਹੋ ਗਿਆ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਲੱਗਭਗ ਅੱਧਾ ਕਿਲੋ ਮੀਟਰ ਦੌੜ ਕੇ ਆਪਣੀ ਜਾਨ ਬਚਾਈ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਜ਼ਿਆਦਾਤਰ ਵਿਅਕਤੀ ਪਿੰਡ ਨਾਰਲੀ ਨਾਲ ਸਬੰਧਤ ਹਨ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਉਪਰੋਕਤ ਮਾਮਲੇ ਸਬੰਧੀ ਆਪਣੇ ਵਿਭਾਗ ਨੂੰ ਸੂਚਿਤ ਕਰਨ ਮਗਰੋਂ ਇਕ ਲਿਖਤੀ ਦਰਖਾਸਤ ਥਾਣਾ ਖਾਲੜਾ ਵਿਖੇ ਦਰਜ ਕਰਵਾਈ ਗਈ ਹੈ। ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਗੈਰ-ਕਾਨੂੰਨੀ ਮਾਈਨਿੰਗ ਕਰਨ ਵਾਲੇ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕਰਕੇ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ। ਉੱਧਰ ਜਦੋਂ ਇਸ ਮਾਮਲੇ ਸਬੰਧੀ ਥਾਣਾ ਖਾਲੜਾ ਦੇ ਐੱਸਐੱਚਓ ਚਰਨ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੰਗਲਾਤ ਵਿਭਾਗ ਦੇ ਬੇਲਦਾਰ ਵੱਲੋਂ ਦਿੱਤੀ ਗਈ ਦਰਖਾਸਤ ਮਿਲਣ ਮਗਰੋਂ ਉਹ ਇਨਵੈਸਟੀਗੇਸ਼ਨ ਲਈ ਉਪਰੋਕਤ ਸਥਾਨ 'ਤੇ ਗਏ ਸਨ, ਜਿੱਥੋਂ ਉਨ੍ਹਾਂ ਨੇ ਇਕ ਲਾਵਾਰਸ ਰੇਹੜੀ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੈ। ਥਾਣਾ ਮੁਖੀ ਨੇ ਕਿਹਾ ਕਿ ਹੁਣ ਉਹ ਅੱਪਰਬਾਰੀ ਦੁਆਬ ਡਿਫੈਂਸ ਡਰੇਨ ਵਿੱਚੋਂ ਕਿਸੇ ਨੂੰ ਵੀ ਮਾਈਨਿੰਗ ਨਹੀਂ ਕਰਨ ਦੇਣਗੇ।

## ਜਨਮ ਦਿਨ ਮੁਬਾਰਕ



ਯਾਦਵੀ, ਕਰਤਾਰਪੁਰ



ਅੰਮ੍ਰਿਤਪ੍ਰੀਤ ਕੌਰ, ਹੁਸ਼ਿਆਰਪੁਰ



ਅਰਮਾਨਦੀਪ ਸਿੰਘ

## ਸ਼ਹਿਨਾਈਆਂ



ਗੁਰਵਿੰਦਰ ਸਿੰਘ ਤੇ ਰਮਨਦੀਪ ਕੌਰ ਵਾਸੀ ਮੰਡੀ ਕਲਾਂ ਨੇ ਵਿਆਹ ਦੀ 12ਵੀਂ ਵਰ੍ਹੇਗੰਢ ਮਨਾਈ।



ਰਜੀਵ ਕੁਮਾਰ ਤੇ ਚਰਨਕੰਵਲ ਨੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ।



ਦਿਲਬਾਗ ਸਿੰਘ ਵਾਸੀ ਮੋਰਿੰਡਾ ਦੀ ਪੁੱਤਰੀ ਸਰਬਜੀਤ ਕੌਰ ਦਾ ਵਿਆਹ ਮੱਘਰ ਸਿੰਘ ਵਾਸੀ ਘੰਨਾ ਪੁੱਤਰ ਗੁਰਜੀਤ ਸਿੰਘ ਨਾਲ ਹੋਇਆ।



ਰਛਪਾਲ ਸਿੰਘ ਭੁੱਲਰ ਤੇ ਮੁਖਤਿਆਰ ਕੌਰ ਭੁੱਲਰ ਨੇ ਪਰਥ 'ਚ ਆਪਣੇ ਵਿਆਹ ਦੀ 41ਵੀਂ ਵਰ੍ਹੇਗੰਢ ਮਨਾਈ।

# ਏਅਰਪੋਰਟ ਦਿੱਲੀ ਲਈ ਸਰਕਾਰੀ ਵੋਲਵੋ ਬੱਸ ਸਰਵਿਸ ਨਾਲ ਨਿੱਜੀ ਕੰਪਨੀਆਂ ਦਾ ਏਕਾਧਿਕਾਰ ਖਤਮ

**ਨੰਗਲ (ਸੁਰਜੀਤ ਸਿੰਘ)**—ਏਅਰਪੋਰਟ ਦਿੱਲੀ ਲਈ ਸਰਕਾਰੀ ਵੋਲਵੋ ਬੱਸ ਸਰਵਿਸ ਨਾਲ ਨਿੱਜੀ ਕੰਪਨੀਆਂ ਦਾ ਏਕਾਧਿਕਾਰ ਖਤਮ ਹੋਇਆ ਹੈ ਜਦਕਿ ਪਹਿਲਾਂ ਇਹ ਕੰਪਨੀਆਂ ਆਪਣੀ ਮਨਮਰਜ਼ੀ ਨਾਲ 3000 ਰੁਪਏ ਤੋਂ 3500 ਰੁਪਏ ਤੱਕ ਕਿਰਾਇਆ ਵਸੂਲ ਕਰਦੀਆਂ ਸਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਨੰਗਲ ਤੋਂ ਨਵੀਂ ਵੋਲਵੋ ਬੱਸ ਨੂੰ ਹਰੀ ਝੰਡੀ ਦਿੰਦਿਆਂ ਕੀਤਾ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਵੀ ਮੌਜੂਦ ਸਨ। ਟਰਾਂਸਪੋਰਟ ਮੰਤਰੀ ਨੇ ਇੱਥੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜੂਨ 2022 ਨੂੰ ਜਲੰਧਰ ਤੋਂ ਵਿਦੇਸ਼ੀ ਸਫਰ ਕਰਨ ਵਾਲੇ ਪੰਜਾਬੀਆਂ ਲਈ ਵੋਲਵੋ ਬੱਸ ਸਰਵਿਸ ਸ਼ੁਰੂ ਕੀਤੀ ਗਈ ਸੀ ਜਦਕਿ ਸੂਬੇ ਦੇ ਵੱਖ ਵੱਖ ਸ਼ਹਿਰਾਂ ਤੋਂ ਮਹਿਜ ਕੁਝ ਸਮੇਂ ਦੌਰਾਨ ਹੀ ਲਗਭਗ 80,000 ਯਾਤਰੀਆਂ ਨੇ ਇਸ ਸੇਵਾ ਦਾ ਲਾਭ ਲਿਆ। ਉਨ੍ਹਾਂ ਅੱਗੇ ਕਿਹਾ ਕਿ ਆਮ ਪਬਲਿਕ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆ ਨੰਗਲ ਸ਼ਹਿਰ ਤੋਂ ਆਈ ਜੀ ਆਈ ਏਅਰਪੋਰਟ ਦਿੱਲੀ (ਟਰਮੀਨਲ–3) ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਰੋਜ਼ਾਨਾ ਦੁਪਹਿਰ 1:30 ਵਜੇ ਤੋਂ ਸਿਰਫ 1130 ਰੁਪਏ ਦੇ ਕਿਰਾਏ ਨਾਲ ਇਹ ਸਫਰ ਤੈਅ ਕਰ ਸਕਣਗੇ।



ਇਹ ਬੱਸ ਰਾਤ 11:40 ਤੋਂ ਏਅਰਪੋਰਟ ਦੇ ਪਬਲਿਕ ਟਰਾਂਸਪੋਰਟ ਸੈਂਟਰ ਤੋਂ ਅਤੇ ਆਈ ਐਸ ਬੀ ਟੀ ਦਿੱਲੀ ਤੋਂ ਰਾਤ 12:50 ਵਜੇ ਚੱਲੇਗੀ। ਟਰਾਂਸਪੋਰਟ ਮੰਤਰੀ ਨੇ ਐਲਾਨ ਕਰਦਿਆਂ ਕਿਹਾ ਕਿ ਨੰਗਲ ਬੱਸ ਸਟੈਂਡ ਵਿਖੇ ਜਲਦ ਸ਼ੌਪਿੰਗ ਕੰਪਲੈਕਸ ਬਣਾਇਆ ਜਾਵੇਗਾ। ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਨੰਗਲ ਸ਼ਹਿਰ ਨੂੰ ਦਿੱਤੇ ਇਸ ਤੋਹਫੇ ਲਈ ਧੰਨਵਾਦ ਕੀਤਾ। ਨੰਗਲ ਵਿਖੇ ਸਕੂਲ ਆਫ ਐਮੀਨੈਂਸ ਦਾ ਨਾਂਅ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਦੇ ਨਾਂਅ ਉੱਤੇ ਰੱਖਿਆ ਜਾਵੇਗਾ ਅਤੇ ਇਸੇ ਤਰਾਂ ਹੀ ਕੀਰਤਪੁਰ ਸਾਹਿਬ ਵਿਖੇ ਸਕੂਲ ਦਾ ਨਾਂਅ ਗੁਰੂ ਹਰਕ੍ਰਿਸ਼ਨ ਜੀ ਦੇ ਨਾਂਅ ਉੱਤੇ ਰੱਖਿਆ ਜਾਵੇਗਾ।

# ਡੀ ਏ ਵੀ ਸਕੂਲ ਦੇ ਸਥਾਪਨਾ ਦਿਵਸ ਸਮਾਰੋਹ ਮੌਕੇ ਸੰਜੀਵ ਅਰੋੜਾ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦੇ 125ਵੇਂ ਸਥਾਪਨਾ ਦਿਵਸ ਮੌਕੇ ਤੇ ਕਰਵਾਏ ਗਏ ਸਮਾਰੋਹ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ.ਏ.ਵੀ. ਕਾਲਜ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਡਾ. ਅਨੂਪ ਕੁਮਾਰ ਅਤੇ ਸਕੱਤਰ ਸਾਬਕਾ ਪ੍ਰਿੰਸੀਪਲ ਡੀ.ਐਲ. ਆਨੰਦ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਡਾਇਰੈਕਟਰ ਸਰਵਹਿੱਤਕਾਰੀ ਪ੍ਰਿੰਸੀਪਲ ਦੇਸ਼ਰਾਜ ਨੇ ਸੰਜੀਵ ਅਰੋੜਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਅਰੋੜਾ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਇਕ ਵਿਸ਼ੇਸ਼ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਅਰੋੜਾ ਦੀ ਅਗਵਾਈ ਹੇਠ ਨਾ ਕੇਵਲ ਭਾਵਿਪ ਸਗੋਂ ਹੋਰ ਸੰਸਥਾਵਾਂ ਰਾਹੀਂ ਵੀ ਸਮਾਜ ਸੇਵਾ ਦੇ ਕੰਮਾਂ ਵਿੱਚ ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਹੁੰਦਾ ਹੈ। ਜਿਸ ਦੇ ਚਲਦੇ ਕਈ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦਾਨ, ਲੋੜਵੰਦ ਬੱਚਿਆਂ ਦੀ ਪੜ੍ਹਾਈ ਅਤੇ ਲੜਕੀਆਂ ਦੇ ਵਿਆਹ ਵਿਚ ਵੀ ਉਨ੍ਹਾਂ ਦਾ ਯੋਗਦਾਨ ਵਡਮੁੱਲਾ ਹੈ। ਪ੍ਰਧਾਨ ਡਾ. ਅਨੂਪ ਕੁਮਾਰ ਨੇ ਕਿਹਾ ਕਿ ਸਕੂਲ ਨੂੰ ਭਾਵਿਪ ਦਾ ਬਹੁਤ ਸਹਿਯੋਗ ਮਿਲਦਾ ਰਹਿੰਦਾ ਹੈ ਅਤੇ ਪ੍ਰਬੰਧਕਾਂ ਵਲੋਂ ਜਦੋਂ ਵੀ ਕਿਸੇ ਬੱਚੇ ਦੀ ਮਦਦ ਲਈ ਸੰਸਥਾ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਭਾਵਿਪ ਦੇ ਮੈਂਬਰ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਅੱਖਾਂ ਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਅਰੋੜਾ ਦੇ ਸ਼ਲਾਘਾਯੋਗ ਯਤਨਾਂ ਸਦਕਾ ਡੀ.ਏ.ਵੀ. ਕਾਲਜ ਦੇ ਬਹੁਤ ਸਾਰੇ ਨੌਜਵਾਨ ਵਿਦਿਆਰਥੀ ਅੱਖਾਂ ਦਾਨ ਮੁਹਿਮ ਨਾਲ ਜੁੜੇ ਹੋਏ ਹਨ। ਅਜਿਹੀਆਂ ਸੰਸਥਾਵਾਂ ਦਾ ਸਮਾਜ ਵਿੱਚ ਹਮੇਸ਼ਾਂ ਇੱਕ ਵਿਸ਼ੇਸ਼ ਸਥਾਨ ਹੁੰਦਾ ਹੈ। ਇਸ ਮੌਕੇ ਸ੍ਰੀ ਅਰੋੜਾ ਨੇ



ਡੀ.ਏ.ਵੀ ਕਾਲਜ ਪ੍ਰਬੰਧਕ ਕਮੇਟੀ ਅਤੇ ਆਏ ਹੋਏ ਮਹਿਮਾਨਾਂ ਦਾ ਉਨ੍ਹਾਂ ਦਾ ਸਨਮਾਨ ਕਰਨ ਲਈ ਧੰਨਵਾਦ ਕੀਤਾ। ਅਰੋੜਾ ਨੇ ਕਿਹਾ ਕਿ ਉਨ੍ਹਾਂ ਦੀਆਂ ਸੰਸਥਾਵਾਂ ਦਾ ਮਨੁੱਖੀ ਸੇਵਾ ਦੇ ਕਾਰਜਾਂ ਵਿੱਚ ਕੇਵਲ ਅੰਸ਼ਿਕ ਯੋਗਦਾਨ ਹੈ ਅਤੇ ਇਹ ਕੋਸ਼ਿਸ਼ ਰਹਿੰਦੀ ਹੈ ਕਿ ਲੋੜਵੰਦਾਂ ਦੀ ਵੱਧ ਤੋਂ ਵੱਧ ਸੇਵਾ ਕੀਤੀ ਜਾਵੇ। ਜਿਸ ਲਈ ਉਨ੍ਹਾਂ ਦੀ ਪੂਰੀ ਟੀਮ 24 ਘੰਟੇ ਤਿਆਰ ਰਹਿੰਦੀ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੀ ਸਮੁੱਚੀ ਟੀਮ ਦੇ ਨਿਸ਼ਕਾਮ ਸਹਿਯੋਗ ਨਾਲ ਹੀ ਅੱਖਾਂ ਦਾਨ ਤੋਂ ਇਲਾਵਾ ਦੇਹ ਪ੍ਰੋਜੈਕਟ ਸਫਲ ਹੋ ਪਾ ਰਹੇ ਹਨ। ਉਨ੍ਹਾਂ ਨੇ ਡੀ ਏ ਵੀ ਸਕੂਲ ਦੇ 125ਵੇਂ ਸਥਾਪਨਾ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਡੀ.ਏ.ਵੀ ਸੰਸਥਾ ਦਾ ਸਿੱਖਿਆ ਦੇ ਖੇਤਰ ਚ ਵਡਮੁੱਲਾ ਯੋਗਦਾਨ ਹੈ ਤੇ ਰਹੇਗਾ। ਇਸ ਮੌਕੇ ਡਾਇਰੈਕਟਰ ਡਾ. ਸ਼ਾਮ ਸੁੰਦਰ ਸ਼ਰਮਾ, ਸਾਬਕਾ ਪ੍ਰਿੰਸੀਪਲ ਰਤਨ ਮਹਿਤਾ, ਸੰਯੁਕਤ ਸਕੱਤਰ ਪ੍ਰੋ. ਸ਼ਰਨਜੀਤ ਸੈਣੀ, ਮੈਂਬਰ ਰਣੀਸ਼ ਸ਼ਰਮਾ, ਉਪ ਪ੍ਰਧਾਨ ਪ੍ਰੋ. ਆਰ.ਐਸ. ਭੱਲਾ, ਮੈਂਬਰ ਸੁਭਾਸ਼ ਗਾਂਧੀ ਅਤੇ ਭਾਰਤ ਵਿਕਾਸ ਪ੍ਰੀਸ਼ਦ ਤੋਂ ਰਜਿੰਦਰ ਮੋਦਗਿਲ, ਵਿਜੇ ਅਰੋੜਾ, ਸ਼ਾਖਾ ਬੱਗਾ ਅਤੇ ਪ੍ਰਮੋਦ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਪ੍ਰਭਜੋਤ ਕੌਰ ਨੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਵਜੋਂ ਸੰਭਾਲਿਆ ਅਹੁਦਾ

**ਮੁਹਾਲੀ ( ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਵਲੋਂ ਸ੍ਰੀਮਤੀ ਪ੍ਰਭਜੋਤ ਕੌਰ ਨੂੰ ਜ਼ਿਲ੍ਹਾ ਐਸ.ਏ.ਐਸ.ਨਗਰ ਦੇ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਲਾਇਆ ਗਿਆ ਹੈ। ਉਨ੍ਹਾਂ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣਾ ਅਹੁਦਾ ਸੰਭਾਲਿਆ ਗਿਆ। ਇਸ ਦੌਰਾਨ ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ, ਅਮਨ ਅਰੋੜਾ, ਚੇਤਨ ਸਿੰਘ ਜੋੜੇਮਾਜਰਾ, ਹਰਪਾਲ ਸਿੰਘ ਚੀਮਾ, ਬ੍ਰਹਮ ਸ਼ੰਕਰ ਸ਼ਰਮਾ ਜਿੰਪਾ ਅਤੇ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਸਮੇਤ ਪਤਵੰਤੇ ਹਾਜਰ ਸਨ। ਉਨ੍ਹਾਂ ਨੇ ਸ੍ਰੀਮਤੀ ਪ੍ਰਭਜੋਤ ਕੌਰ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਅਦਾਰੇ ਤੇ ਸੰਸਥਾ ਦੀ ਜ਼ਿੰਮੇਵਾਰੀ ਇਮਾਨਦਾਰ ਤੇ ਮਿਹਨਤੀ ਲੋਕਾਂ ਨੂੰ ਸੌਂਪ ਰਹੀ ਹੈ। ਜਦੋਂ ਵੱਖੋ ਵੱਖੋ ਸੰਸਥਾਵਾਂ ਤੇ ਅਦਾਰੇ ਪੂਰਨ ਇਮਾਨਦਾਰੀ ਨਾਲ ਕੰਮ ਕਰਨਗੇ ਤਾਂ ਪੰਜਾਬ ਨੂੰ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਉਹਨਾਂ ਕਿਹਾ ਕਿ ਉਹਨਾਂ ਨੂੰ ਪੂਰਨਾ ਭਰੋਸਾ ਹੈ ਕਿ ਸ੍ਰੀਮਤੀ ਪ੍ਰਭਜੋਤ ਕੌਰ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣਗੇ। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਸ੍ਰੀਮਤੀ ਪ੍ਰਭਜੋਤ ਕੌਰ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ, ਜਿਹਨਾਂ ਨੇ ਉਨ੍ਹਾਂ 'ਤੇ ਭਰੋਸਾ ਪ੍ਰਗਟਾ ਕੇ



ਉਹਨਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਹੈ। ਉਹਨਾਂ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਪ੍ਰਤੀਬੱਧਤਾ ਨਾਲ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਲੋਕਾਂ ਦੀਆਂ ਆਸਾਂ 'ਤੇ ਖ਼ਰਾ ਉਤਰਨ ਲਈ ਪੂਰੇ ਪੂਰੇ ਯਤਨ ਕੀਤੇ ਜਾਣਗੇ। ਜ਼ਿਲ੍ਹੇ ਦੀ ਤਰੱਕੀ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹੇ ਦੇ ਸਰਬਪੱਖੀ ਵਿਕਾਸ ਵਾਸਤੇ ਪੁਰਜ਼ੋਰ ਕੰਮ ਕਰਨਗੇ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਅਮ੍ਰਿਤਪਾਲ ਸਿੰਘ ਐਂਟੀ ਕ੍ਰਾਈਮ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਦੇ ਸੂਬਾ ਸੰਯੁਕਤ ਸਕੱਤਰ ਨਿਯੁਕਤ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਐਂਟੀ ਕੁਰੱਪਸ਼ਨ ਐਂਟੀ ਕ੍ਰਾਈਮ ਫਾਊਂਡੇਸ਼ਨ ਪੰਜਾਬ ਟੀਮ ਦੀ ਮੀਟਿੰਗ ਐਂਟੀ ਕੁਰੱਪਸ਼ਨ ਐਂਟੀ ਕ੍ਰਾਈਮ ਦਫਤਰ ਵਿਖੇ ਸੂਬਾ ਮੀਤ ਪ੍ਰਧਾਨ ਗੁਰਦੇਵ ਸਿੰਘ ਦੀ ਅਗਵਾਈ ਹੇਠ ਬੁਲਾਈ ਗਈ, ਜਿਸ ਵਿੱਚ ਕੌਮੀ ਮੀਤ ਪ੍ਰਧਾਨ ਅਤੇ ਸੂਬਾ ਪ੍ਰਧਾਨ ਪੰਜਾਬ ਹੁਸਨ ਚੰਦ ਸੈਣੀ ਦਾ ਇਥੇ ਪਹੁੰਚਣ 'ਤੇ ਸੰਸਥਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ। ਸੰਸਥਾ ਦੇ ਕੌਮੀ ਮੀਤ ਪ੍ਰਧਾਨ ਅਤੇ ਸੂਬਾ ਪ੍ਰਧਾਨ ਹੁਸਨ ਚੰਦ ਸੈਣੀ ਨੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਕੰਮਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਡਾ ਪਹਿਲਾ ਕੰਮ ਪੂਰੇ ਭਾਰਤ ਵਿੱਚ ਭ੍ਰਿਸ਼ਟਾਚਾਰ ਅਤੇ ਅੱਤਿਆਚਾਰ ਖਿਲਾਫ ਅਵਾਜ਼ ਉਠਾਉਣਾ ਤੇ ਕਿਸੇ ਨਾਲ ਹੋ ਰਹੇ ਅੱਤਿਆਚਾਰ ਵਾਲੇ ਵਿਅਕਤੀ ਦਾ ਸਹਿਯੋਗ ਕਰਨਾ ਅਤੇ ਭ੍ਰਿਸ਼ਟਾਚਾਰ ਵਿਰੁੱਧੀ ਕਾਨੂੰਨ ਦੇ ਪ੍ਰਤੀ ਜਾਗਰੂਕਤਾ ਲਈ ਥਾਂ-ਥਾਂ ਕੈਂਪ ਲਗਵਾ ਕਰ ਜਨਤਾ ਨੂੰ ਜਾਗਰਿਤ ਕਰਨਾ ਹੈ। ਇਸ ਉਪਰੰਤ ਉਨ੍ਹਾਂ ਕਿਹਾ ਕਿ ਸਾਡੀ ਸੰਸਥਾ ਦੇ ਕੌਮੀ ਪ੍ਰਧਾਨ ਗਣੇਸ਼ ਸਿੰਘ ਰਾਜਪ੍ਰੋਹਿਤ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕੌਮੀ ਮੀਤ ਪ੍ਰਧਾਨ ਰਣਜੀਤ ਰਾਜਪ੍ਰੋਹਿਤ, ਕੌਮੀ ਕਾਨੂੰਨੀ ਸਲਾਹਕਾਰ ਐਡਵੋਕੇਟ ਕਿਸ਼ੋਰ ਸਿੰਘ, ਕੌਮੀ ਸਕੱਤਰ ਪੰਕਜ ਦਵੈ, ਵਿਕ੍ਰਮ ਰਾਜਪ੍ਰੋਹਿਤ, ਉਮੇਦ ਸਿੰਘ, ਮੀਡੀਆ ਇੰਚਾਰਜ ਮਾਨ ਸਿੰਘ ਅਤੇ ਕਮੇਟੀ ਦੇ ਸਾਰੇ ਅਹੁਦੇਦਾਰਾਂ ਵੱਲੋਂ ਕੌਮੀ ਪ੍ਰਧਾਨ ਗਣੇਸ਼ ਸਿੰਘ ਰਾਜਪ੍ਰੋਹਿਤ ਦੀ ਅਗਵਾਈ 'ਚ ਇਹ ਫੈਸਲਾ ਲਿਆ ਗਿਆ ਕਿ ਸੰਸਥਾ ਦੇ ਕੰਮਾਂ ਵਿੱਚ ਵਧੀਆ ਭੂਮਿਕਾ ਨਿਭਾਉਣ ਵਾਲੇ ਮੈਂਬਰਾਂ ਨੂੰ ਪਦਉੱਨਤ ਕਰਕੇ ਅੱਗੇ ਜਾਣ ਦਾ ਮੌਕਾ ਦਿੱਤਾ ਜਾਵੇ, ਜਿਸ ਵਿੱਚ ਕੌਮੀ ਮੀਤ ਪ੍ਰਧਾਨ ਅਤੇ ਸੂਬਾ ਪ੍ਰਧਾਨ ਹੁਸਨ ਚੰਦ ਸੈਣੀ ਨੇ ਐਂਟੀ ਕੁਰੱਪਸਨ ਐਂਟੀ ਕ੍ਰਾਈਮ ਫਾਊਂਡੇਸ਼ਨ ਦੀ ਪੰਜਾਬ ਟੀਮ ਦਾ ਵਿਸਤਾਰ ਕਰਦੇ ਹੋਏ ਐਂਟੀ ਕੁਰੱਪਸ਼ਨ ਐਂਟੀ ਕ੍ਰਾਈਮ ਫਾਊਂਡੇਸ਼ਨ ਟੀਮ ਵਿੱਚ ਵਧੀਆ ਭੂਮਿਕਾ ਨਿਭਾਉਣ ਵਾਲੇ ਅਹੁਦੇਦਾਰਾਂ ਨੂੰ ਪਦਉਨਤ ਕਰ ਜਿਨ੍ਹਾਂ ਵਿੱਚ, ਅਮ੍ਰਿਤਪਾਲ ਸਿੰਘ ਬਣਵੈਤ ਨੂੰ ਜ਼ਿਲ੍ਹਾ ਪ੍ਰਧਾਨ ਤੋਂ ਸੂਬਾ ਸੰਯੁਕਤ ਸਕੱਤਰ ਨਿਯੁਕਤ ਕੀਤਾ ਅਤੇ ਸਾਥ ਹੀ ਸੰਸਥਾ 'ਚ ਸ਼ਾਮਲ ਹੋਏ ਨਵੇਂ ਮੈਂਬਰਾਂ ਨੂੰ ਨਿਯੁਕਤੀ ਪੱਤਰ ਦੇਣ ਤੋਂ ਬਾਅਦ ਸੰਸਥਾ ਦੇ ਕੌਮੀ ਮੀਤ ਪ੍ਰਧਾਨ ਅਤੇ ਸੂਬਾ ਪ੍ਰਧਾਨ ਹੁਸਨ ਚੰਦ ਸੈਣੀ ਨੇ ਸਾਰਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੂਬਾ ਸਕੱਤਰ ਪ੍ਰਤਾਪ ਸਿੰਘ ਸੈਣੀ, ਹਰਪ੍ਰੀਤ ਸੈਣੀ ਜ਼ਿਲ੍ਹਾ ਯੂਥ ਕੁਆਰਡੀਨੇਟਰ ਰੋਪੜ, ਰਾਮ ਪ੍ਰਤਾਪ ਜ਼ਿਲ੍ਹਾ ਸਕੱਤਰ ਰੋਪੜ, ਮਨਜੀਤ ਕੌਰ ਜ਼ਿਲ੍ਹਾ ਮੀਤ ਪ੍ਰਧਾਨ ਮਹਿਲਾ ਵਿੰਗ ਰੋਪੜ, ਜ਼ਿਲ੍ਹਾ ਸਕੱਤਰ ਅਮਰ ਸਿੰਘ, ਸਕੱਤਰ ਹਰੀ ਸਿੰਘ, ਚੰਦਨ ਵਰਮਾ ਬਲਾਕ ਪ੍ਰਧਾਨ ਰੋਪੜ, ਚਿਤਰੰਜਨ ਸ਼ਰਮਾ ਬਲਾਕ ਮੀਤ ਪ੍ਰਧਾਨ ਨੰਗਲ, ਸਾਹਿਲ ਜੋਸ਼ੀ ਬਲਾਕ ਸਕੱਤਰ ਰੋਪੜ, ਵਿਕਟਰ, ਅਮਨਪ੍ਰੀਤ ਆਦਿ ਮੌਜੂਦ ਸਨ।



ਪ੍ਰਾਇਮਰੀ ਹੈਲਥ ਸੈਂਟਰ ਜੰਡਿਆਲਾ ਨੂੰ ਬੰਦ ਕਰਕੇ ਮੁਹੱਲਾ ਕਲੀਨਿਕ ਬਣਾਉਣ ਦੇ ਵਿਰੋਧ ਵਿੱਚ ਜੰਡਿਆਲਾ ਦੇ ਮੋਹਤਬਰਾਂ ਵਲੋਂ ਜੰਡਿਆਲਾ ਦੇ ਸਰਪੰਚ ਮੱਖਣ ਪੱਲਣ ਦੀ ਅਗਵਾਈ ਵਿੱਚ ਏ ਡੀ ਸੀ ਜਲੰਧਰ ਨੂੰ ਮੈਮੋਰੰਡਮ ਦਿੰਦੇ ਹੋਏ ਸਰਪੰਚ ਮੱਖਣ ਪੱਲਣ, ਤਰਸੇਮ ਸਿੰਘ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ ਅਤੇ ਕੁਲਵੰਤ ਸਿੰਘ।

*(ਫੋਟੋ ਤੇ ਵੇਰਵਾ : ਬਾਲੀ, ਨੂਰਮਹਿਲ)*

# ਪਿੰਡ ਗੜ੍ਹਾ 'ਚ ਸਰਬੱਤ ਦਾ ਭਲਾ ਵੈਲਫੇਅਰ ਸੁਸਾਇਟੀ ਦਾ ਗਠਨ

**ਫਿਲੌਰ (ਨਿਰਮਲ)** - ਫਿਲੌਰ ਦੇ ਨਜ਼ਦੀਕੀ ਪਿੰਡ ਗੜ੍ਹਾ ਵਿਖੇ ਪ੍ਰਮੁੱਖ ਵਿਅਕਤੀਆਂ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸਮਾਜ ਸੇਵੀ ਕੰਮ ਕਰਨ ਦੇ ਮੰਤਵ ਨਾਲ ਸਰਬੱਤ ਦਾ ਭਲਾ ਵੈਲਫੇਅਰ ਸੁਸਾਇਟੀ ਦਾ ਗਠਨ ਸਰਬਸੰਮਤੀ ਨਾਲ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਸੁਸਾਇਟੀ ਦਾ ਸੁਰਜਨ ਦਾਸ ਨੂੰ ਪ੍ਰਧਾਨ, ਗੁਰਪਾਲ ਸਿੰਘ ਔਲਖ ਉੱਪ ਪ੍ਰਧਾਨ, ਗੁਰਮੀਤ ਸਿੰਘ ਜਨਰਲ ਸੈਕਟਰੀ, ਸੁਖਵਿੰਦਰ ਪਾਲ ਜੁਆਇੰਟ ਸਕੱਤਰ, ਪ੍ਰਸ਼ੋਤਮ ਸਿੰਘ ਖਜ਼ਾਨਚੀ, ਹੰਸ ਰਾਜ ਜੁਆਇੰਟ ਖਜ਼ਾਨਚੀ, ਦਲਵੀਰ ਕੌਰ ਮੁੱਖ ਸਲਾਹਕਾਰ, ਰਣਜੀਤ ਸਿੰਘ, ਜਗਦੀਸ਼ ਸਿੰਘ, ਕੇਸਰ ਰਾਮ, ਮਨਜੀਤ ਲਾਲ ਮੈਂਬਰ ਚੁਣੇ ਗਏ, ਜਿਨ੍ਹਾਂ ਇਸ ਮੌਕੇ 'ਤੇ ਸੁਸਾਇਟੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਸੰਬੰਧੀ ਵਿਚਾਰਾਂ ਕੀਤੀਆਂ।

# ਡਿਪਟੀ ਕਮਿਸ਼ਨਰ ਨੇ ਫਲਾਈਓਵਰ ਦੇ ਚੱਲ ਰਹੇ ਕੰਮ ਦਾ ਲਿਆ ਜਾਇਜ਼ਾ

**ਨੰਗਲ (ਸੁਰਜੀਤ ਸਿੰਘ)**

ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਨੇ ਨੰਗਲ ਵਿੱਚ ਉਸਾਰੇ ਜਾ ਰਹੇ ਫਲਾਈ ਓਵਰ ਦੇ ਚੱਲ ਰਹੇ ਕੰਮ ਦਾ ਜਾਇਜਾ ਲਿਆ ਅਤੇ ਫਲਾਈ ਓਵਰ ਜਲਦੀ ਮੁਕੰਮਲ ਕਰਨ ਲਈ ਕਿਹਾ। ਆਪਣੇ ਨੰਗਲ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ, ਐਸ.ਡੀ.ਐਮ ਮਨੀਸ਼ਾ ਰਾਣਾ ਅਤੇ ਹੋਰ ਅਧਿਕਾਰੀਆਂ ਨਾਲ ਫਲਾਈ ਓਵਰ ਦੇ ਚੱਲ ਰਹੇ ਕੰਮ ਦਾ ਜਾਇਜਾ ਲੈਣ ਪਹੁੰਚੇ। ਉਨ੍ਹਾਂ ਨੇ ਦੱਸਿਆ ਕਿ ਸਥਾਨਕ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਫਲਾਈ ਓਵਰ ਦੇ ਚੱਲ ਰਹੇ ਕੰਮ ਨੂੰ ਜਲਦੀ ਮੁਕੰਮਲ ਕਰਨ ਲਈ ਕਿਹਾ ਹੈ। ਜਿਲ੍ਹਾ ਪ੍ਰਸ਼ਾਸਨ ਵੱਲੋ ਨਿਰੰਤਰ ਇਸ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਫਲਾਈ ਓਵਰ ਦੇ ਕੰਮ ਵਿੱਚ ਹੁਣ ਕੋਈ ਅੜਚਣ ਨਹੀ ਹੈ, ਸਾਰੇ ਇਤਰਾਜਹੀਨ ਦਾ ਸਰਟੀਫਿਕੇਟ ਲੈ ਲਏ ਹਨ, ਸਾਰੀਆਂ ਪ੍ਰਵਾਨਗੀਆਂ ਮੁਕੰਮਲ ਹੋ ਗਈਆਂ ਹਨ, ਇਸ ਫਲਾਈ ਓਵਰ ਨੂੰ ਜਲਦੀ ਮੁਕੰਮਲ ਕਰਕੇ ਲੋਕ ਅਰਪਣ ਕੀਤਾ ਜਾਵੇਗਾ। ਜਿਸ ਨਾਲ ਨੰਗਲ ਵਾਸੀਆਂ ਨੂੰ ਟ੍ਰੈਫਿਕ ਜਾਮ ਦੀ ਸਮੱਸਿਆਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਨੇ ਦੱਸਿਆ ਕਿ ਫਲਾਈ ਓਵਰ ਦੇ ਸ਼ੁਰੂ ਹੋਣ ਨਾਲ ਨੰਗਲ ਵਿੱਚ ਟ੍ਰੈਫਿਕ ਜਾਮ ਦੀ ਸਮੱਸਿਆ ਜੜ੍ਹ ਤੋ ਖਤਮ ਹੋ ਜਾਵੇਗੀ। ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਆਉਣ ਜਾਣ ਲਈ ਲੋਕਾਂ ਨੂੰ ਕੋਈ ਮੁਸ਼ਕਿਲ ਨਹੀਂ ਹੋਵੇਗੀ। ਡਿਪਟੀ ਕਮਿਸ਼ਨਰ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਫਲਾਈ ਓਵਰ ਦੇ ਨਿਰਮਾਣ ਦੇ ਕੰਮ ਹੋਰ ਗਤੀ ਦਿੱਤੀ ਜਾਵੇ ਤਾਂ ਜੋ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਹੋ ਸਕੇ।



# ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਵਿਅਕਤੀ ਦੀ ਮੌਤ

**ਫਿਲੌਰ, (ਨਿਰਮਲ)** - ਫਿਲੌਰ ਰੇਲਵੇ ਸਟੇਸ਼ਨ ਨਜ਼ਦੀਕ ਰੇਲਵੇ ਲਾਈਨਾਂ ਪਾਰ ਕਰਦੇ ਵਿਅਕਤੀ ਦੀ ਰੇਲ ਗੱਡੀ ਹੇਠਾਂ ਆਉਣ ਨਾਲ ਮੌਤ ਹੋ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਰੇਲਵੇ ਲਾਈਨਾਂ ਪਾਰ ਕਰਦੇ ਹੋਏ ਮੌਤ ਹੋ ਗਈ, ਜਿਸ ਦੀ ਪਹਿਚਾਣ ਮ੍ਰਿਤਕ ਦੇ ਭਰਾ ਰਾਜਵੀਰ ਸਿੰਘ ਨੇ ਕੀਤੀ। ਮ੍ਰਿਤਕ ਦਾ ਨਾਂਅ ਸੁਖਦੇਵ ਸਿੰਘ ਪੁੱਤਰ ਚਰਨ ਸਿੰਘ ਵਾਸੀ ਗੋਪਾਲ ਕਲੋਨੀ ਪਿੰਡ ਨੰਗਲ ਦੇ ਤੌਰ 'ਤੇ ਹੋਈ। ਮ੍ਰਿਤਕ ਦੇ ਭਰਾ ਦੇ ਬਿਆਨਾਂ ਦੇ ਅਧਾਰ 'ਤੇ ਧਾਰਾ 174 ਦੀ ਕਾਰਵਾਈ ਕਰਕੇ ਲਾਸ਼ ਦਾ ਪੋਸਟ ਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ।

## 13ਵੇਂ ਕੌਮੀ ਵੋਟਰ ਦਿਵਸ ਸਬੰਧੀ ਸਮਾਗਮ ਅੱਜ

**ਕਪੂਰਥਲਾ,(ਰਵਿੰਦਰ ਸਿੰਘ)**—ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ 13ਵੇਂ ਕੌਮੀ ਵੋਟਰ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਸਮਾਗਮ ਸਥਾਨਕ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਕੱਲ੍ਹ 25 ਜਨਵਰੀ ਨੂੰ ਹੋਵੇਗਾ। ਇਸ ਮੌਕੇ ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਸਮਾਗਮ ਦੌਰਾਨ 'ਨਥਿੰਗ ਲਾਇਕ ਵੋਟਿੰਗ, ਆਈ ਵੋਟ ਫਾਰ ਸਿਊਰ' ਵਿਸ਼ਾ ਹੋਵੇਗਾ। ਇਸ ਤੋਂ ਇਲਾਵਾ ਵੋਟ ਦੀ ਸੁਚੱਜੀ ਵਰਤੋਂ ਬਾਰੇ ਪ੍ਰਣ ਵੀ ਲਿਆ ਜਾਵੇਗਾ ਤੇ ਵੋਟਰ ਜਾਗਰੂਕਤਾ ਲਈ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਮੁੱਖ ਮਹਿਮਾਨ ਵਲੋਂ ਇਸ ਮੌਕੇ ਵੋਟਰ ਸੂਚੀਆਂ ਦੀ ਸੁਧਾਈ, ਵੋਟ ਜਾਗਰੂਕਤਾ ਲਈ ਸ਼ਾਨਦਾਰ ਕੰਮ ਕਰਨ ਵਾਲੇ ਅਧਿਕਾਰੀਆਂ, ਕਰਮਚਾਰੀਆਂ, ਬੀ. ਐਲ.ਓਜ ਦਾ ਪ੍ਰਸ਼ੰਸਾ ਪੱਤਰ ਨਾਲ ਸਨਮਾਨ ਵੀ ਕੀਤਾ ਜਾਵੇਗਾ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਸਲੋਗਨ ਲਿਖਣ ਅਤੇ ਚਿੱਤਰਕਾਰੀ ਗਤੀਵਿਧੀ

**ਸੁਲਤਾਨਪੁਰ ਲੋਧੀ,(ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸੁਲਤਾਨਪੁਰ ਲੋਧੀ ਵਿੱਚ ਪ੍ਰਿੰਸੀਪਲ ਰੇਣੂ ਅਰੋੜਾ ਦੀ ਅਗਵਾਈ ਹੇਠ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 'ਪਰੀਕਸ਼ਾ ਪੇ ਚਰਚਾ', ਜੋ ਕਿ 27 ਜਨਵਰੀ ਨੂੰ ਹੋਣ ਜਾ ਰਹੀ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਦਬਾਅ ਨੂੰ ਦੂਰ ਕਰਨ ਅਤੇ ਇਮਤਿਹਾਨਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੇ ਤਰੀਕੇ ਨੂੰ ਸੰਬੋਧਨ ਕੀਤਾ ਜਾਵੇਗਾ। ਇਸ ਪਹਿਲੂ ਨੂੰ ਮੁੱਖ ਰੱਖ ਕੇ ਸਕੂਲ ਵਿੱਚ ਸਲੋਗਨ ਲਿਖਣ ਅਤੇ ਚਿੱਤਰਕਾਰੀ ਦੀ ਗਤੀਵਿਧੀ ਕਰਵਾਈ ਗਈ, ਜਿੱਥੇ ਵਿਦਿਆਰਥੀਆਂ ਨੇ ਕਲਾਤਮਕ ਪੱਖ ਦੀ ਪ੍ਰਤੀਨਿਧਤਾ ਕੀਤੀ ਅਤੇ ਪ੍ਰੀਖਿਆ ਦੇ ਤਣਾਅ ਨੂੰ ਦੂਰ ਕਰਨ ਦੇ ਤਰੀਕਿਆਂ ਨੂੰ ਪੇਸ਼ ਕੀਤਾ। ਇਸ ਮੌਕੇ ਸਕੂਲ ਮੁਖੀ ਬੀਬੀ ਗੁਰਪ੍ਰੀਤ ਕੌਰ ਮੈਂਬਰ ਐਸ ਜੀ ਪੀ ਸੀ ਅੰਮ੍ਰਿਤਸਰ, ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੀਖਿਆ ਬਿਨਾਂ ਕਿਸੇ ਤਣਾਅ ਅਤੇ ਚਿੰਤਾ ਦੇ ਦੇਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਨ ਕਰ ਸਕਣ। ਇਸ ਕੰਮ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੇ ਮਾਪੇ ਉਨ੍ਹਾਂ ਦੀ ਮਦਦ ਕਰ ਸਕਦੇ ਹਨ। ਇਸ ਮੌਕੇ ਡਾਇਰੈਕਟਰ ਇੰਜਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜਨੀਅਰ ਨਿਮਰਤਾ ਕੌਰ ਵੀ ਹਾਜ਼ਰ ਸਨ।





# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੁੱਮਣਾ ਦੇ ਬੱਚਿਆਂ ਨੂੰ ਐੱਨ ਆਰ ਆਈ ਨੇ ਕੋਟੀਆਂ ਵੰਡੀਆਂ

**ਮੋਰਿੰਡਾ ( ਜੈਜੀ ਸਰਦਾਰ)**- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੁੱਮਣਾ ਵਿਖੇ ਐਨ ਆਰ ਆਈ, ਦਾਨੀ ਸੱਜਣ ਗੁਰਜੀਤ ਸਿੰਘ ਵੱਲੋਂ ਬੱਚਿਆਂ ਨੂੰ ਕੋਟੀਆਂ ਭੇਂਟ ਕੀਤੀਆਂ ਗਈਆਂ। ਇਸ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਇੰਚਾਰਜ ਅਨਿਲ ਕੁਮਾਰ ਨੇ ਦੱਸਿਆ ਕਿ ਪਿੰਡ ਦੁੱਮਣਾ ਦੇ ਐਨ ਆਰ ਆਈ ਗੁਰਜੀਤ ਸਿੰਘ ਦੇ ਪਿਤਾ ਮਹਿੰਦਰ ਸਿੰਘ ਤੇ ਉਨਾ ਦੇ ਪਰਵਾਰਕ ਮੈਂਬਰਾਂ ਵੱਲੋਂ ਸਕੂਲ ਅਤੇ ਆਂਗਣਵਾੜੀ ਦੇ ਬੱਚਿਆਂ ਨੂੰ ਕੋਟੀਆਂ ਦੀ ਵੰਡ ਕੀਤੀ ਗਈ। ਜਿਕਰਯੋਗ ਹੈ ਕਿ ਐਨ ਆਰ ਆਈ ਗੁਰਜੀਤ ਸਿੰਘ ਜੋ ਕਿ ਆਸਟ੍ਰੇਲੀਆ ਵਿੱਚ ਰਹਿੰਦੇ ਹਨ ,ਵੱਲੋਂ ਪਹਿਲਾਂ ਵੀ ਸਕੂਲ ਨੂੰ ਪੇਂਟ ਕਰਵਾਉਣ ਲਈ ਵਿੱਤੀ ਸਹਾਇਤਾ ਕੀਤੀ ਹੈ। ਸਕੂਲ ਦੇ ਅਧਿਆਕਾਂ ਮੈਡਮ ਰੁਚਿਕਾ ਫੁਟੇਲਾ, ਮਨਮੀਤ ਕੌਰ ,ਰਵਨੀਤ ਕੌਰ, ਆਂਗਣਵਾੜੀ ਵਰਕਰ ਭੁਪਿੰਦਰ ਕੌਰ ਤੇ ਸੰਤੋਸ਼ ਰਾਣੀ ਵੱਲੋਂ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ।



# ਬੱਡੋ ਖਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਖੇਡ ਇਨਾਮ ਵੰਡ ਸਮਾਗਮ





**ਮੇਹਟੀਆਣਾ ( ਸਿੰਘ ਭੁੰਗਰਨੀ)**

ਪਿੰਡ ਬੱਡੋ ਦੇ ਖਾਲਸਾ ਕੋ ਐਜੋਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਖੇਡ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਨੇ ਦੱਸਿਆ ਕਿ ਸਾਲਾਨਾ ਖੇਡ ਇਨਾਮ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਸਮਾਜ ਸੇਵਕ ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਡਾਕਟਰ ਪਰਮਿੰਦਰ ਸਿੰਘ, ਅਮਰੀਕ ਸਿੰਘ ਮੇਹਟੀਆਣਾ ਨੇ ਸੰਬੋਧਨ ਕੀਤਾ। ਮੁੱਖ ਮਹਿਮਾਨ, ਡਾਕਟਰ ਅਤੇ ਕ੍ਰਿਸ਼ਨ ਚੰਦ ਭਨੋਟ ਠੱਕਰਵਾਲ ਨੇ ਸਾਂਝੇ ਤੌਰ 'ਤੇ ਅੰਡਰ 19, ਅੰਡਰ 17, ਅੰਡਰ 14 ਦੇ ਕਰੀਬ 54 ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਦੱਸਿਆ ਕਿ ਖਾਲਸਾ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬੱਡੋ ਦੀਆਂ ਤਿੰਨੇ ਟੀਮਾਂ ਨੇ ਖੇਡ ਜਗਤ ਵਿਚ ਮੱਲਾਂ ਮਾਰੀਆਂ ਹਨ ਅਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਹੈ। ਇਸ ਮੌਕੇ ਸਾਬਕਾ ਪ੍ਰਿੰਸੀਪਲ ਜਗਮੋਹਨ ਸਿੰਘ ਡਾਡੀਆ, ਮਹਿੰਦਰ ਸਿੰਘ, ਜਸਵੀਰ ਸਿੰਘ ਪੰਜੋੜਾ, ਗੁਰਦੀਪ ਸਿੰਘ ਥਾਪਾ ਇੰਟਰਨੈਸ਼ਨਲ ਕੋਚ ਭਾਮ, ਇੰਦਰ ਸਿੰਘ ਬਾੜੀਆਂ, ਸਤਨਾਮ ਸਿੰਘ ਕੋਚ ਖਰੈੜ ਅੱਛਰਵਾਲ, ਸੋਢੀ ਰਾਮ ਡਮੇਲੀ, ਅਵਤਾਰ ਸਿੰਘ ਤਾਰੀ ਗੋਬਿੰਦਪੁਰ, ਬਿੱਲੂ ਡਾਡੀਆ, ਮਨਿੰਦਰ ਕੌਰ, ਲਵਪ੍ਰੀਤ ਮਿਨਹਾਸ, ਪਰਮਜੀਤ ਸਿੰਘ ਸਰਹਾਲਾ ਕਲਾਂ, ਵੇਦ ਪ੍ਰਕਾਸ਼ ਪਾਸ਼ਟਾਂ, ਗੁਰਬੰਤ ਸਿੰਘ, ਸੁਨੀਤਾ ਕੁਮਾਰੀ, ਸਿਮਰਨਜੀਤ ਕੌਰ, ਪੂਜਾ ਸ਼ਰਮਾ, ਸੋਢੀ ਰਾਮ ਆਦਿ ਹਾਜਰ ਸਨ।

# ਏ ਡੀ ਸੀ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ





**ਕਪੂਰਥਲਾ, (ਰਵਿੰਦਰ ਸਿੰਘ)**

26 ਜਨਵਰੀ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਹੋਈ,ਜਿਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਵਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਉਨ੍ਹਾਂ ਵੱਲੋਂ ਪਰੇਡ ਦਾ ਮੁਆਇਨਾ ਕਰਨ ਤੋਂ ਬਾਅਦ ਪਰੇਡ ਕਮਾਂਡਰ ਡੀ.ਐੱਸ.ਪੀ. ਮਨਿੰਦਰਪਾਲ ਸਿੰਘ ਦੀ ਕਮਾਂਡ ਹੇਠ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਿਟਾਂ, ਪੰਜਾਬ ਪੁਲਿਸ ਬੈਂਡ ਅਤੇ ਸਕੂਲੀ ਵਿਦਿਆਰਥੀਆਂ ਦੇ ਬੈਂਡ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਸਬਦ ਗਾਇਨ, ਸੰਮੀ, ਗਿੱਧਾ, ਭੰਗੜਾ ਸਮੇਤ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ 26 ਜਨਵਰੀ ਨੂੰ ਕਪੂਰਥਲਾ ਵਿਖੇ ਪੂਰੇ ਉਤਸ਼ਾਹ ਨਾਲ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਸਾਰਿਆਂ ਨੂੰ ਹਦਾਇਤ ਕੀਤੀ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਾਰੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਹਾਜਰੀ ਲਾਜਮੀ ਹੈ ਅਤੇ ਸਾਰੇ ਆਪਣਾ ਫਰਜ ਸਮਝਦੇ ਹੋਏ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ। ਇਸਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਗਣਤੰਤਰ ਦਿਵਸ ਸਮਾਗਮ ਵਿੱਚ ਸਾਮਲ ਹੋ ਕੇ ਰੌਣਕਾਂ ਨੂੰ ਵਧਾਉਣ। ਇਸ ਮੌਕੇ ਐਸ.ਡੀ.ਐਮ ਕਪੂਰਥਲਾ ਲਾਲ ਵਿਸ਼ਵਾਸ ਬੈਂਸ,ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਹਾਜਰ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਸਿੰਥੈਟਿਕ ਡੋਰ ਵੇਚਣ, ਸਟੋਰ ਕਰਨ ਤੇ ਖਰੀਦਣ 'ਤੇ ਮੁਕੰਮਲ ਪਾਬੰਦੀ

**ਹੁਸ਼ਿਆਰਪੁਰ, (ਓ ਪੀ ਰਾਣਾ, ਬੀ ਐਸ ਸੈਣੀ)**–ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਨੇ ਫੌਜਦਾਰੀ ਜਾਬਤਾ ਸੰਘ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਪਤੰਗਾਂ/ਗੁੱਡੀਆਂ ਉਡਾਉਣ ਲਈ ਸਿੰਥੈਟਿਕ ਪਲਾਸਟਿਕ ਦੀ ਬਣੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਖਰੀਦਣ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਧਾਗੇ ਵਾਲੀ ਡੋਰ 'ਤੇ ਇਹ ਹੁਕਮ ਲਾਗੂ ਨਹੀਂ ਹੋਵੇਗਾ। ਇਹ ਪਾਬੰਦੀ 23 ਮਾਰਚ 2023 ਤੱਕ ਲਾਗੂ ਰਹੇਗੀ।

# ਮੁਹੱਲਾ ਕਲੀਨਿਕਾਂ ਦਾ ਸ਼ੁਰੂ ਕਰਨਾ ਨਿੱਜੀਕਰਨ ਵੱਲ ਵਧਦਾ ਕਦਮ : ਰਾਣਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਦਿੱਲੀ ਦੀ ਤਰਜ਼ ਤੇ ਮੁਹੱਲਾ ਕਲੀਨਿਕ ਖੋਲਣ ਦੇ ਕੀਤੇ ਵਾਅਦੇ ਨੂੰ ਤੇਜ਼ੀ ਨਾਲ ਲਾਗੂ ਕਰਨ ਦੀ ਦੌੜ ਲੱਗ ਗਈ ਹੈ। ਇਹ ਮੁਹੱਲਾ ਕਲੀਨਿਕ ਦਾ ਮਤਲਬ ਤਾਂ ਭਾਵੇਂ ਮੁਹੱਲੇ ਮਹੱਲੇ 'ਚ ਕਲੀਨਿਕ ਖੋਲਣਾ ਹੈ, ਪਰ ਮਾਨ ਸਰਕਾਰ ਪਹਿਲਾਂ ਹੀ ਚੱਲ ਰਹੀਆਂ ਪੇਂਡੂ ਡਿਸਪੈਂਸਰੀਆਂ ਤੇ ਰੰਗ ਰੋਗਨ ਵਗੈਰਾ ਤੇ 25-30 ਲੱਖ ਖਰਚ ਕੇ ਮੁਹੱਲਾ ਕਲੀਨਿਕ ਲਿਖ ਦਿੱਤਾ ਜਾਂਦਾ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1680 ਸੈਕਟਰ 22-ਬੀ ਚੰਡੀਗੜ੍ਹ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ,ਚੇਅਰਮੈਨ ਰਣਬੀਰ ਢਿੱਲੋਂ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ,ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ,ਜਨਰਲ ਸਕੱਤਰ ਸੁਰਿੰਦਰ ਪੁਆਰੀ,ਅਡੀ:ਜਨਰਲ ਸਕੱਤਰ ਪਰੇਮ ਚਾਵਲਾ,ਕਰਤਾਰ ਸਿੰਘ ਪਾਲ,ਮੀਤ ਪ੍ਰਧਾਨ ਚੰਦਨ ਸਿੰਘ,ਪਵਨ ਗੁਡਿਆਲ ਨੇ ਕਿਹਾ ਕਿ ਚੰਗੀਆਂ ਸਿਹਤ ਸਹੂਲਤਾਂ ਦੇਣਾਂ ਚੰਗੀ ਗੱਲ ਹੈ,ਪਰ 16 ਸਾਲਾਂ ਤੋਂ ਵੱਧ ਸਮੇਂ ਤੋਂ ਪੇਂਡੂ ਡਿਸਪੈਂਸਰੀਆਂ ਵਿੱਚ ਥੋੜੀਆਂ ਥੋੜੀਆਂ ਤਨਖਾਹਾਂ 'ਤੇ ਸੇਵਾਵਾਂ ਨਿਭਾ ਰਹੇ 24 00 ਦੇ ਕਰੀਬ ਰੂਰਲ ਫਾਰਮੇਸੀ ਅਫਸਰ ਅਤੇ ਦਰਜਾ ਚਾਰ ਮੁਲਾਜਮ ਜੋ ਕ੍ਰਮਵਾਰ ਸਿਰਫ 11000/ਰੁਪਏ ਅਤੇ 6000/ਰਪਏ ਮਹੀਨਾਂ ਤਨਖਾਹਾਂ ਲੈ ਕੇ 30-40 ਕਿਲੋਮੀਟਰ ਦੂਰੀ ਤੱਕ ਡਿਊਟੀਆਂ ਕਰਦੇ ਆ ਰਹੇ ਹਨ,ਉਹਨਾਂ ਬਰਾਬਰ ਕੰਮ ਬਰਾਬਰ ਤਨਖਾਹ ਦੇ ਕੇ ਰੈਗੂਲਰ ਕਿਓਂ ਨਹੀਂ ਕੀਤਾ ਜਾ ਰਿਹਾ,ਡਿਸਪੈਂਸਰੀਆਂ 'ਚ ਸੇਵਾਵਾਂ ਨਿਭਾਅ ਰਹੇ ਡਾਕਟਰਾਂ ਨੂੰ ਸਿਹਤ ਵਿਭਾਗ ਵਿੱਚੋਂ ਡੈਪੂਟੇਸ਼ਨ 'ਤੇ ਲਿਆ ਕੇ ਮੁਹੱਲਾ ਕਲੀਨਕਾਂ 'ਚ ਤਾਇਨਾਤ ਕਰਨ ਦਾ ਮਤਲਬ 540 ਡਿਸਪੈਂਸਰੀਆਂ ਡਾਕਟਰਾਂ ਤੋਂ ਵਾਂਝੀਆਂ ਹੋ ਜਾਣਗੀਆਂ,ਫਾਰਮਾਸਿਸਟਾਂ ਅਤੇ ਦਰਜਾ ਚਾਰ ਮੁਲਾਜਮਾਂ ਨੂੰ ਵੀ ਇਹਨਾਂ ਮੁਹੱਲਾ ਕਲੀਨਿਕਾਂ ਵਿੱਚ ਕੱਚੇ ਤੌਰ 'ਤੇ ਹੀ ਤੁੱਛ ਤਨਖਾਹਾਂ 'ਤੇ ਹੀ ਤਬਦੀਲੀ ਕੀਤਾ ਜਾ ਰਿਹਾ ਹੈ। ਭਗਵੰਤ ਮਾਨ ਸਰਕਾਰ ਇਹ ਜਰੂਰ ਦੱਸੇ ਕਿ ਇਹਨਾਂ ਮੁਹੱਲਾਂ ਕਲੀਨਿਕਾਂ 'ਚ ਤਬਦੀਲ ਕਰਨ ਵਾਲਾ ਸਟਾਫ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਨਾਲ ਤਬਦੀਲ ਕਿਓਂ ਨਹੀਂ ਕੀਤਾ ਜਾ ਸਕਦਾ।?ਇਸ ਨੀਤੀ ਤਹਿਤ ਪੈਂਡੂ ਡਿਸਪੈਂਸਰੀ ਵਿੱਚ ਸਿਰਫ ਇੱਕ ਨਰਸ ਹੀ ਡਿਊਟੀ ਰਹਿ ਜਾਵੇਗੀ। ਇਹਨਾਂ ਡਿਸਪੈਂਸਰੀਆਂ 'ਚ ਲੋੜੀਂਦਾ ਰੈਗੂਲਰ ਸਟਾਫ ਕਦੋਂ ਭਰਤੀ ਕੀਤਾ ਜਾਵੇਗਾ। 16 ਸਾਲ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੀਆਂ ਪੇਂਡੂ ਸਰਕਾਰੀ ਡਿਸਪੈਂਸਰੀਆਂ ਜੋ ਕਰੀਬ 6000 ਪਿੰਡਾਂ ਦੇ ਲੱਖਾਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ, ਦਾ ਭੋਗ ਪਾ ਕੇ 27 ਜਨਵਰੀ ਤੱਕ 500 ਮੁਹੱਲਾ ਕਲੀਨਕਾਂ ਦਾ ਸ਼ੁਰੂ ਕਰਨਾ ਨਿੱਜੀਕਰਨ ਵੱਲ ਵਧਦਾ ਕਦਮ ਹੈ। ਪੇਂਡੂ ਡਿਸਪੈਂਸਰੀਆਂ ਵਿੱਚ ਹੀ ਸਿਹਤ ਸਹੂਲਤਾਂ ਦੇ ਸੁਧਾਰਾਂ ਲਈ,ਬਿਲਡਿੰਗ ਦੀ ਮੁਰੰਮਤ,ਚੰਗੇ ਬਾਥਰੂਮ ਆਦਿ ਲੋੜੀਂਦੇ ਰੈਗੂਲਰ ਸਟਾਫ,ਵੱਖੋ ਵੱਖ ਬੀਮਾਰੀਆਂ ਦੇ ਮਾਹਰ ਡਾਕਟਰਾਂ ਦੀ ਭਰਤੀ,ਕੱਚੇ ਮੁਲਾਜਮ ਪੱਕੇ ਕਰਕੇ,ਲੋੜੀਂਦੀਆਂ ਮਸ਼ੀਨਾਂ ਦੀ ਘਾਟ ਦੂਰ ਕਰਕੇ ਅਤੇ ਮੁਫਤ ਦਵਾਈਆਂ ਦੇ ਕੇ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। " ਐਧਰੋਂ ਚੁੱਕ ਕੇ ਓਧਰ ਧਰ " ਨੀਤੀ ਸਿਵਾਏ ਇਸ਼ਤਿਹਾਰ ਫਜ਼ੂਲ ਖਰਚੀ ਅਤੇ ਜੁਮਲੇ ਤੋਂ ਵੱਧ ਕੁੱਝ ਨਹੀਂ ਹੋਵੇਗੀ। ਆਗੂਆਂ ਵੱਲੋਂ ਸਿਵਲ ਹਸਪਤਾਲਾਂ ਦੇ ਮੁਲਾਜਮਾਂ/ਸਫਾਈ ਸੇਵਕਾਂ/ਠੇਕਾ ਕਰਮੀਆਂ ਦੀਆਂ ਤਨਖਾਹਾਂ/ਆਦਿ ਖਰਚਿਆਂ ਦਾ ਅਗਾਊਂ ਪ੍ਰਬੰਧ ਕਰਨ ਤੋਂ ਯੂਜਰ ਚਾਰਜ ਫੰਡਾਂ ਨੂੰ 100% ਸਰਕਾਰੀ ਖਜ਼ਾਨੇ ਚ ਜਮ੍ਹਾਂ ਕਰਨ ਦੇ ਆਦੇਸ਼ਾਂ ਦੀ ਸਖ਼ਤ ਨਿੰਦਾ ਕੀਤੀ।



# ਬਿਰਧ ਆਸ਼ਰਮ ਲਈ ਦਾਨੀ ਪਰਵਾਰ ਵੱਲੋਂ ਵਿੱਤੀ ਮਦਦ

**ਅੱਡਾ ਸਰਾਂ (ਕਾਜਲ)**- ਪ੍ਰਵਾਸੀ ਭਾਰਤੀ ਸਮਾਜ ਸੇਵਕ ਜਵਾਹਰ ਸਿੰਘ ਪੱਡਾ ਕੈਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਖੇ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸਰਮ ਲਈ ਦਾਨੀ ਪਰਵਾਰ ਨੇ 21 ਹਜ਼ਾਰ ਰੁਪਏ ਦੀ ਵਿੱਤੀ ਮਦਦ ਤੇ ਰਾਸ਼ਨ ਸਮੱਗਰੀ ਭੇਟ ਕੀਤੀ ਹੈ। ਰਜਿੰਦਰਾ ਮੈਡੀਕਲ ਸਟੋਰ ਟਾਂਡਾ ਦੇ ਮਾਲਕ ਚਰਨ ਸਿੰਘ ਨੇ ਇਹ ਸਹਾਇਤਾ ਭੇਟ ਕਰਦਿਆਂ ਪੱਡਾ ਪਰਵਾਰ ਦੇ ਸਮਾਜ ਸੇਵੀ ਮਿਸ਼ਨ ਦੀ ਸਲਾਘਾ ਕੀਤੀ ਅਤੇ ਭਵਿੱਖ ਵਿਚ ਵੀ ਆਸ਼ਰਮ ਨੂੰ ਮਦਦ ਦਾ ਭਰੋਸਾ ਦਿੱਤਾ। ਦਾਨੀ ਪਰਵਾਰ ਦਾ ਸੰਚਾਲਕ ਹਰਵਿੰਦਰ ਸਿੰਘ ਨੇ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਆਖਿਆ ਕਿ ਬੇਸਹਾਰਿਆਂ ਲਈ ਸ਼ੁਰੂ ਇਸ ਸੇਵਾ ਮਿਸ਼ਨ ਲਈ ਲੋਕ ਵੀ ਆਪਣਾ ਸਮਾਜਿਕ ਸਰੋਕਾਰ ਨਿਭਾਅ ਰਹੇ ਹਨ, ਜਿਸ ਦੇ ਚਲਦੇ ਲੋਕਾਂ ਦੇ ਸਾਥ ਨਾਲ ਆਸ਼ਰਮ ਵਿਚ ਰਹਿੰਦੇ ਬੇਸਹਾਰਿਆਂ ਲਈ ਘਰ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਮੇਜਰ ਸਿੰਘ, ਪੱਪੂ, ਆਤਮਾ ਰਾਮ, ਭੋਲੂ, ਲਾਡੀ, ਆਤਮਜੀਤ ਸਿੰਘ, ਵਿਨੋਦ ਕੁਮਾਰ, ਬਲਵੀਰ, ਵਿਸ਼ਰਾਮ, ਸੁੱਚਾ ਸਿੰਘ, ਮਹਿੰਦਰ ਸਿੰਘ, ਮਨੋਹਰ ਲਾਲ, ਬਲਜੀਤ ਕੌਰ, ਸੀਮਾ ਦੇਵੀ, ਮਨਜੀਤ ਕੌਰ, ਲਕਸ਼ਮੀ, ਰਤਨ ਕੌਰ, ਗੁੱਡੀ ਪਾਂਡੇ, ਅਵਤਾਰ ਕੌਰ, ਜੋਤੀ, ਸਪਨਾ, ਨੀਰੂ ਆਦਿ ਮੌਜੂਦ ਸਨ।

# ਕਰਮਜੀਤ ਕੌਰ ਨੇ ਸੰਭਾਲਿਆ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਦਾ ਅਹੁਦਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਦੇ ਲਗਾਏ ਗਏ ਚੇਅਰਪਰਸਨ ਕਰਮਜੀਤ ਕੌਰ ਨੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ, ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵੱਖ-ਵੱਖ ਵਿਧਾਇਕਾਂ ਅਤੇ ਪਤਵੰਤਿਆਂ ਦੀ ਹਾਜ਼ਰੀ ਵਿਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਬਣੇ ਆਪਣੇ ਦਫ਼ਤਰ ਵਿਖੇ ਅਹੁਦਾ ਸੰਭਾਲ ਲਿਆ। ਇਸ ਮੌਕੇ ਨਵ-ਨਿਯੁਕਤ ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਕਰਮਜੀਤ ਕੌਰ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਐਮ.ਪੀ. ਸੰਦੀਪ ਪਾਠਕ, ਐਮ.ਪੀ ਰਾਘਵ ਚੱਢਾ, ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਅਤੇ ਸੰਗਠਨ ਦੇ ਹੋਰ ਅਹੁਦੇਦਾਰਾਂ ਵਲੋਂ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਦਰਸ਼ੀ ਤਰੀਕੇ ਨਾਲ ਵਿਕਾਸ ਦੇ ਕੰਮ ਕਰਵਾਉਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਹਿਲ ਜ਼ਿਲ੍ਹੇ ਦੇ ਵਿਕਾਸ ਕੰਮਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਕੈਬਨਿਟ ਮੰਤਰੀ ਉਨ੍ਹਾਂ ਦੇ ਜ਼ਿਲ੍ਹੇ ਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਲੋਕਾਂ ਦੇ ਸੇਵਕ ਬਣ ਕੇ ਕੰਮ ਕੀਤੇ ਜਾਣਗੇ। ਇਸ ਮੌਕੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਅਤੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਨਵਨਿਯੁਕਤ ਚੇਅਰਪਰਸਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਆਪਣੇ ਵਰਕਰਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਰਮਜੀਤ ਕੌਰ ਇਕ ਬਿਹਤਰੀਨ ਸੰਗਠਨ ਕਰਤਾ ਦੇ ਨਾਲ-ਨਾਲ ਸਮਾਜਿਕ ਤੌਰ 'ਤੇ ਵੀ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ ਅਤੇ ਚੇਅਰਪਰਸਨ ਜ਼ਿਲ੍ਹਾ ਯੋਜਨਾਂ ਕਮੇਟੀ ਦੇ ਅਹੁਦੇ ਲਈ ਉਨ੍ਹਾਂ ਨੂੰ ਚੁਣਨਾ ਪਾਰਟੀ ਦੀ ਦੂਰਦਰਸ਼ੀ ਸੋਚ ਹੈ। ਇਸ ਮੌਕੇ ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ, ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਨੇ ਵੀ ਨਵਨਿਯੁਕਤ ਚੇਅਰਪਰਸਨ ਨੂੰ ਵਧਾਈ ਦਿੱਤੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਇੰਚਾਰਜ ਮੁਕੇਰੀਆਂ ਜੀ.ਐਸ. ਮੁਲਤਾਨੀ, ਇੰਚਾਰਜ ਚੱਬੇਵਾਲ ਹਰਮਿੰਦਰ ਸਿੰਘ ਸੰਧੂ, ਲੋਕ ਸਭਾ ਇਚਾਰਜ ਹਰਮਿੰਦਰ ਸਿੰਘ ਬਖਸ਼ੀ, ਮੋਹਨ ਲਾਲ ਚਿੱਤੋਂ, ਸੰਯੁਕਤ ਸਕੱਤਰ ਪੰਜਾਬ ਸਤਵੰਤ ਸਿੰਘ ਸਿਆਣ, ਸੰਦੀਪ ਸੈਣੀ, ਜਸਪਾਲ ਸਿੰਘ ਚੇਚੀ, ਰਾਜੇਸ਼ ਜਸਵਾਲ, ਚੌਧਰੀ ਕਮਲ ਧੂਤ, ਮੋਹਨ ਲਾਲ ਪਹਿਲਵਾਨ, ਤਰੁਣ ਗੁਪਤਾ, ਰਾਜਾ ਚੌਧਰੀ, ਅਜੇ ਵਰਮਾ, ਅਜੇ ਸੈਣੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

